ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 78 | 5 to 11 July, 2023 | Ph.: (510) 240-5949 | Email: asrtimes@gmail.com

# ਯੂਨੀ.ਫਾਰਮ ਸਿਵਲ ਕੋਡ

## ਲੋਕ ਸਭਾ ਚੋਣਾਂ ਲਈ ਭਾਜਪਾ ਦਾ 'ਸਿਆਸੀ ਸਟੰਟ' ਜਾਂ ...

## ਭਾਜਪਾ ਦੇ ਮੁੱਖ ਤਿੰਨ ਏਜੰਡਿਆਂ 'ਚ ਸ਼ਾਮਲ ਹੈ ਯੂ.ਸੀ.ਸੀ.








ਪਟਿਆਲਾ/ਏ.ਟੀ.ਨਿਊਜ਼: ਭਾਰਤ ਵਿੱਚ ਲੋਕ ਸਭਾ ਚੋਣਾਂ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਹੋਣ ਵਾਲੀਆਂ ਹਨ ਤੇ ਇਸ ਸਮੇਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਵਿਰੋਧੀ ਧਿਰ ਦੇ ਵਿਚਾਲੇ ਸਭ ਤੋਂ ਵੱਡਾ ਝਗੜਾ -ਯੂਨੀ.ਫਾਰਮ ਸਿਵਲ ਕੋਡ' ਅਰਥਾਤ ਯੂ. ਸੀ. ਸੀ. ਨੂੰ ਲਾਗੂ ਕਰਨ ਲਈ ਹੋ ਰਿਹਾ ਹੈ। ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਹਨਾਂ ਦੀ ਪਾਰਟੀ ਯੂ. ਸੀ. ਸੀ. ਲਈ ਮਜਬੂਤ ਪਿੱਚ ਬਣਾ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਹ ਬਰਾਬਰੀ ਤੇ ਨਿਆਂ ਲਿਆਏਗਾ, ਉਥੇ ਵਿਰੋਧੀ ਪਾਰਟੀਆਂ ਇਹ ਕਹਿ ਕੇ ਵਿਰੋਧ ਕਰ ਰਹੀਆਂ ਨੇ ਇਹ ਕਾਨੂੰਨ ਧਾਰਮਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਉਲੰਘਣਾ ਕਰੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਸਰਕਾਰ ਸੰਸਦ ਦੇ ਆਗਾਮੀ ਮਾਨਸੂਨ ਸ਼ੈਸ਼ਨ ਦੌਰਾਨ ਯੂ. ਸੀ. ਸੀ. ਨੂੰ ਲਾਗੂ ਕਰਨ ਦਾ ਪ੍ਰਸਤਾਵ ਪੇਸ਼ ਕਰ ਸਕਦੀ ਹੈ। ਜੇਕਰ ਇਹ ਪੇਸ਼ ਹੋ ਜਾਂਦਾ ਹੈ ਤਾਂ ਬਿਲ ਸੰਸਦ ਦੀ ਸਥਾਈ ਕਮੇਟੀ ਕੋਲ ਭੇਜੇ ਜਾਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਯੂਨੀਫਾਰਮ ਸਿਵਲ ਕੋਡ ਨੂੰ ਭਾਜਪਾ ਦੇ ਮੁੱਖ ਤਿੰਨ ਏਜੰਡਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਸਭ ਤੋਂ ਪਹਿਲਾਂ ਜੰਮੂ-ਕਸ਼ਮੀਰ ਤੋਂ ਧਾਰਾ-370 ਨੂੰ ਹਟਾਉਣਾ ਸੀ। ਦੂਜਾ, ਰਾਮ ਮੰਦਰ ਅਯੁੱਧਿਆ ਵਿੱਚ ਬਣਨਾ ਸੀ। ਇਨ੍ਹਾਂ ਦੋਵਾਂ ਏਜੰਡਿਆਂ ਦਾ ਕੰਮ ਖਤਮ ਕਰਨ ਤੋਂ ਬਾਅਦ ਭਾਜਪਾ ਹੁਣ ਯੂ.ਸੀ.ਸੀ. ਨੂੰ ਲਾਗੂ ਕਰਨ ਦੇ ਯਤਨ ਕਰ ਰਹੀ ਹੈ।

ਵਿਰੋਧੀ ਪਾਰਟੀਆਂ ਦਾ ਪੱਖ: ਵਿਰੋਧੀ ਪਾਰਟੀਆਂ ਨੂੰ ਡਰ ਹੈ ਕਿ ਸੱਤਾਧਾਰੀ ਭਾਜਪਾ ਦੇਸ਼ 'ਤੇ ਹਿੰਦੂ ਬਹੁਗਿਣਤੀਵਾਦ ਨੂੰ ਥੋਪਣ ਦੇ ਲਈ ਯੂ ਸੀ ਸੀ ਦੀ ਵਰਤੋ ਕਰੇਗੀ। ਕਾਂਗਰਸ,ਤ੍ਰਿਮੂਲ ਕਾਂਗਰਸ, ਜਨਤਾ ਦਲ (ਯੂ), ਆਰ ਜੇ ਡੀ, ਸਪਾ, ਸੀ ਪੀ ਆਈ, ਸੀ ਪੀ ਆਈ (ਐਮ) ਵਰਗੀਆਂ ਪਾਰਟੀਆਂ ਨੇ ਮੋਦੀ ਤੇ ਅਗਲੇ (ਬਾਕੀ ਸਫ਼ਾ 29 'ਤੇ)




ਭਾਰਤੀ ਸੰਵਿਧਾਨ ਵਿੱਚ ਸਾਰੇ ਨਾਗਰਿਕਾਂ ਲਈ ਇੱਕ ਸਿਵਲ ਕੋਡ ਲਾਗੂ ਕਰਨ ਵਾਲਾ ਕੋਈ ਖਾਸ ਪ੍ਰਬੰਧ ਨਹੀਂ ਹੈ। ਹਾਲਾਕਿ ਧਾਰਾ 44 ਵਿੱਚ ਇੱਕ ਯੂਨੀ.ਫਰਮ ਸਿਵਲ ਕੋਡ ਦੇ ਵਿਚਾਰ ਦਾ ਜ਼ਿਕਰ ਹੈ, ਜੋ ਕਿ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾ ਵਿਚੋਂ ਇੱਕ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 44 ਵਿੱਚ ਕਿਹਾ ਗਿਆ ਹੈ ਕਿ ਰਾਜ ਭਾਰਤ ਦੇ ਸਾਰੇ ਖੇਤਰਾਂ ਵਿੱਚ ਨਾਗਰਿਕਾਂ ਲਈ ਇਕ ਸਮਾਨ ਸਿਵਲ ਕੋਡ ਸੁਰਖਿਅਕ ਕਰਨ ਦਾ ਯਤਨ ਕਰੇਗਾ।

## ਕੀ ਹੈ ਯੂਨੀ.ਫਾਰਮ ਸਿਵਲ ਕੋਡ?

ਯੂਨੀ.ਫਾਰਮ ਸਿਵਲ ਕੋਡ ਭਾਰਤ ਵਿੱਚ ਇਕ ਪ੍ਰਸਤਾਵ ਹੈ, ਜਿਸ ਦਾ ਉਦੇਸ਼ ਨਿੱਜੀ ਕਾਨੂੰਨਾਂ ਦਾ ਇਕ ਸਮੂਹ ਸਥਾਪਿਤ ਕਰਨਾ ਹੈ, ਜੋ ਸਾਰੇ ਨਾਗਰਿਕਾਂ 'ਤੇ ਉਹਨਾਂ ਦੇ ਧਰਮ, ਲਿੰਗ ਜਾਂ ਜਿਨਸੀ ਰੁਝਾਨ ਦੀ ਪਰਵਾਹ ਕੀਤੇ ਬਿਨਾਂ ਲਾਗੂ ਹੋਵੇਗਾ। ਭਾਵੇਂ ਵਰਤਮਾਨ ਸਮੇਂ ਵਿੱਚ ਵੱਖ- ਵੱਖ ਭਾਈਚਾਰਿਆਂ ਨੂੰ ਕੰਟਰੋਲ ਕਰਨ ਵਾਲੇ ਨਿੱਜੀ ਕਾਨੂੰਨ ਉਹਨਾਂ ਦੇ ਧਾਰਮਿਕ ਗ੍ਰੰਥਾਂ 'ਤੇ ਆਧਾਰਿਤ ਹਨ। ਜਿਵੇਂ ਹਿੰਦੂਆਂ ਨੂੰ ਹਿੰਦੂ ਮੈਰਿਜ ਐਕਟ 1955 ਦੁਆਰਾ ਕੰਟਰੋਲ ਕੀਤਾ ਜਾਂਦਾ ਹੈ ਜਦੋਂਕਿ ਮੁਸਲਮਾਲਾਂ ਨੂੰ ਮੁਸਲਿਮ ਪਰਸਨਲ ਲਾਅ ਯਾਨੀ ਸ਼ਰੀਅਤ, ਐਪਲੀਕੇਸ਼ਨ ਐਕਟ 1937 ਦੁਆਰਾ (ਬਾਕੀ ਸਫ਼ਾ 29 'ਤੇ)

## ਯੂਨੀ.ਫਾਰਮ ਸਿਵਲ ਕੋਡ ਸਬੰਧੀ ਪ੍ਰਧਾਨ ਮੰਤਰੀ ਦਾ ਪੱਖ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨਕ ਵਿਵਸਥਾ ਦਾ ਹਵਾਲਾ ਦਿੰਦੇ ਹੋਏ ਇੱਕ ਯੂਨੀ.ਫਾਰਮ ਸਿਵਲ ਕੋਡ ਦੀ ਮਹੱਤਤਾ 'ਤੇ ਜੋਰ ਦਿੰਦਿਆ ਕਿਹਾ ਹੈ ਕਿ ਇਹ ਸਾਰੇ ਨਾਗਰਿਕਾਂ ਲਈ ਬਰਾਬਰ ਅਧਿਕਾਰਾਂ ਨੂੰ ਬਰਕਰਾਰ ਰਖੇਗਾ। ਉਹਨਾਂ ਨੇ ਚਿੰਤਾ ਵੀ ਜਾਹਿਰ ਕੀਤੀ ਹੈ ਕਿ ਵਿਰੋਧੀ ਧਿਰ ਯੂ ਸੀ ਸੀ ਦੇ ਮੁੱਦੇ ਨੂੰ ਗੁੰਮਰਾਹ ਕਰਨ ਅਤੇ ਮੁਸਲਿਮ ਭਾਈਚਾਰੇ ਅੰਦਰ ਤਨਾਓ ਭੜਕਾਉਣ ਲਈ ਵਰਤ ਰਹੀ ਹੈ।

ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ *"ਭਲਾ ਇੱਕ ਘਰ ਵਿੱਚ ਇੱਕ ਮੈਂਬਰ ਲਈ ਇੱਕ ਕਾਨੂੰਨ ਅਤੇ ਦੂਜੇ ਮੈਂਬਰ ਲਈ ਦੂਜਾ ਕਾਨੂੰਨ ਕਿਵੇਂ ਹੋ ਸਕਦਾ ਹੈ? ਕੀ ਉਹ ਘਰ ਚਲ ਸਕੇਗਾ? ਫਿਰ ਅਜਿਹੀ ਦੋਹਰੀ ਪ੍ਰਣਾਲੀ ਨਾਲ ਦੇਸ਼ ਕਿਵੇਂ ਚੱਲ ਸਕਦਾ ਹੈ?"*

## ਯੂਨੀ.ਫਾਰਮ ਸਿਵਲ ਕੋਡ ਦਾ ਸਿੱਖ ਧਰਮ 'ਤੇ ਕੀ ਹੋਵੇਗਾ ਅਸਰ

### ਘੱਟ ਗਿਣਤੀਆਂ ਦੀਆਂ ਪਰੰਪਰਾਵਾਂ ਅਤੇ ਸੱਭਿਆਚਾਰ ਦਾ ਹੋਵੇਗਾ ਨੁਕਸਾਨ: ਧਾਮੀ

ਜੇਕਰ ਯੂਨੀ.ਫਾਰਮ ਸਿਵਲ ਕੋਡ ਲਾਗੂ ਹੁੰਦਾ ਹੈ ਤਾਂ ਇਸ ਦਾ ਅਸਰ ਸਿੱਖ ਧਰਮ 'ਤੇ ਵੀ ਪਵੇਗਾ। ਦੂਜੇ ਧਰਮਾਂ ਵਾਂਗ ਸਿੱਖਾਂ ਦੇ ਵੀ ਵਿਆਹਾਂ ਸਬੰਧੀ ਵੱਖੋ-ਵੱਖਰੇ ਕਾਨੂੰਨ ਹਨ, ਜਿਸ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਧਰਮ ਵਿੱਚ ਵਿਆਹ ਆਨੰਦ ਮੈਰਿਜ ਐਕਟ 2009 ਤਹਿਤ ਕੀਤੇ ਜਾਂਦੇ ਹਨ। ਹਾਲਾਂ ਕਿ ਇਸ ਐਕਟ ਵਿੱਚ ਤਲਾਕ ਸਬੰਧੀ ਕੋਈ ਨਿਯਮ ਨਹੀਂ ਹਨ। ਇਹੀ ਕਾਰਨ ਹੈ ਕਿ ਸਿੱਖਾਂ ਵਿੱਚ ਤਲਾਕ ਲਈ ਵੀ ਉਹੀ ਪ੍ਰਕਿਰਿਆ ਅਪਣਾਈ ਜਾਂਦੀ ਹੈ ਜਿਵੇਂ ਹਿੰਦੂਆਂ ਵਿੱਚ ਅਪਣਾਈ ਜਾਂਦੀ ਹੈ। ਤਲਾਕ ਦੀ ਪ੍ਰਕਿਰਿਆ ਹਿੰਦੂ ਮੈਰਿਜ ਐਕਟ ਦੇ ਨਿਯਮਾਂ ਰਾਹੀਂ ਹੁੰਦੀ ਹੈ, ਪਰ ਜੇਕਰ ਯੂ.ਸੀ.ਸੀ. ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਧਰਮ ਵਿੱਚ ਵੀ ਕਈ ਬਦਲਾਅ ਹੋਣਗੇ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਘੱਟ ਗਿਣਤੀਆਂ ਦੀਆਂ ਪਰੰਪਰਾਵਾਂ, ਸੱਭਿਆਚਾਰ ਅਤੇ ਵਿਲੱਖਣ ਪਛਾਣ ਦੇ ਸੰਭਾਵੀ ਨੁਕਸਾਨ ਦੀ ਚਿੰਤਾ ਦਾ ਹਵਾਲਾ ਦਿੰਦੇ ਹੋਏ ਯੂਨੀਫਾਰਮ ਸਿਵਲ ਕੋਡ ਦਾ ਵਿਰੋਧ ਕੀਤਾ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਹਾ ਗਿਆ ਸੀ ਕਿ ਯੂ.ਸੀ.ਸੀ. ਨੂੰ ਦੇਸ਼ ਭਰ ਵਿੱਚ ਲਾਗੂ ਕਰਨ ਨਾਲ ਘੱਟ ਗਿਣਤੀ ਅਤੇ ਆਦਿਵਾਸੀ ਭਾਈਚਾਰਿਆਂ 'ਤੇ ਮਾੜਾ ਅਸਰ ਪਵੇਗਾ।

ਸ੍ਰ. ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਦਾ ਖੁੱਲ੍ਹ ਕੇ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਖਾਲਸੇ ਦੀ (ਬਾਕੀ ਸਫ਼ਾ 29 'ਤੇ)

## ਵਿਸ਼ਵ ਦੇ ਕਈ ਦੇਸ਼ਾਂ 'ਚ ਲਾਗੂ ਹੈ ਯੂ.ਸੀ.ਸੀ.

ਜੇਕਰ ਦੁਨੀਆਂ ਵਿੱਚ ਯੂਨੀਫਾਰਮ ਸਿਵਲ ਕੋਡ ਦੀ ਗੱਲ ਕਰੀਏ ਤਾਂ ਕਈ ਦੇਸ਼ ਅਜਿਹੇ ਹਨ ਜਿੱਥੇ ਇਹ ਲਾਗੂ ਹੈ। ਇਸ ਸੂਚੀ ਵਿੱਚ ਅਮਰੀਕਾ, ਆਇਰਲੈਂਡ, ਪਾਕਿਸਤਾਨ, ਬੰਗਲਾਦੇਸ਼, ਮਲੇਸ਼ੀਆ, ਤੁਰਕੀ, ਇੰਡੋਨੇਸ਼ੀਆ, ਸੂਡਾਨ, ਮਿਸਰ ਵਰਗੇ ਦੇਸ਼ਾਂ ਦੇ ਨਾਂ ਸ਼ਾਮਲ ਹਨ। ਯੂਰਪ ਵਿੱਚ ਬਹੁਤ ਸਾਰੇ ਦੇਸ਼ ਹਨ ਜੋ ਇੱਕ ਧਰਮ ਨਿਰਪੱਖ ਕਾਨੂੰਨ ਦੀ ਪਾਲਣਾ ਕਰਦੇ ਹਨ, ਜਦੋਂ ਕਿ ਇਸਲਾਮੀ ਦੇਸ਼ ਸ਼ਰੀਆ ਕਾਨੂੰਨ ਦੀ ਪਾਲਣਾ ਕਰਦੇ ਹਨ।

# ਕੈਲੀ.ਫੋਰਨੀਆਂ ਦੇ ਸਿੱਖਾਂ ਨੇ ਜਾਤ ਵਿਰੋਧੀ ਬਿੱਲ ਦੀ ਕੀਤੀ ਹਮਾਇਤ







ਫਰੀਮਾਂਟ/ਏ.ਟੀ.ਨਿਊਜ਼: ਇਹਨਾਂ ਦਿਨਾਂ ਵਿੱਚ ਕੈਲੀਫੋਰਨੀਆ 'ਚ ਇੱਕ ਬਿੱਲ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ । ਜਿਸ ਵਿੱਚ ਜਾਤ ਨੂੰ ਲੈ ਕੇ ਕੋਈ ਕਿਸੇ ਨਾਲ ਵਿਤਕਰਾ ਨਹੀਂ ਕਰ ਸਕਦਾ। ਯਾਦ ਰਹੇ, ਇੱਥੋਂ ਦੀਆਂ ਕੰਪਿਊਟਰ ਅਤੇ ਆਈ ਟੀ ਕੰਪਨੀਆਂ ਵਿੱਚ ਭਾਰਤ ਉੱਚ ਜਾਤੀ ਖ਼ਾਸ ਕਰ ਬ੍ਰਾਹਮਣ ਵੱਲੋਂ ਨੀਵੇਂ ਸਮਝੀਆਂ ਜਾਤੀਆਂ ਖ਼ਾਸ ਕਰ ਦਲਿਤ ਭਾਈਚਾਰੇ ਨਾਲ ਵਿਤਕਰੇ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਸ ਮਸਲੇ ਨੂੰ ਲੈ ਕੇ ਰਾਜ ਦੀ ਸੈਨੇਟਰ ਆਈਸ਼ਾ ਵਹਾਬ ਨੇ ਇੱਕ ਬਿੱਲ ਪੇਸ਼ ਕੀਤਾ ਜਿਸ ਨਾਲ ਨੌਕਰੀਆਂ ਵਗੈਰਾ ਵਿੱਚ ਇਹ ਵਿਤਕਰਾ ਕਰਨ ਵਾਲੇ ਨੂੰ ਸਜ਼ਾ ਮਿਲ ਸਕੇਗੀ। ਸੈਨੇਟ ਵਿੱਚ ਇਹ ਬਿੱਲ 34-1 ਵੋਟਾਂ ਨਾਲ ਪਾਸ ਹੋ ਗਿਆ ਸੀ ਅਤੇ ਹੁਣ ਇਸ ਬਿੱਲ ਨੇ ਅਸੈਂਬਲੀ ਵਿੱਚ ਜਾਣਾ ਹੈ। ਉਸ ਤੋਂ ਪਹਿਲਾਂ ਭਾਰਤੀਆਂ ਵਿੱਚ ਖਿੱਚੋਤਾਣ ਵਧੀ ਹੋਈ ਹੈ, ਬ੍ਰਾਹਮਣ ਇਸ ਬਿੱਲ ਦੇ ਵਿਰੋਧੀ ਹਨ ਅਤੇ ਦਲਿਤ ਭਾਈਚਾਰੇ ਨੇ ਇਸ ਨੂੰ ਪਾਸ ਕਰਾਉਣ ਲਈ ਪੂਰੀ ਕੋਸ਼ਿਸ਼ ਕੀਤੀ ਹੋਈ ਹੈ।ਸਿੱਖ ਵੀ ਇਸ ਬਿੱਲ ਨੂੰ ਪਾਸ ਕਰਾਉਣ ਲਈ ਦਲਿਤ ਅਤੇ ਭਾਰਤ ਦੀਆਂ ਹੋਰ ਘੱਟ-ਗਿਣਤੀਆਂ ਨਾਲ ਖੜ੍ਹ ਗਏ ਹਨ। ਕੈਲੀਫੋਰਨੀਆਂ ਦੇ ਤਕਰੀਬਨ ਸਾਰੇ ਵੱਡੇ ਗੁਰਦੁਆਰੇ ਅਤੇ ਸੰਸਥਾਵਾਂ ਇਸ ਬਿੱਲ ਦੀ ਹਮਾਇਤ 'ਤੇ ਉੱਤਰ ਆਈਆਂ ਹਨ। ਜਕਾਰਾ ਦੇ ਭਾਈ ਨੈਨਦੀਪ ਸਿੰਘ ਨੇ ਕਿਹਾ ਕਿ ਸਿੱਖ ਸਿਧਾਂਤ ਦੀ ਨਜ਼ਰ ਵਿੱਚ ਅਸੀਂ ਜਾਤੀ ਵਿਤਕਰਾ ਕਰਨ ਵਾਲੀ ਕੌਮ ਨਾਲ ਨਹੀਂ ਖੜ੍ਹ ਸਕਦੇ। ਉਹਨਾਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਕੁੱਝ ਲੋਕਾਂ ਨੇ ਯੂਬਾ ਸਿਟੀ ਦੇ ਕੁੱਝ ਗੁਰਦੁਆਰਿਆਂ ਨੂੰ ਗੁੰਮਰਾਹ ਕਰਕੇ ਇਸ ਬਿੱਲ ਦੀ ਵਿਰੋਧਤਾ ਕਰਵਾ ਦਿੱਤੀ ਸੀ ਅਤੇ ਦੁਨੀਆਂ ਵਿੱਚ ਖ਼ਬਰਾਂ ਲੁਆ ਦਿੱਤੀਆਂ ਕਿ ਸਿੱਖ ਬਿੱਲ ਦਾ ਵਿਰੋਧ ਕਰ ਰਹੇ ਹਨ ਪਰ ਅੱਜ ਸਾਰੇ ਗੁਰਦੁਆਰਿਆਂ ਨੇ ਇਕੱਠੇ ਹੋ ਕੇ ਇਸ ਬਿੱਲ ਦੀ ਹਮਾਇਤ ਕਰਨ ਦਾ ਫੈਸਲਾ ਲਿਆ ਹੈ।

## ਯੂਨੀਵਰਸਲ ਸਿਵਿਲ ਕੋਡ ਦੇਸ਼ ਦੀ ਵਿਭਿੰਨਤਾ ਅਤੇ ਬਹੁਲਤਾਵਾਦ ਲਈ ਕਿਸੇ ਵੀ ਪੱਖੋਂ ਠੀਕ ਨਹੀਂ : ਇੰਟਰਨੈਸ਼ਨਲ ਸਿੱਖ ਫੈਡਰੇਸ਼ਨ



ਫਰੀਮਾਂਟ/ਏ.ਟੀ.ਨਿਊਜ਼ : ਮੋਦੀ ਸਰਕਾਰ ਨੇ ਇੱਕ ਵਾਰ ਫੇਰ ਯੂਨੀਫ਼ਾਰਮ ਸਿਵਿਲ ਕੋਡ ਨੂੰ ਲਾਗੂ ਕਰਨ ਲਈ ਜ਼ੋਰ ਅਜ਼ਮਾਈ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵੱਲੋਂ ਕਨੂੰਨ ਕਮਿਸ਼ਨ ਨੂੰ ਇਸ ਬਾਰੇ ਸਾਰੇ ਪਹਿਲੂਆਂ ਨੂੰ ਘੋਖਣ ਲਈ ਕਿਹਾ ਹੈ। ਸਾਰੇ ਧਰਮਾਂ ਦੇ ਮੁਖੀ ਆਗੂਆਂ, ਸੰਗਠਨਾਂ ਦੇ ਮੁਖੀਆਂ, ਰਾਜਨੀਤਕ ਆਗੂਆਂ ਤੇ ਨੀਤੀਘਾੜਿਆਂ ਤੋਂ ਰਾਏ ਮੰਗੀ ਹੈ। ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਯੂਨੀਵਰਸਲ ਸਿਵਿਲ ਕੋਡ ਦਾ ਸਖ਼ਤ ਸ਼ਬਦਾਂ ਨਾਲ ਵਿਰੋਧ ਕਰਦੀ ਹੈ।

ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ ਭਾਜਪਾ ਯੂਨੀਵਰਸਲ ਸਿਵਿਲ ਕੋਡ ਰਾਹੀਂ ਸਾਜ਼ਿਸ਼ ਤਹਿਤ ਲੋਕਤੰਤਰ ਦੀ ਜਗ੍ਹਾ ਮੋਬਤੰਤਰ(ਮੋਬੋਕਰੇਸੀ) ਬਹੁਗਿਣਤੀ ਭੀੜਤੰਤਰ 'ਤੇ ਸਰਕਾਰੀ ਮੋਹਰ ਲਗਵਾਉਣਾ ਚਾਹੁੰਦੀ ਹੈ।

ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ ਯੂਨੀਫ਼ਾਰਮ ਸਿਵਿਲ ਕੋਡ ਦਾ ਮਤਲਬ ਇਕਸਾਰ ਨਾਗਰਿਕ ਜ਼ਾਬਤਾ ਭਾਰਤ ਵਿੱਚ ਰਹਿਣ ਵਾਲੇ ਹਰ ਨਾਗਰਿਕ ਲਈ ਇਕ ਸਮਾਨ ਕਾਨੂੰਨ ਹੋਣਾ ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ! ਜੋ ਸੁਣਨ, ਪੜ੍ਹਨ ਅਤੇ ਉਪਰੋਂ ਦੇਖਣ 'ਤੇ ਬਹੁਤ ਚੰਗਾ ਲਗਦਾ ਹੈ ਪਰ ਇਸ ਪਿੱਛੇ ਭਾਜਪਾ ਦੀ ਮੋਦੀ ਸਰਕਾਰ ਬਹੁਤ ਖਤਰਨਾਕ ਖੇਡ ਖੇਡਣ ਜਾ ਰਹੀ ਹੈ। ਭਾਰਤ ਬਹੁ ਕੌਮੀ, ਬਹੁ ਧਰਮੀ, ਬਹੁ ਭਾਸ਼ਾਈ ਦੇਸ਼ ਹੈ ਇਸ ਦੇਸ਼ ਅੰਦਰ ਆਪਣੇ ਧਰਮ, ਮਜ਼ਹਬ ਪ੍ਰਤੀ ਵੱਖੋ ਵੱਖ ਅਕੀਦੇ, ਵਿਸ਼ਵਾਸ, ਫ਼ਲਸਫ਼ੇ, ਸਿਧਾਂਤ ਹਨ। ਮੋਦੀ ਸਰਕਾਰ ਘੱਟ ਗਿਣਤੀ ਕੌਮਾਂ ਦੀ ਹੋਂਦ, ਪਹਿਚਾਣ, ਸੂਬਾਈ ਬੋਲੀਆਂ ਨੂੰ ਇਸ ਕਨੂੰਨ ਰਾਹੀਂ ਖਤਮ ਕਰਨ ਜਾ ਰਹੀ ਹੈ। ਵਿਕਸਿਤ ਦੇਸ਼ਾਂ ਅੰਦਰ ਵੀ ਜਿਵੇਂ ਅਮਰੀਕਾ, ਕੈਨੇਡਾ ਵਿੱਚ ਸਟੇਟਾਂ ਖ਼ੁਦਮੁਖ਼ਤਿਆਰ ਹਨ। ਸੂਬਿਆਂ ਦੇ ਆਪਣੇ ਅਧਿਕਾਰ ਹਨ। ਆਗੂਆਂ ਨੇ ਕਿਹਾ ਕਿ ਸੂਬੇ ਦੇ ਮੁਖੀ ਆਗੂ ਸੂਬੇ ਦੇ ਹਿੱਤਾਂ ਲਈ ਆਪਣੀ ਗੱਲ ਰੱਖਣ ਲਈ ਅਜ਼ਾਦ ਹਨ। ਉਨ੍ਹਾਂ ਦੇ ਸੂਬੇ ਦੇ ਨਾਗਰਿਕਾਂ ਲਈ ਕੀ ਠੀਕ ਹੈ ਉਸ ਨੂੰ ਮੰਨਦੇ ਹਨ। ਭਾਰਤ ਸਰਕਾਰ ਪਹਿਲਾਂ ਸੂਬਿਆਂ ਪ੍ਰਤੀ ਇਕ ਸਮਾਨ ਸੋਚ ਬਣਾਵੇ ਅਤੇ ਪੰਜਾਬ ਨਾਲ ਕੀਤੇ ਜਾ ਰਹੇ ਪੱਖਪਾਤੀ ਵਿਵਹਾਰ ਧੱਕੇਸ਼ਾਹੀ ਬੰਦ ਕਰੇ। ਪੰਜਾਬੀ ਦੀ ਗ਼ਲਤ ਵੰਡ ਕਰਕੇ ਖੋਹੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕੀਤੇ ਜਾਣ, ਪੰਜਾਬ ਦੇ ਪਾਣੀਆਂ ਦੀ ਹੋ ਰਹੀ ਲੁੱਟ ਬੰਦ ਹੋਵੇ, ਸਿੱਖਾਂ ਸੰਘਰਸ਼ੀ ਨੌਜਵਾਨਾਂ ਨੂੰ ਉਸੇ ਤਰ੍ਹਾਂ ਕਾਨੂੰਨ ਦੀ ਅੱਖ ਦੇਖੇਂ ਜਿਵੇਂ ਬਹੁ ਗਿਣਤੀ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲਿਆਂ ਨੂੰ ਦੇਖਦੀ ਹੈ।

ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦਾ ਕਹਿਣਾ ਹੈ ਕਿ ਭਾਰਤ ਅੰਦਰ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਅਨੁਸਾਰ ਜਸ਼ਨ, ਤਿਉਹਾਰ ਮਨਾਏ ਜਾਂਦੇ ਹਨ। ਯੂਨੀਵਰਸਲ ਸਿਵਿਲ ਕੋਡ ਦੇਸ਼ ਦੀ ਵਿਭਿੰਨਤਾ ਅਤੇ ਬਹੁਲਤਾਵਾਦ ਲਈ ਕਿਸੇ ਵੀ ਪੱਖੋਂ ਠੀਕ ਨਹੀਂ ਅਸੀਂ ਇਸ ਦਾ ਵਿਰੋਧ ਕਰਦੇ ਹਾਂ।

## ਅਮਰੀਕਾ 'ਚ ਪਾਸਪੋਰਟ ਬਣਵਾਉਣ ਲਈ ਹਰ ਹਫ਼ਤੇ 5 ਲੱਖ ਅਰਜ਼ੀਆਂ, ਬਣ ਸਕਦੈ ਨਵਾਂ ਰਿਕਾਰਡ




ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਵਿੱਚ ਨਾਗਰਿਕਾਂ ਨੂੰ ਆਪਣਾ ਪਾਸਪੋਰਟ ਬਣਾਉਣ ਵਿੱਚ ਤਿੰਨ ਤੋਂ ਚਾਰ ਮਹੀਨੇ ਲੱਗ ਰਹੇ ਹਨ। ਇੱਥੇ ਹਰ ਹਫ਼ਤੇ 5 ਲੱਖ ਅਰਜ਼ੀਆਂ ਆ ਰਹੀਆਂ ਹਨ। ਇਸ ਨਾਲ ਪਿਛਲੇ ਸਾਲ 2.20 ਕਰੋੜ ਪਾਸਪੋਰਟ ਜਾਰੀ ਕਰਨ ਦਾ ਰਿਕਾਰਡ ਟੁੱਟ ਸਕਦਾ ਹੈ। ਇੰਤਜ਼ਾਰ ਦਾ ਲੰਬਾ ਸਮਾਂ ਅਤੇ ਹੌਲੀ ਪ੍ਰਕਿਰਿਆਵਾਂ ਕਾਰਨ ਹਜ਼ਾਰਾਂ ਨਾਗਰਿਕ ਆਪਣੇ ਘੁੰਮਣ ਜਾਣ ਅਤੇ ਵਿਦੇਸ਼ ਜਾ ਕੇ ਪਰਿਵਾਰ ਵਾਲਿਆਂ ਨੂੰ ਮਿਲਣ ਦੀਆਂ ਯੋਜਨਾਵਾਂ ਰੱਦ ਕਰ ਰਹੇ ਹਨ ਜਾਂ ਹਜ਼ਾਰਾਂ ਡਾਲਰ ਖਰਚ ਕਰਕੇ ਵਾਧੂ ਯਾਤਰਾ ਟਿਕਟਾਂ ਖਰੀਦ ਰਹੇ ਹਨ।

ਡਲਾਸ ਦੀ ਰਹਿਣ ਵਾਲੀ ਜਿੰਜਰ ਕੋਲੀਅਰ ਨੇ ਆਪਣੇ ਅਤੇ ਤਿੰਨ ਪਰਿਵਾਰਕ ਮੈਂਬਰਾਂ ਨਾਲ ਜੂਨ ਵਿੱਚ ਇਟਲੀ ਜਾਣਾ ਸੀ। ਜਦੋਂ ਉਸਨੇ ਮਾਰਚ ਵਿੱਚ ਪਾਸਪੋਰਟ ਲਈ ਅਪਲਾਈ ਕੀਤਾ ਤਾਂ ਅਧਿਕਾਰੀਆਂ ਨੇ ਉਸ ਨੂੰ 11 ਹਫ਼ਤਿਆਂ ਦਾ ਇੰਤਜ਼ਾਰ ਕਰਨ ਲਈ ਕਿਹਾ, ਪਰ ਬਾਅਦ ਵਿੱਚ ਉਡੀਕ ਦੀ ਮਿਆਦ ਵਧਾ ਕੇ 13 ਹਫ਼ਤੇ ਕਰ ਦਿੱਤੀ ਗਈ। ਆਖਰਕਾਰ ਡੱਲਾਸ ਦੇ ਪਾਸਪੋਰਟ ਦਫ਼ਤਰ ਵਿੱਚ ਸੱਤ ਘੰਟੇ ਸੰਘਰਸ਼ ਕਰਨ ਤੋਂ ਬਾਅਦ ਕੋਲੀਅਰ ਨੂੰ ਪਾਸਪੋਰਟ ਮਿਲੇ, ਉਹ ਵੀ ਉਹਨਾਂ ਦੀ ਯਾਤਰਾ ਤੋਂ ਚਾਰ ਦਿਨ ਪਹਿਲਾਂ। ਕੋਲੀਅਰ ਦੱਸਦੀ ਹੈ ਕਿ ਯਾਤਰਾ ਰੱਦ ਕਰਨ 'ਤੇ ਉਸ ਨੂੰ 4,000 ਡਾਲਰ ਦੇ ਨੁਕਸਾਨ ਦੇ ਨਾਲ ਆਪਣੇ ਪੁੱਤਰ ਨੂੰ ਮਿਲਣ ਦਾ ਮੌਕਾ ਵੀ ਗਵਾਉਣਾ ਪੈਂਦਾ।

**ਵਿਦੇਸ਼ ਮੰਤਰੀ ਨੇ ਸੰਸਦ 'ਚ ਦਿੱਤਾ ਸਪੱਸ਼ਟੀਕਰਨ**

ਇਸ ਸਥਿਤੀ ਲਈ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਸੰਸਦ ਵਿੱਚ ਬਿਆਨ ਦੇਣਾ ਪਿਆ। ਉਨ੍ਹਾਂ ਕਾਰਨ ਦੱਸਿਆ ਕਿ ਕੋਵਿਡ ਦੌਰਾਨ ਲੋਕਾਂ ਦੀ ਯਾਤਰਾ ਘੱਟ ਗਈ ਸੀ। ਅਜਿਹੇ 'ਚ ਸਰਕਾਰ ਨੇ ਇਸ ਕੰਮ ਨਾਲ ਜੁੜੀਆਂ ਕੰਪਨੀਆਂ ਨਾਲ ਸਮਝੌਤੇ ਖ਼ਤਮ ਕਰ ਦਿੱਤੇ, ਵੱਡੀ ਗਿਣਤੀ 'ਚ ਸਟਾਫ ਨੂੰ ਹੋਰ ਕੰਮਾਂ 'ਚ ਤਾਇਨਾਤ ਕਰ ਦਿੱਤਾ। ਪਾਸਪੋਰਟ ਨਵਿਆਉਣ ਲਈ ਸਰਕਾਰ ਦੀ ਆਨਲਾਈਨ ਪ੍ਰਣਾਲੀ ਨੂੰ ਸੁਧਾਰਨ ਲਈ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ। ਬਲਿੰਕਨ ਅਨੁਸਾਰ, ਹੁਣ ਜਦੋਂ ਕਿ ਸੈਰ-ਸਪਾਟਾ ਅਤੇ ਯਾਤਰਾ ਮੁੜ ਤੋਂ ਵੱਧ ਰਹੀ ਹੈ, ਪਾਸਪੋਰਟ ਅਰਜ਼ੀਆਂ ਅਸਮਾਨੀ ਚੜ੍ਹ ਗਈਆਂ ਹਨ। ਸਥਿਤੀ ਨੂੰ ਸੁਧਾਰਨ ਲਈ ਮੁਲਾਜ਼ਮਾਂ ਦੀ ਭਰਤੀ ਕੀਤੀ ਜਾ ਰਹੀ ਹੈ।

**ਸੋਸ਼ਲ ਮੀਡੀਆ ਤੋਂ ਲੈ ਕੇ ਸੰਸਦ ਤੱਕ ਸ਼ਿਕਾਇਤਾਂ**

ਪਾਸਪੋਰਟ ਬਣਾਉਣ 'ਚ ਦੇਰੀ ਤੋਂ ਪਰੇਸ਼ਾਨ ਅਮਰੀਕੀ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਕੱਢ ਰਹੇ ਹਨ ਅਤੇ ਆਪਣੇ ਸੰਸਦ ਮੈਂਬਰਾਂ ਤੋਂ ਜਵਾਬ ਮੰਗ ਰਹੇ ਹਨ। ਸੈਨੇਟ ਅਤੇ ਪ੍ਰਤੀਨਿਧੀ ਸਭਾ ਦੇ

(ਬਾਕੀ ਸਫ਼ਾ 29 'ਤੇ)

SEEKING GROOM

Jat Sikh well educated and well settled family seeking suitable match for their September, 2001 US born 5'-4" daughter. Turban wearing keshadari young man and compatible humble family is preference, but not limited to. She possesses a degree in Business Management and Supervision. Employed as a Federal employee in the Bay Area(California)

Contact Ph: 510-861-6491
or pgrrealty@gmail.com

## ਅਮਰੀਕਾ 'ਚ 20 ਸਾਲਾਂ ਦੌਰਾਨ ਪਹਿਲੀ ਵਾਰ ਵਧੇ ਮਲੇਰੀਆ ਦੇ ਮਾਮਲੇ



ਕੈਲੀਫੋਰਨੀਆ/ਏ.ਟੀ.ਨਿਊਜ਼ : ਇਨ੍ਹੀਂ ਦਿਨੀਂ ਦੱਖਣੀ ਅਮਰੀਕਾ ਦੇ ਕੁਝ ਰਾਜਾਂ ਵਿੱਚ ਮਲੇਰੀਆ ਦੇ ਵੱਧ ਰਹੇ ਮਾਮਲਿਆਂ ਬਾਰੇ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ। ਪਿਛਲੇ ਦੋ ਮਹੀਨਿਆਂ ਵਿੱਚ, ਸੰਯੁਕਤ ਰਾਜ ਵਿੱਚ ਘੱਟੋ ਘੱਟ ਪੰਜ ਲੋਕ (ਫਲੋਰੀਡਾ ਵਿੱਚ ਚਾਰ ਅਤੇ ਟੈਕਸਾਸ ਵਿੱਚ ਇੱਕ) ਮਲੇਰੀਆ ਨਾਲ ਸੰਕਰਮਿਤ ਹੋਏ ਹਨ। ਇਹ 2003 ਤੋਂ ਬਾਅਦ ਦੇਸ਼ ਵਿੱਚ ਸਥਾਨਕ ਤੌਰ 'ਤੇ ਰਿਪੋਰਟ ਕੀਤੇ ਗਏ ਮਲੇਰੀਆ ਦੇ ਪਹਿਲੇ ਜਾਣੇ-ਪਛਾਣੇ ਮਾਮਲੇ ਹਨ, ਹਾਲਾਂਕਿ ਇੱਕ ਵਾਰ ਫਿਰ ਇਹਨਾਂ ਪੁਸ਼ਟੀ ਕੀਤੇ ਕੇਸਾਂ ਨੇ ਸਿਹਤ ਮਾਹਿਰਾਂ ਵਿੱਚ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਮੈਡੀਕਲ ਰਿਪੋਰਟਾਂ ਦੇ ਅਨੁਸਾਰ, ਮਲੇਰੀਆ ਦੇ ਨਵੇਂ ਕੇਸ ਪਲਾਜ਼ਮੋਡੀਅਮ ਵਾਈਵੈਕਸ ਪੈਰਾਸਾਈਟ ਕਾਰਨ ਹੋਏ ਹਨ, ਜੋ ਕਿ ਹੋਰ ਪ੍ਰਜਾਤੀਆਂ ਦੇ ਮੁਕਾਬਲੇ ਗੰਭੀਰ ਬਿਮਾਰੀ ਦਾ ਕਾਰਨ ਨਹੀਂ ਬਣਦਾ। ਸਿਹਤ ਮਾਹਿਰਾਂ ਨੇ ਸਾਰੇ ਲੋਕਾਂ ਨੂੰ ਸੁਚੇਤ ਕਰਦਿਆਂ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਹੈ।

ਹੁਣ ਸਵਾਲ ਇਹ ਹੈ ਕਿ ਭਾਰਤ ਵਿੱਚ ਮਲੇਰੀਆ ਦੇ ਮਾਮਲੇ ਇੰਨੇ ਆਮ ਹਨ, ਫਿਰ ਅਮਰੀਕਾ ਵਿੱਚ ਪੰਜ ਕੇਸ ਸਾਹਮਣੇ ਆਉਣ ਤੋਂ ਬਾਅਦ ਇੰਨੀ ਚਿੰਤਾ ਕਿਉਂ ? ਅਜਿਹਾ ਇਸ ਲਈ ਹੈ ਕਿਉਂਕਿ ਅਮਰੀਕਾ ਨੇ ਦੋ ਦਹਾਕੇ ਪਹਿਲਾਂ ਮਲੇਰੀਆ ਨੂੰ ਖ਼ਤਮ ਕਰ ਦਿੱਤਾ ਸੀ। ਸੀਡੀਸੀ ਦੇ ਅਨੁਸਾਰ, ਕੋਵਿਡ - 19 ਮਹਾਂਮਾਰੀ ਤੋਂ ਪਹਿਲਾਂ, ਸੰਯੁਕਤ ਰਾਜ ਵਿੱਚ ਹਰ ਸਾਲ ਮਲੇਰੀਆ ਦੇ ਲਗਭਗ 2,000 ਕੇਸ ਰਿਪੋਰਟ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਲਗਭਗ ਸਾਰੇ ਉਨ੍ਹਾਂ ਲੋਕਾਂ ਦੇ ਸਨ, ਜੋ ਵਿਦੇਸ਼ਾਂ ਵਿੱਚ ਬਿਮਾਰੀ ਦਾ ਸੰਕਰਮਣ ਕਰਦੇ ਸਨ।

### ਮਾਮਲਾ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਦੀਆਂ ਸੁੱਕੀਆਂ ਤੇ ਜੂਠੀਆਂ ਰੋਟੀਆਂ ਦੀ ਨਿਲਾਮੀ 'ਚ ਕਥਿਤ ਘਪਲੇ ਦਾ

# ਗੁਰੂ ਕੇ ਲੰਗਰ ਦੀ ਮਰਿਆਦਾ ਨੂੰ ਰੱਖਿਆ ਜਾਵੇ ਕਾਇਮ, ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਨਾ ਪਹੁੰਚੇ ਠੇਸ

## ਸੰਗਤਾਂ ਵੱਲੋਂ ਕੁਝ ਵਿਅਕਤੀਆਂ ਦੇ ਗ਼ਲਤ ਕੰਮਾਂ ਕਾਰਨ ਪੂਰੀ ਸੰਸਥਾ ਨੂੰ ਬਦਨਾਮ ਨਾ ਕਰਨ ਦੀ ਅਪੀਲ





ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਰਤ ਵਿੱਚ ਸਿੱਖ ਧਰਮ ਦਾ ਸਭ ਤੋਂ ਵੱਡਾ ਆਸਥਾ ਦਾ ਪ੍ਰਤੀਕ ਹੈ। ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ 24 ਘੰਟੇ ਲੰਗਰ ਚੱਲਦਾ ਹੈ ਅਤੇ ਦੁਨੀਆਂ ਭਰ ਤੋਂ ਸਾਰੇ ਧਰਮਾਂ ਦੇ ਲੋਕ ਇੱਥੇ ਆ ਕੇ ਪ੍ਰਸ਼ਾਦ ਵਜੋਂ ਲੰਗਰ ਛਕਦੇ ਹਨ। ਪਿਛਲੇ ਦਿਨੀਂ ਕੁਝ ਵਿਅਕਤੀਆਂ ਵੱਲੋਂ ਪਵਿੱਤਰ ਲੰਗਰ ਦੀ ਮਹਾਨਤਾ ਨੂੰ ਢਾਹ ਲਾਉਣ ਦਾ ਕੋਝਾ ਯਤਨ ਕੀਤਾ ਗਿਆ ਹੈ। ਇੱਥੇ ਸ਼ਾਇਦ ਆਪਣੀ ਕਿਸਮ ਦਾ ਪਹਿਲਾ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਦੇਖ ਕੇ ਮਨ 'ਚ ਸਵਾਲ ਉੱਠਦਾ ਹੈ ਕਿ ਸਮਾਜ 'ਚ ਭ੍ਰਿਸ਼ਟਾਚਾਰ ਕਿਸ ਹੱਦ ਤੱਕ ਫੈਲ ਗਿਆ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਦੀਆਂ ਸੁੱਕੀਆਂ ਅਤੇ ਜੂਠੀਆਂ ਰੋਟੀਆਂ ਦੀ ਨਿਲਾਮੀ ਵਿੱਚ ਕਥਿਤ ਤੌਰ 'ਤੇ ਬੇਨਿਯਮੀਆਂ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਡਣ ਦਸਤਾ ਜਾਂਚ ਕਰ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਅਪ੍ਰੈਲ 2019 ਤੋਂ ਦਸੰਬਰ 2022 ਤੱਕ ਸੁੱਕੀਆਂ ਅਤੇ ਜੂਠੀਆਂ ਰੋਟੀਆਂ ਦੀ ਨਿਲਾਮੀ ਵਿੱਚ ਬੇਨਿਯਮੀਆਂ ਸਾਹਮਣੇ ਆਈਆਂ ਹਨ। ਅਜਿਹਾ ਮਾਮਲਾ ਉਜਾਗਰ ਹੋਣ 'ਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਕੁਝ ਆਗੂ ਇਸ ਮਾਮਲੇ ਨੂੰ ਆਧਾਰ ਬਣਾ ਕੇ ਪੂਰੀ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦਾ ਯਤਨ ਕਰ ਰਹੇ ਹਨ, ਜਦੋਂਕਿ ਕੁਝ ਵਿਅਕਤੀਆਂ ਦੀਆਂ ਗਲਤ ਕਾਰਵਾਈਆਂ ਕਾਰਨ ਪੂਰੀ ਸੰਸਥਾ ਨੂੰ ਬਦਨਾਮ ਕਰਨਾ ਸਹੀ ਨਹੀਂ ਹੈ। ਪੂਰੀ ਦੁਨੀਆਂ 'ਚ ਸ੍ਰੀ ਦਰਬਾਰ ਸਾਹਿਬ ਅਤੇ ਪਵਿੱਤਰ ਲੰਗਰ ਦੀ ਬਹੁਤ ਮਹਾਨਤਾ ਹੈ ਅਤੇ ਇਹਨਾਂ ਦੋਵਾਂ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਆਸਥਾ ਜੁੜੀ ਹੋਈ ਹੈ। ਇਸ ਲਈ ਆਗੂਆਂ ਨੂੰ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅਤੇ ਲੰਗਰ ਦੀ ਮਰਿਆਦਾ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ।

### ਸ਼੍ਰੋਮਣੀ ਕਮੇਟੀ ਵੱਲੋਂ 51 ਮੁਲਾਜ਼ਮ ਮੁਅੱਤਲ

ਸ਼੍ਰੋਮਣੀ ਕਮੇਟੀ ਨੇ ਬੇਨੇਮੀਆਂ ਕਰਨ ਵਾਲੇ ਕਰਮਚਾਰੀਆਂ ਖ਼ਿਲਾਫ਼ ਵੱਡੀ ਮਿਸਾਲੀ ਕਾਰਵਾਈ ਕੀਤੀ ਹੈ। ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੁੱਕੇ ਪ੍ਰਸ਼ਾਦਿਆਂ ਦੇ ਲਗਭਗ ਇਕ ਕਰੋੜ ਰੁਪਏ ਦੇ ਘਪਲੇ ਦੇ ਮਾਮਲੇ ਵਿੱਚ 51 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ, ਜਿਨ੍ਹਾਂ ਵਿੱਚ 8 ਮੈਨੇਜਰ, 35 ਇੰਸਪੈਕਟਰ, 6 ਸੁਪਰਵਾਈਜ਼ਰ ਅਤੇ 2 ਸਟੋਰਕੀਪਰ ਸ਼ਾਮਲ ਹਨ। ਮਿਲੇ ਵੇਰਵਿਆਂ ਮੁਤਾਬਕ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵੱਲੋਂ ਆਪਣੀ ਜਾਂਚ ਰਿਪੋਰਟ (ਬਾਕੀ ਸ.ਫਾ 29 'ਤੇ)

### ਕਥਿਤ ਘੁਟਾਲਾ ਜਾਂ ਗੜਬੜ ਕਿਵੇਂ ਹੋਈ ?



ਦਰਅਸਲ, ਸ੍ਰੀ ਦਰਬਾਰ ਸਾਹਿਬ ਦੇ ਲੰਗਰ ਵਿੱਚ ਰੋਜ਼ਾਨਾ ਵੱਡੀ ਮਾਤਰਾ ਵਿੱਚ ਰੋਟੀਆਂ ਬਚਾਈਆਂ ਜਾਂਦੀਆਂ ਹਨ, ਜਿਸ ਵਿੱਚ ਜੂਠੀਆਂ ਅਤੇ ਸੁੱਕੀਆਂ ਦੋਵੇਂ ਤਰ੍ਹਾਂ ਦੀਆਂ ਰੋਟੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਇੱਕ ਥਾਂ 'ਤੇ ਸਟੋਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਵਿਕਰੀ ਲਈ ਟੈਂਡਰ ਕੱਢੇ ਜਾਂਦੇ ਹਨ। ਦੱਸਿਆ ਜਾ ਰਿਹਾ ਹੈ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਮਿਲੀਭੁਗਤ ਨਾਲ ਤੈਅ ਸ਼ਰਤਾਂ ਨੂੰ ਅਣਗੌਲਿਆਂ ਕਰਕੇ ਟੈਂਡਰ ਦਿੱਤੇ ਅਤੇ ਟੈਂਡਰ ਦੀ ਰਕਮ ਵਿੱਚ ਹੇਰਾਫੇਰੀ ਕਰਕੇ ਭ੍ਰਿਸ਼ਟਾਚਾਰ ਕੀਤਾ। ਦੱਸਿਆ ਜਾਂਦਾ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਉੱਡਣ ਦਸਤੇ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਸੀ ਤਾਂ ਸੁੱਕੀਆਂ ਅਤੇ ਝੂਠੀਆਂ ਰੋਟੀਆਂ ਤੋਂ ਇਲਾਵਾ ਸਫ਼ਾਈ ਤੋਂ ਬਾਅਦ ਬਚੀਆਂ ਸੁੱਕੀਆਂ ਅਤੇ ਜੂਠੀਆਂ ਬਰੈੱਡਾਂ ਆਦਿ ਦੀ ਵਿਕਰੀ ਵਿੱਚ 62 ਲੱਖ ਰੁਪਏ ਦੀ ਗੜਬੜੀ ਸਾਹਮਣੇ ਆਈ ਸੀ ਪਰ ਹੁਣ ਇਸ ਅੰਤਰ ਇਕ ਕਰੋੜ ਤੋਂ ਉਪਰ ਪਹੁੰਚ ਗਿਆ ਹੈ।

### ਧੰਗੇੜਾ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਨਿਯੁਕਤ



ਸ਼੍ਰੋਮਣੀ ਕਮੇਟੀ ਵੱਲੋਂ ਭਗਵੰਤ ਸਿੰਘ ਧੰਗੇੜਾ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਦਾ ਜਨਰਲ ਮੈਨੇਜਰ ਨਿਯੁਕਤ ਕੀਤਾ ਗਿਆ ਹੈ। ਉਹ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਦੇ ਸਬ-ਆਫ਼ਿਸ ਚੰਡੀਗੜ੍ਹ ਵਿੱਚ ਇੰਚਾਰਜ ਵਜੋਂ ਤਾਇਨਾਤ ਸਨ। ਉਨ੍ਹਾਂ ਨੂੰ ਸਤਨਾਮ ਸਿੰਘ ਮਾਂਗਾਸਰਾਏ ਦੀ ਥਾਂ 'ਤੇ ਨਿਯੁਕਤ ਕੀਤਾ ਗਿਆ ਹੈ। ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਨਵੇਂ ਜਨਰਲ ਮੈਨੇਜਰ ਵਜੋਂ ਭਗਵੰਤ ਸਿੰਘ ਧੰਗੇੜਾ ਦੇ ਨਾਲ-ਨਾਲ ਵਧੀਕ ਮੈਨੇਜਰ ਨਿਸ਼ਾਨ ਸਿੰਘ ਨੂੰ ਸਰਾਂਵਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੈਨੇਜਰ ਨਰਿੰਦਰ ਸਿੰਘ ਨੂੰ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਤਾਇਨਾਤ ਕੀਤਾ ਗਿਆ ਹੈ। ਖਰੀਦ ਵਿਭਾਗ ਵਿਖੇ ਸੁਪਰਵਾਈਜ਼ਰ ਵਜੋਂ ਕਾਰਜਸ਼ੀਲ ਸਤਿੰਦਰ ਸਿੰਘ ਨੂੰ ਲੰਗਰ ਸ੍ਰੀ ਦਰਬਾਰ ਸਾਹਿਬ ਵਿਖੇ ਵਧੀਕ ਮੈਨੇਜਰ ਲਾ ਕੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਬੰਧ ਦਿੱਤਾ ਗਿਆ ਹੈ।

### ਸ਼੍ਰੋਮਣੀ ਕਮੇਟੀ 'ਤੇ ਪਹਿਲਾਂ ਵੀ ਕਈ ਵਾਰ ਲੱਗ ਚੁੱਕੇ ਨੇ ਭ੍ਰਿਸ਼ਟਾਚਾਰ ਦੇ ਦੋਸ਼




ਇਸ ਸਮੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਲੰਗਰ ਦੀਆਂ ਜੂਠੀਆਂ ਅਤੇ ਸੁੱਕੀਆਂ ਰੋਟੀਆਂ ਦੇ ਕਥਿਤ ਘਪਲੇ ਬਾਰੇ ਚਰਚਾ ਹੋ ਰਹੀ ਹੈ, ਜਦੋਂਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਅਨੇਕਾਂ ਵਿਵਾਦਾਂ ਵਿੱਚ ਘਿਰਦੀ ਰਹੀ ਹੈ। ਸਿੱਖ ਚਿੰਤਕ ਦਸਦੇ ਹਨ ਕਿ ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਤਾਂ ਇਕ ਵਾਰ ਉਹਨਾਂ ਵੀ ਬਿਆਨ ਦਿਤਾ ਸੀ ਕਿ ਸ਼੍ਰੋਮਣੀ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਪੂਰੀ ਤਰਾਂ ਖ਼ਤਮ ਕੀਤਾ ਜਾਵੇਗਾ। ਇਸ ਤਰਾਂ ਜਥੇਦਾਰ ਟੌਹੜਾ ਨੇ ਵੀ ਮੰਨਿਆਂ ਸੀ ਕਿ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ।

ਸਿੱਖ ਵਿਦਵਾਨ ਕਹਿੰਦੇ ਹਨ ਕਿ ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸੰਗਤਾਂ ਵੱਲੋਂ ਭੇਂਟ ਕੀਤੇ ਜਾਂਦੇ ਰੁਮਾਲਾ ਸਾਹਿਬ ਬਾਰੇ ਵੀ ਵਿਵਾਦ ਰਹਿ ਚੁੱਕਿਆ ਹੈ। ਕਈ ਵਾਰ ਸੰਗਤਾਂ ਨੇ ਇਹ ਸਵਾਲ ਉਠਾਇਆ ਹੈ ਕਿ ਹਰ ਦਿਨ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਭੇਂਟ ਕੀਤੇ ਜਾਂਦੇ ਰੁਮਾਲਾ ਸਾਹਿਬ ਆਖਰ ਜਾਂਦੇ ਕਿੱਥੇ ਹਨ ? ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਵਿੱਚ ਕਮਰੇ ਆਦਿ ਲੈਣ ਸਬੰਧੀ ਵਿਵਾਦ ਵੀ ਪੈਦਾ ਹੋ ਚੁਕਿਆ ਹੈ ਅਤੇ ਸ਼੍ਰੋਮਣੀ ਕਮੇਟੀ ਮੁਲਾਜਮਾਂ 'ਤੇ ਆਪਣੇ ਚਹੇਤਿਆਂ ਨੂੰ ਸਰਾਵਾਂ ਦੇ ਕਮਰੇ ਦੇਣ ਦੇ ਇਲਜ਼ਾਮ ਵੀ ਲਗਦੇ ਰਹੇ ਹਨ।

ਐਸ. ਏ .ਐਸ. ਨਗਰ ਮੋਹਾਲੀ ਦੇ ਸੈਕਟਰ-82 ਸਥਿਤ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਮੁੱਖ ਦਫ਼ਤਰ ਵਿਖੇ ਪਿਛਲੇ ਸਾਲ ਮਾਰਚ ਮਹੀਨੇ 'ਚ ਪੱਤਰਕਾਰ ਸੰਮੇਲਨ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਮਾ. ਮਿੱਠੂ ਸਿੰਘ ਕਾਹਨੇਕੇ, ਗੁਰਪ੍ਰੀਤ ਸਿੰਘ ਰੰਧਾਵਾ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਜੈਪਾਲ ਸਿੰਘ ਮੰਡੀਆਂ, ਰਾਮਪਾਲ ਸਿੰਘ ਬਹਿਣੀਵਾਲ, ਨਿਰਮੈਲ ਸਿੰਘ ਜੌਲਾਂਕਲਾਂ, ਬਾਬਾ ਗੁਰਮੀਤ ਸਿੰਘ ਤਿਰਲੋਕੇ ਵਾਲਾ, ਮੁਹਿੰਦਰ ਸਿੰਘ ਹੁਸੈਨਪੁਰ ਅਤੇ ਹਰਪ੍ਰੀਤ ਸਿੰਘ ਗਰਚਾ ਨੇ ਮੰਗ ਕੀਤੀ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਫੈਲੇ ਕਥਿਤ ਭ੍ਰਿਸ਼ਟਾਚਾਰ ਦੀ ਹਾਈ ਕੋਰਟ ਦੇ ਸੇਵਾਮੁਕਤ ਜੱਜਾਂ ਦਾ ਪੈਨਲ ਬਣਾ ਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਸ਼੍ਰੋਮਣੀ ਕਮੇਟੀ ਦੇ ਉਪਰੋਕਤ ਮੈਂਬਰਾਂ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਸੱਚਾਈ ਦਾ ਪਤਾ ਲੱਗ (ਬਾਕੀ ਸ.ਫਾ 29 'ਤੇ)

# ਕੈਨੇਡਾ ’ਚ ਲੱਗੇ ਖ਼ਾਲਿਸਤਾਨ ਪੱਖੀ ਪੋਸਟਰ, ਭਾਰਤੀ ਡਿਪਲੋਮੈਟਾਂ ਨੂੰ ਦਿੱਤੀ ਧਮਕੀ, ਭਾਈ ਨਿੱਝਰ ਨੂੰ ਕਿਹਾ ‘ਸ਼ਹੀਦ’

## ਭਾਰਤੀ ਮੀਡੀਆ ਨੇ ਸਿੱਖਾਂ ਵਿਰੁੱਧ ਪ੍ਰਚਾਰ ਕਰਨ ਦੀ ਕੀਤੀ ਸਾਜ਼ਿਸ਼ : ਅਮਰੀਕਨ ਸਿੱਖ ਸੰਗਤਾਂ

## ਕੈਨੇਡਾ ’ਚ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੁਰੱਖਿਆ ਮੰਤਰੀ ਨੂੰ ਮਿਲਣਗੀਆਂ ਪੰਥਕ ਜਥੇਬੰਦੀਆਂ




ਓਟਾਵਾ/ਏ.ਟੀ.ਨਿਊਜ਼: ਖ਼ਾਲਿਸਤਾਨ ਸਮਰਥਕਾਂ ਨੇ ਕੈਨੇਡਾ ਵਿੱਚ ਪੋਸਟਰ ਲਗਾਕੇ ਤੇ ਸੋਸ਼ਲ ਮੀਡੀਆ ’ਤੇ ਭਾਰਤੀ ਡਿਪਲੋਮੈਟਾਂ ਵਿਰੁੱਧ ਮੁਹਿੰਮ ਛੇੜ ਦਿੱਤੀ ਹੈ। ਕੁਛ ਸਮਾਂ ਪਹਿਲਾਂ ਟੋਰਾਂਟੋ ਵਿੱਚ ਕੀਤੀ ਗਈ ਰੋਸ ਰੈਲੀ ਦੇ ਪੋਸਟਰ ਵਿੱਚ ਭਾਰਤੀ ਹਾਈ ਕਮਿਸ਼ਨਰ ਸੌਰਵ ਕੁਮਾਰ ਸ਼ਰਮਾ ਅਤੇ ਕੌਂਸਲਰ ਅਪੂਰਵਾ ਸ਼੍ਰੀਵਾਸਤਵ ਦੀਆਂ ਫੋਟੋਆਂ ਲਗਾਕੇ ਖ਼ਾਲਿਸਤਾਨ ਸਮਰਥਕ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ੀ ਠਹਿਰਾਇਆ ਹੈ, ਜਦਕਿ ਵੈਨਕੂਵਰ ਵਿੱਚ ਖ਼ਾਲਿਸਤਾਨ ਰੈਲੀ ਦੇ ਪੋਸਟਰ ਵਿੱਚ ਵੈਨਕੂਵਰ ਦੇ ਹਾਈ ਕਮਿਸ਼ਨਰ ਅਤੇ ਕੌਂਸਲ ਜਨਰਲ ਮਨੀਸ਼ ਦਾ ਨਾਮ ਸ਼ਾਮਲ ਹੈ। ਖ਼ਾਲਿਸਤਾਨੀ ਰੋਸ ਰੈਲੀ ਦੇ ਪੋਸਟਰ ਵਿੱਚ ਖ਼ਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਨੂੰ ‘ਸ਼ਹੀਦ’ ਦੱਸਿਆ ਗਿਆ ਹੈ ਅਤੇ ਭਾਰਤੀ ਡਿਪਲੋਮੈਟਾਂ ਨੂੰ ‘ਕਾਤਲ’ ਕਰਾਰ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਪਹਿਲਾਂ ਹੀ ਟੋਰਾਂਟੋ ਅਤੇ ਵੈਨਕੂਵਰ ਵਿੱਚ ਭਾਰਤੀ ਹਾਈ ਕਮਿਸ਼ਨ ਨਾਲ ਸੰਪਰਕ ਕਰ ਚੁਕੀ ਹੈ ਅਤੇ ਹਾਈ ਕਮਿਸ਼ਨਰ ਅਤੇ ਕੌਂਸਲ ਜਨਰਲ ਸਮੇਤ ਭਾਰਤੀ ਡਿਪਲੋਮੈਟਾਂ ਨੂੰ ਨਿੱਜੀ ਸੁਰੱਖਿਆ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਕੈਨੇਡਾ ਦੀਆਂ ਖੁਫੀਆ ਏਜੰਸੀਆਂ ਅਨੁਸਾਰ ਭਾਰਤੀ ਡਿਪਲੋਮੈਟਾਂ ਦੀ ਸੁਰੱਖਿਆ ਮਜਬੂਤ ਕਰ ਦਿਤੀ ਹੈ। ਆਸਟਰੇਲੀਆ ਵਿੱਚ ਵੀ ਖ਼ਾਲਿਸਤਾਨੀ ਭਾਰਤੀ ਡਿਪਲੋਮੈਟਾਂ ਵਿਰੁੱਧ ਰੋਸ ਮੁਜਾਹਰੇ ਕਰਨ ਲਈ ਸਰਗਰਮ ਹੋ ਚੁੱਕੇ ਹਨ।

ਇਥੇ ਜ਼ਿਕਰਯੋਗ ਹੈ ਕਿ ਟਵਿੱਟਰ ਉਪਰ ਹਿੰਦੂਤਵੀ ਸੰਗਠਨਾਂ ਨੇ ਖ਼ਾਲਿਸਤਾਨ ਬਾਰੇ ਤਿੱਖਾ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਹੈ। ਹਿੰਦੂਤਵੀ

(ਬਾਕੀ ਸਫ਼ਾ 29 ’ਤੇ)



### ਭਾਰਤੀ ਵਿਦੇਸ਼ ਮੰਤਰੀ ਖ਼ਾਲਿਸਤਾਨੀ ਲਹਿਰ ਤੋਂ ਔਖੇ



ਭਾਰਤੀ ਵਿਦੇਸ਼ ਮੰਤਰੀ ਨੇ ਕੈਨੇਡਾ ’ਚ ਡਿਪਲੋਮੈਟਾਂ ਨੂੰ ਮਿਲੀ ਧਮਕੀ ਨੂੰ ਲੈ ਕੇ ਸਖ਼ਤ ਬਿਆਨ ਦਿੱਤਾ ਹੈ। ਉਸ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਹੈ ਕਿ ਕੱਟੜਪੰਥੀ, ਖ਼ਾਲਿਸਤਾਨੀ ਸੋਚ ਭਾਰਤ ਜਾਂ ਅਮਰੀਕਾ, ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ ਵਰਗੇ ਸਹਿਯੋਗੀ ਦੇਸ਼ਾਂ ਲਈ ਚੰਗੀ ਨਹੀਂ ਹੈ। ਜੈਸ਼ੰਕਰ ਨੇ ਕਿਹਾ ਕਿ ਸਾਡੀ ਸਰਕਾਰ ਕੈਨੇਡਾ ਵਿੱਚ ਹੁਣੇ ਜਿਹੀ ਹੋਈ ਰੈਲੀ ਦੌਰਾਨ ਖ਼ਾਲਿਸਤਾਨ ਪੱਖੀ ਪੋਸਟਰਾਂ ਦੀ ਪ੍ਰਦਰਸ਼ਨੀ ਦਾ ਮੁੱਦਾ ਕੈਨੇਡਾ ਸਰਕਾਰ ਕੋਲ ਉਠਾਏਗੀ। ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਕੈਨੇਡਾ ਦੀ ਟਰੂਡੋ ਸਰਕਾਰ ਨੂੰ ਸਪੱਸ਼ਟ ਤੌਰ ’ਤੇ ਖਾਲਿਸਤਾਨ ਦੇ ਮੁੱਦੇ ’ਤੇ ਵੋਟ ਬੈਂਕ ਦੀ ਰਾਜਨੀਤੀ ਨਾ ਕਰਨ ਲਈ ਕਿਹਾ ਹੈ। ਜੈਸ਼ੰਕਰ ਨੇ ਸਪੱਸ਼ਟ ਕਿਹਾ ਕਿ ਜੇਕਰ ਭਾਰਤ ਦੀ ਅਖੰਡਤਾ ਅਤੇ ਸੁਰੱਖਿਆ ’ਤੇ ਹਮਲਾ ਹੋਇਆ ਤਾਂ ਅਸੀਂ ਮੂੰਹਤੋੜ ਜਵਾਬ ਦੇਵਾਂਗੇ।ਜੈਸ਼ੰਕਰ ਨੇ ਕਿਹਾ ਕਿ ਕੁਛ ਅਰਸੇ ਦੌਰਾਨ ਖ਼ਾਲਿਸਤਾਨ ਮੁੱਦੇ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ ਹੈ।

## ਧਮਕੀਆਂ ਮਗਰੋਂ ਭਾਰਤੀ ਰਾਜਦੂਤਾਂ ਨੂੰ ਸੁਰੱਖਿਆ ਦਾ ਭਰੋਸਾ

ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦੇਣ ਵਾਲੇ ਪੋਸਟਰਾਂ ਤੇ ਪ੍ਰਚਾਰ ਸਮੱਗਰੀ ਨਾਲ ਜੁੜੇ ਵਿਵਾਦ ਦਰਮਿਆਨ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਭਾਰਤ ਨੂੰ ਉਸ ਦੇ ਰਾਜਦੂਤਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਹੈ।ਆਨਲਾਈਨ ਸਰਕੁਲੇਟ ਕੀਤੇ ਇਨ੍ਹਾਂ ਪੋਸਟਰਾਂ ਵਿੱਚ ਕੈਨੇਡਾ ’ਚ ਭਾਰਤ ਦੇ ਹਾਈ ਕਮਿਸ਼ਨਰ ਸੰਜੈ ਵਰਮਾ ਤੇ ਕੌਂਸੁਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ ਨੂੰ ਖ਼ਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦਾ ‘ਕਾਤਲ’ ਦੱਸਿਆ ਗਿਆ ਸੀ। ਉਧਰ ਭਾਰਤ ਨੇ ਕੈਨੇਡਾ ਦੇ ਹਾਈ ਕਮਿਸ਼ਨਰ ਕੈਮਰੂਨ ਮੈਕੇਅ ਨੂੰ ਤਲਬ ਕਰਕੇ ਭਾਰਤੀ ਰਾਜਦੂਤਾਂ ਦੇ ਨਾਵਾਂ ਵਾਲੇ ਖ਼ਾਲਿਸਤਾਨੀ ਪੋਸਟਰਾਂ ’ਤੇ ਇਤਰਾਜ਼ ਜਤਾਇਆ ਹੈ। ਵਿਦੇਸ਼ ਮੰਤਰਾਲੇ ਨੇ ਮੈਕੇਅ ਨੂੰ ਅਜਿਹੇ ਮੌਕੇ ਤਲਬ ਕੀਤਾ ਹੈ ਜਦੋਂ ਖ਼ਾਲਿਸਤਾਨ ਪੱਖੀ ਦਹਿਸ਼ਤੀ ਜਥੇਬੰਦੀਆਂ ਨੇ ਓਟਵਾ ਸਥਿਤ ਭਾਰਤੀ ਹਾਈ ਕਮਿਸ਼ਨ ਅਤੇ ਟੋਰਾਂਟੋ ਤੇ ਵੈਨਕੂਵਰ ਸਥਿਰ ਦੋ ਕੌਂਸੁਲੇਟਾਂ ਦੇ ਬਾਹਰ 8 ਜੁਲਾਈ ਨੂੰ ਰੋਸ ਪ੍ਰਦਰਸ਼ਨਾਂ ਦਾ ਐਲਾਨ ਕੀਤਾ ਹੈ। ਮੰਤਰਾਲੇ ਨੇ ਮੈਕੇਅ ਨੂੰ 8 ਜੁਲਾਈ ਨੂੰ ਹੋਣ ਵਾਲੀ ਖ਼ਾਲਿਸਤਾਨ ਪੱਖੀ ਰੈਲੀ ਤੇ ਕੈਨੇਡਾ ਵਿੱਚ ਸੋਸ਼ਲ ਮੀਡੀਆ ’ਤੇ ਪ੍ਰਸਾਰਿਤ ਹੋ ਰਹੇ ਖਾਲਿਸਤਾਨੀ ਪੱਖੀ ਪੋਸਟਰਾਂ ’ਚ ਆਪਣੇ ਡਿਪਲੋਮੈਟਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ।

(ਬਾਕੀ ਸਫ਼ਾ 29 ’ਤੇ)

## ਅਮਰੀਕਾ ’ਚ ਭਾਰਤੀ ਕਾਂਸਲੈਂਟ ਨੂੰ ਲਗੀ ਅੱਗ

### ਭਾਰਤੀ ਮੀਡੀਆ ਨੇ ਸਬੂਤਾਂ ਬਿਨਾਂ ਖ਼ਾਲਿਸਤਾਨੀਆਂ ’ਤੇ ਲਗਾਏ ਦੋਸ਼

### ਅਮਰੀਕਾ ਵੱਲੋਂ ਹਮਲੇ ਦੀ ਸਖ਼ਤ ਨਿੰਦਾ ਕੀਤੀ, ਤੋੜਫੋੜ ਨੂੰ ‘ਅਪਰਾਧ’ ਕਿਹਾ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਬੀਤੇ ਦਿਨ ਸਾਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਾਵਾਸ ਉੱਤੇ ਹਮਲੇ ਅਤੇ ਸਾੜ ਫੂਕ ਦੀ ਕੋਸ਼ਿਸ਼ ਦੀ ਸਖ਼ਤ ਨਿੰਦਾ ਕੀਤੀ ਗਈ ਹੈ। ਭਾਰਤੀ ਮੀਡੀਆ ਨੇ ਦੋਸ਼ ਲਗਾਏ ਕਿ ਖਾਲਿਸਤਾਨੀਆਂ ਨੇ 1:30 ਤੋਂ 2:30 ਵਜੇ ਦਰਮਿਆਨ ਭਾਰਤੀ ਕੌਂਸਲੇਟ ਨੂੰ ਅੱਗ ਲਗਾ ਦਿੱਤੀ। ਜਦ ਕਿ ਭਾਰਤ ਸਰਕਾਰ ਤੇ ਭਾਰਤੀ ਮੀਡੀਆ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ।ਸੈਨ ਫਰਾਂਸਿਸਕੋ ਫਾਇਰ ਡਿਪਾਰਟਮੈਂਟ ਦੁਆਰਾ ਇਸ ਨੂੰ ਜਲਦੀ ਹੀ ਬੁਝਾ ਦਿੱਤਾ ਗਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੈਨ ਫਰਾਂਸਿਸਕੋ ਦੇ ਫਾਇਰ ਅਧਿਕਾਰੀਆਂ ਦੇ ਅਨੁਸਾਰ ਫੁਟਪਾਥ ਉਪਰ ਪਏ ਮਲਬੇ ਨੂੰ ਅੱਗ ਲੱਗਣ ਕਾਰਨ ਭਾਰਤੀ ਵਣਜ ਦੂਤਾਵਾਸ ਦੇ ਪ੍ਰਵੇਸ਼ ਦਰਵਾਜ਼ੇ ਨੂੰ ਕੁਝ ਨੁਕਸਾਨ ਹੋਇਆ ਹੈ ਅਤੇ ਕੋਈ ਵੀ ਕਰਮਚਾਰੀ ਜ਼ਖਮੀ ਨਹੀਂ ਹੋਇਆ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਟਵੀਟ ਕੀਤਾ, “ਅਮਰੀਕਾ ਸਾਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਦੀ ਭੰਨਤੋੜ ਅਤੇ ਸਾੜ ਫੂਕ ਸੰਬੰਧੀ ਕੋਸ਼ਿਸ਼ ਦੀ ਸਖ਼ਤ ਨਿੰਦਾ ਕਰਦਾ ਹੈ।ਅਮਰੀਕਾ ਵਿੱਚ ਕੂਟਨੀਤਕ ਸੰਸਥਾਵਾਂ ਜਾਂ ਵਿਦੇਸ਼ੀ ਡਿਪਲੋਮੈਟਾਂ ਵਿਰੁੱਧ ਭੰਨਤੋੜ ਜਾਂ ਹਿੰਸਾ ਇੱਕ ਅਪਰਾਧ ਹੈ।” ਹਾਲਾਂਕਿ ਕਿ ਇਸ ਬਾਰੇ ਖ਼ਾਲਿਸਤਾਨੀ ਧਿਰ ਦਾ ਕੋਈ ਪ੍ਰਤੀਕਰਮ ਨਹੀਂ ਆਇਆ। ਨਾ ਹੀ ਅਮਰੀਕਾ ਸਰਕਾਰ ਨੇ ਕਿਸੇ ਧਿਰ ਨੂੰ ਦੋਸ਼ੀ ਠਹਿਰਾਇਆ ਹੈ। ਫਿਲਹਾਲ ਮਾਮਲੇ ਦੀ ਜਾਂਚ ਫੈਡਰਲ ਬਿਊਰੋਆਫ ਇਨਵੈਸਟੀਗੇਸ਼ਨ (ਐਫ.ਬੀ.ਆਈ) ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।

## ਕੈਨੇਡਾ ’ਚ ਖ਼ਾਲਿਸਤਾਨੀਆਂ ਨੂੰ ਅਜ਼ਾਦੀ ਕਿਉਂ ?

ਕੈਨੇਡਾ ਵਿੱਚ ਵਾਪਰ ਰਹੀਆਂ ਖਾਲਿਸਤਾਨ ਪੱਖੀ ਘਟਨਾਵਾਂ ਦਾ ਭਾਰਤ ਸਰਕਾਰ ਵਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਦੋਵਾਂ ਦੇਸ਼ਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਆਪਸੀ ਸਬੰਧ ਸਕਾਰਾਤਮਕ ਹਨ ਪਰ ਇਸ ਦੇ ਬਾਵਜੂਦ ਵਿਚਾਰਕ ਤੌਰ ’ਤੇ ਭਾਰਤ ਵਿਰੋਧੀ ਗਤੀਵਿਧੀਆਂ ਜਾਰੀ ਹਨ। ਪੱਤਰਕਾਰ ਗੁਰਵਿੰਦਰ ਸਿੰਘ ਵੈਨਕੁਵਰ ਅਨੁਸਾਰ ਕੈਨੇਡਾ ਦੇ ਕਾਨੂੰਨ ਵੱਲੋਂ ਦਿੱਤੀ ਆਜ਼ਾਦੀ ਇਸ ਦਾ ਮੁੱਢਲਾ ਕਾਰਨ ਹੈ। ਇਥੇ ਉਨ੍ਹਾਂ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਰੱਖਣ ਦਾ ਮੌਕਾ ਮਿਲਦਾ ਹੈ। ਇਥੇ ਕਿਸੇ ਵੀ ਵਿਅਕਤੀ ਦੇ ਵਿਚਾਰਾਂ, ਸਿਆਸੀ ਗਤੀਵਿਧੀਆਂ, ਮੁਜ਼ਾਹਰਿਆਂ ਨੂੰ ਉਦੋਂ ਤੱਕ ਨਹੀਂ ਰੋਕਿਆਂ ਜਾਂਦਾ ਜਦੋਂ ਤੱਕ ਉਹ ਹਿੰਸਕ ਨਾ ਹੋਣ। ਇਥੋਂ ਤੱਕ ਕਿ ਜੋ ਕੋਈ ਵਿਰੋਧ ਵਿੱਚ ਕੈਨੇਡਾ ਦਾ ਝੰਡਾ ਵੀ ਸਾੜ ਦੇਵੇ ਤਾਂ ਵੀ ਉਸ ਨੂੰ ਪ੍ਰਦਰਸ਼ਨ ਦੀ ਆਜ਼ਾਦੀ ਹੈ। ਕਿਊਬਿਕ ਸੂਬੇ ਦੇ ਲੋਕ ਵੱਖਰਾ ਸੂਬਾ ਬਣਾਉਣ ਦੀ ਮੰਗ ਰੱਖਦੇ ਹਨ ਤੇ ਇਸ ਬਾਰੇ ਦੋ ਵਾਰ ਰੈਫ਼ਰੈਂਡਮ ਵੀ ਹੋ ਚੁੱਕਿਆ ਹੈ। ਉਨ੍ਹਾਂ ਦੇ ਨੁਮਾਇੰਦੇ ਕੈਨੇਡੀਅਨ ਪਾਰਲੀਮੈਂਟ ਵਿੱਚ ਮੌਜੂਦ ਹਨ। ਉਨ੍ਹਾਂ ਨੂੰ ਕੋਈ ਸਿਆਸੀ ਅਛੂਤ ਨਹੀਂ ਕਹਿੰਦਾ ਪਰ ਭਾਰਤ ਵਿੱਚ ਅਜਿਹਾ ਨਹੀਂ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

(ਬਾਕੀ ਸਫ਼ਾ 30 ’ਤੇ)

# ਅਮਰੀਕਾ ਖ਼ਬਰਨਾਮਾ

## ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਪਾਲ ਸਿੰਘ ਬੰਗਾ ਗਰੇਟ ਇਮੀਗਰਾਂਟਸ ਦੀ ਸੂਚੀ 'ਚ ਸ਼ਾਮਿਲ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਕਾਰਨੇਜੀ ਕਾਰਪੋਰੇਸ਼ਨ ਨਿਊਯਾਰਕ ਵੱਲੋਂ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਪਾਲ ਸਿੰਘ ਬੰਗਾ ਨੂੰ ਆਪਣੀ ਗਰੇਟ ਇਮੀਗਰਾਂਟਸ-2023 ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਕਾਰਨੇਜੀ ਕਾਰਪੋਰੇਸ਼ਨ ਦੁਆਰਾ ਇਸ ਸੂਚੀ ਵਿੱਚ ਪ੍ਰਵਾਸੀਆਂ ਦੀ ਚੋਣ ਉਨਾਂ ਦੁਆਰਾ ਅਮਰੀਕਾ ਦੇ ਵਿਕਾਸ ਵਿੱਚ ਪਾਏ ਯੋਗਦਾਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਬੰਗਾ ਜੋ ਇਸ ਸਾਲ ਵਿਸ਼ਵ ਬੈਂਕ ਦੇ 14ਵੇਂ ਪ੍ਰਧਾਨ ਬਣੇ ਸਨ, ਨੂੰ ਵੱਖ- ਵੱਖ ਪਿਛੋਕੜ ਤੇ ਖੇਤਰਾਂ ਨਾਲ ਸਬੰਧਤ ਉਨਾਂ 35 ਸਖਸ਼ੀਅਤਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦੇ ਕੰਮਾਂ ਤੇ ਯੋਗਦਾਨ ਨੇ ਅਮਰੀਕੀ ਸਮਾਜ ਤੇ ਲੋਕਤੰਤਰ ਨੂੰ ਅਮੀਰ ਤੇ ਮਜਬੂਤ ਕੀਤਾ ਹੈ। ਇਸ ਕਾਰਨੇਜੀ ਸੂਚੀ ਵਿੱਚ ਸ਼ਾਮਿਲ ਹੋਣ ਵਾਲੇ ਬੰਗਾ ਪਹਿਲੇ ਭਾਰਤੀ ਅਮਰੀਕੀ ਹਨ।



## ਮੋਦੀ ਨੂੰ ਸਵਾਲ ਪੁੱਛਣ ਵਾਲੀ ਪੱਤਰਕਾਰ ਨੂੰ ਪ੍ਰੇਸ਼ਾਨ ਕਰਨਾ ਪ੍ਰਵਾਨ ਨਹੀਂ: ਵਾਈਟ ਹਾਊਸ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਵਾਈਟ ਹਾਊਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਉਨ੍ਹਾਂ ਦੀ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਭਾਰਤ ਵਿਚ ਧਾਰਮਿਕ ਅਧਿਕਾਰਾਂ ਤੇ ਬੋਲਣ ਦੀ ਆਜ਼ਾਦੀ ਬਾਰੇ ਸਵਾਲ ਪੁੱਛਣ ਵਾਲੀ ਵਾਲ ਸਟਰੀਟ ਦੀ ਪੱਤਰਕਾਰ ਸਬਰੀਨਾ ਸਦੀਕੀ ਨੂੰ ਪ੍ਰੇਸ਼ਾਨ ਕਰਨਾ ਕਿਸੇ ਵੀ ਹਾਲਤ ਵਿੱਚ ਪ੍ਰਵਾਨ ਨਹੀਂ ਹੈ। ਵਾਈਟ ਹਾਊਸ ਨੈਸ਼ਨਲ ਸਿਕਿਉਰਿਟੀ ਕੌਂਸਲ ਦੇ ਬੁਲਾਰੇ ਜੌਹਨ ਕਿਰਬੀ ਨੂੰ ਜਦੋਂ ਇਕ ਪ੍ਰੈਸ ਮਿਲਣੀ ਦੌਰਾਨ ਪੁੱਛਿਆ ਗਿਆ ਕਿ ਸਦੀਕੀ ਨੂੰ ਆਨ ਲਾਈਨ ਬਹੁਤ ਬੁਰੀ ਤਰਾਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ਤਾਂ ਉਨ੍ਹਾਂ ਕਿਹਾ ਕਿ ਅਸੀਂ ਅਜਿਹੀਆਂ ਰਿਪੋਰਟਾਂ ਤੋਂ ਜਾਣੂ ਹਾਂ, ਅਜਿਹਾ ਪ੍ਰਵਾਨ ਨਹੀਂ ਹੈ ਤੇ ਅਸੀਂ ਪੱਤਰਕਾਰ ਨੂੰ ਕਿਸੇ ਵੀ ਹਾਲਤ ਵਿੱਚ ਪ੍ਰੇਸ਼ਾਨ ਕਰਨ ਦੀ ਸਖ਼ਤ ਨਿੰਦਾ ਕਰਦੇ ਹਾਂ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਕਰਾਈਨ ਜੀਨ ਪੀਰ ਨੇ ਵੀ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਅਸੀਂ ਪ੍ਰੈਸ ਦੀ ਆਜ਼ਾਦੀ ਪ੍ਰਤੀ ਦ੍ਰਿੜ੍ਹ ਸੰਕਲਪ ਹਾਂ ਤੇ ਪੱਤਰਕਾਰ ਨੂੰ ਡਰਾਉਣ ਧਮਕਾਉਣ ਤੇ ਪ੍ਰੇਸ਼ਾਨ ਕਰਨ ਦੀ ਕਿਸੇ ਵੀ ਕੋਸ਼ਿਸ਼ ਦੀ ਨਿੰਦਾ ਕਰਦੇ ਹਾਂ।



## ਭਾਰਤੀ ਮੂਲ ਦੇ ਕੇਨ ਮੈਥੀਊ ਨੇ ਅਮਰੀਕਾ ਦੇ ਸਟਾਫੋਰਡ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੁੱਕੀ



ਸੈਕਰਾਮੈਂਟੋ ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਕੇਰਲਾ ਵਿੱਚ ਪੈਦਾ ਹੋਏ ਭਾਰਤੀ - ਅਮਰੀਕੀ ਕੇਨ ਮੈਥੀਊ ਨੇ ਸਟਾਫੋਰਡ (ਟੈਕਸਾਸ) ਦੇ ਮੇਅਰ ਵਜੋਂ ਸਹੁੰ ਚੁੱਕੀ। ਸਾਬਕਾ ਸਟਾਫੋਰਡ ਸਿਟੀ ਕੌਂਸਲ ਮੈਂਬਰ ਮੈਥੀਊ ਨੂੰ ਅਹੁਦੇ ਦੀ ਸਹੁੰ ਉਨ੍ਹਾਂ ਦੇ ਹੀ ਹਮ ਰੁੱਤਬਾ ਇਕ ਹੋਰ ਭਾਰਤੀ-ਅਮਰੀਕੀ ਮਿਸੌਰੀ ਸਿਟੀ ਮੇਅਰ ਰਾਬਿਨ ਈਲੈਕਟ ਨੇ ਚੁਕਾਈ। ਵਿਸ਼ੇਸ਼ ਸਹੁੰ ਚੁੱਕ ਸਮਾਗਮ ਵਿੱਚ ਮੈਥੀਊ ਦੇ ਪਰਿਵਾਰਕ ਮੈਂਬਰ ਤੇ ਚੋਟੀ ਦੇ ਅਧਿਕਾਰੀ ਸ਼ਾਮਿਲ ਹੋਏ। ਮੈਥੀਊ ਨੇ ਮੌਜੂਦਾ ਮੇਅਰ ਸੀਸਿਲ ਵਿਲਜ ਨੂੰ 16 ਵੋਟਾਂ ਨਾਲ ਹਰਾ ਕੇ ਇਤਿਹਾਸ ਸਿਰਜਿਆ ਹੈ। ਉਨਾਂ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਉਹ ਇਸ ਮੁਕਾਮ 'ਤੇ ਪੁੱਜੇ ਹਨ। ਮੈਥਿਊ ਪਹਿਲੀ ਵਾਰ ਸਟਾਫੋਰਡ ਕੌਂਸਲ ਲਈ ਚੁਣੇ ਗਏ ਸਨ। ਓਦੋਂ ਤੋਂ ਹੀ ਉਹ ਕੌਂਸਲ ਵਿੱਚ ਆਪਣੀ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਉਨਾਂ ਨੇ ਸ਼ਹਿਰ ਦੇ ਪਲੈਨਿੰਗ ਐਂਡ ਜ਼ੋਨਿੰਗ ਕਮਿਸ਼ਨ ਵਿੱਚ ਵੀ ਕਈ ਸਾਲਾ ਸੇਵਾਵਾਂ ਨਿਭਾਈਆਂ ਹਨ। ਮੈਥਿਊ ਯੁਨੀਵਰਸਿਟੀ ਆਫ ਬੰਬੇ ਤੋਂ ਡਿਗਰੀ ਕਰਨ ਉਪਰੰਤ 1970ਵਿਆਂ ਵਿੱਚ ਅਮਰੀਕਾ ਚਲੇ ਗਏ ਸਨ। ਐਮ ਬੀ ਏ ਪਾਸੇ ਮੈਥੀਊ 1982 ਤੋਂ ਸਟਾਫੋਰਡ ਵਿੱਚ ਰਹਿ ਰਹੇ ਹਨ। ਭਾਰਤੀ ਅਮਰੀਕੀ ਫੋਰਟ ਬੈਂਡ ਕਾਊਂਟੀ ਜੱਜ ਕੇ ਪੀ ਜਾਰਜ ਸਮੇਤ ਅਨੇਕਾਂ ਹੋਰਨਾਂ ਨੇ ਮੈਥੀਊ ਨੂੰ ਮੇਅਰ ਬਣਨ 'ਤੇ ਵਧਾਈਆਂ ਦਿੱਤੀਆਂ ਹਨ।

## ਅਮਰੀਕਾ ਵਿੱਚ ਕਾਲੇ ਵਿਅਕਤੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ 'ਚ 6 ਗੋਰੇ ਪੁਲਿਸ ਅ.ਫਸਰ ਬਰ.ਖ਼ਾਸਤ

ਸੈਕਰਾਮੈਂਟੋ, ਕੈਲੀਫੋਰਨੀਆ /ਹੁਸਨ ਲੜੋਆ ਬੰਗਾ: ਅਮਰੀਕਾ ਦੇ ਮਿਸੀ ਸਿੱਪੀ ਰਾਜ ਵਿੱਚ ਰੈਨਕਿਨ ਕਾਊਂਟੀ ਸ਼ੈਰਿਫ ਦਫ਼ਤਰ ਵੱਲੋਂ ਆਪਣੇ 6 ਡਿਪਟੀਆਂ ਨੂੰ 2 ਕਾਲੇ ਵਿਅਕਤੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ ਵਿੱਚ ਬਰਖ਼ਾਸਤ ਕਰ ਦੇਣ ਦੀ ਖ਼ਬਰ ਹੈ। ਪੁਲਿਸ ਅਫਸਰਾਂ ਵਿਰੁੱਧ ਇਹ ਕਾਰਵਾਈ ਕਾਲੇ ਵਿਅਕਤੀਆਂ ਵੱਲੋਂ ਇਕ ਸੰਘੀ ਅਦਾਲਤ ਵਿੱਚ ਮਨੁੱਖੀ ਹੱਕਾਂ ਬਾਰੇ ਪਟੀਸ਼ਨ ਦਾਇਰ ਕਰਨ ਦੇ ਦੋ ਹਫਤੇ ਬਾਅਦ ਕੀਤੀ ਗਈ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ 6 ਡਿਪਟੀਆਂ ਨੇ ਉਨ੍ਹਾਂ ਦੀ ਨਿੱਜੀ ਰਿਹਾਇਸ਼ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋ ਕੇ ਉਨ੍ਹਾਂ ਉਪਰ ਤਕਰੀਬਨ 2 ਘੰਟੇ ਤਸ਼ੱਦਦ ਕੀਤਾ। ਰੈਨਕਿਨ ਕਾਊਂਟੀ ਦੇ ਸ਼ੈਰਿਫ ਬਰਾਇਨ ਬੇਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਾਜ਼ਾ ਘਟਨਾ ਕ੍ਰਮ ਤੇ ਸਾਡੀ ਅੰਦਰੂਨੀ ਜਾਂਚ ਦੇ ਮੱਦੇ-ਨਜ਼ਰ ਡਿਪਟੀਆਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ। ਸ਼ੈਰਿਫ ਨੇ ਨਾ ਹੀ ਬਰਖ਼ਾਸਤ ਕੀਤੇ ਡਿਪਟੀਆਂ ਦੀ ਗਿਣਤੀ ਤੇ ਨਾ ਹੀ ਉਨ੍ਹਾਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਡਿਪਟੀ ਇਸ ਵੇਲੇ ਪ੍ਰਸ਼ਾਸਨਿਕ ਛੁੱਟੀ 'ਤੇ ਹਨ ਸ਼ੈਰਿਫ ਨੇ ਡਿਪਟੀਆਂ ਵਿਰੁੱਧ ਦੋਸ਼ਾਂ ਬਾਰੇ ਕੁਝ ਕਹਿਣ ਤੋਂ ਵੀ ਨਾਂਹ ਕਰ ਦਿੱਤੀ। ਦਾਇਰ ਪਟੀਸ਼ਨ ਵਿੱਚ ਕਾਲੇ ਵਿਅਕਤੀਆਂ ਮਿਸ਼ੈਲ ਜੈਨਕਿਨਸ ਤੇ ਐਡੀ ਪਾਰਕਰ ਨੇ ਦੋਸ਼ ਲਾਇਆ ਹੈ ਕਿ ਇਸ ਸਾਲ 24 ਜਨਵਰੀ ਨੂੰ 6 ਡਿਪਟੀ ਉਨ੍ਹਾਂ ਦੇ ਬਰੈਕਸਟਨ ਵਿਚਲੇ ਘਰ ਵਿੱਚ ਬਿਨਾਂ ਵਾਰੰਟ ਜਬਰਨ ਦਾਖਲ ਹੋਏ। ਡਿਪਟੀਆਂ ਨੇ ਉਨ੍ਹਾਂ ਦੇ ਹੱਥਕੜੀਆਂ ਲਾ ਕੇ ਉਨ੍ਹਾਂ ਦੇ ਠੁੱਡੇ ਮਾਰੇ ਤੇ ਵਾਰ ਵਾਰ ਟੀਜ਼ਰ ਦੀ ਵਰਤੋਂ ਕੀਤੀ। ਉਨ੍ਹਾਂ ਦੇ ਜਿਣਸੀ ਸ਼ੋਸ਼ਣ ਦੀ ਵੀ ਕੋਸ਼ਿਸ਼ ਕੀਤੀ ਗਈ। ਯੂ ਐਸ ਡਿਸਟ੍ਰਿਕਟ ਕੋਰਟ ਮਿਸੀ ਸਿੱਪੀ ਵਿੱਚ ਦਾਇਰ ਪਟੀਸ਼ਨ ਵਿੱਚ ਸ਼ੈਰਿਫ ਤੇ 6 ਡਿਪਟੀਆਂ ਨੂੰ ਦੋਸ਼ੀ ਬਣਾਇਆ ਗਿਆ ਹੈ ਤੇ 40 ਕਰੋੜ ਡਾਲਰ ਦਾ ਮਾਣਹਾਨੀ ਦਾਅਵਾ ਕੀਤਾ ਗਿਆ ਹੈ।



## ਕੈਲੀਫੋਰਨੀਆ 'ਚ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ 16 ਜ਼ਖ਼ਮੀ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਦੱਖਣੀ ਕੈਲੀਫੋਰਨੀਆ ਵਿੱਚ ਇੱਕ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ ਘੱਟੋ ਘੱਟ 16 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਰੱਕ ਨਾਲ ਟਕਰਾਉਣ ਉਪਰੰਤ ਰੇਲ ਗੱਡੀ ਅੰਸ਼ਕ ਰੂਪ ਵਿੱਚ ਪੱਟੜੀ ਤੋਂ ਲਹਿ ਗਈ ਜਦ ਕਿ ਟਰੱਕ ਪੂਰੀ ਤਰਾਂ ਤਬਾਹ ਹੋ ਗਿਆ। ਸਥਾਨਕ ਅਧਿਕਾਰੀਆਂ ਅਨੁਸਾਰ ਇਸ ਹਾਦਸੇ ਕਾਰਨ ਰੇਲ ਪੱਟੜੀ 'ਤੇ ਆਵਾਜਾਈ ਰੋਕ ਦਿੱਤੀ ਗਈ। ਵੈਂਟੂਰਾ ਕਾਊਂਟੀ ਫਾਇਰ ਵਿਭਾਗ ਅਨੁਸਾਰ ਟਰੱਕ ਦੇ ਡਰਾਈਵਰ ਨੂੰ ਟਰੌਮਾ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦ ਕਿ ਇੱਕ ਹੋਰ ਯਾਤਰੀ ਨੂੰ ਮੈਡੀਕਲ ਸੈਂਟਰ ਲਿਜਾਇਆ ਗਿਆ ਹੈ। ਬਾਕੀ 14 ਯਾਤਰੀਆਂ ਦੇ ਮਾਮਲੀ (**ਬਾਕੀ ਸਫ਼ਾ 30 'ਤੇ**)

## ਕੈਲੀਫੋਰਨੀਆ ਵਾਸੀ ਔਰਤ ਨੂੰ ਝੂਠ ਬੋਲਣ ਦੇ ਮਾਮਲੇ ਵਿੱਚ 90 ਦਿਨਾਂ ਦੀ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ / ਹੁਸਨ ਲੜੋਆ ਬੰਗਾ: ਕੈਲੀਫੋਰਨੀਆ ਵਾਸੀ ਇੱਕ ਔਰਤ ਜਿਸ ਨੇ ਇਕ ਜੋੜੇ ਉਪਰ ਦੋਸ਼ ਲਾਇਆ ਸੀ ਕਿ ਉਨਾਂ ਨੇ ਉਸ ਦੇ ਬੱਚੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਨੂੰ ਇਕ ਅਦਾਲਤ ਨੇ ਝੂਠ ਬੋਲਣ ਲਈ 90 ਦਿਨਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਸੋਨੋਮਾ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਦਿੱਤੀ ਹੈ। ਅਦਾਲਤ ਨੇ ਕੈਥਲੀਨ ਸੋਰੇਨਸਨ ਨਾਮੀ 31 ਸਾਲਾ ਔਰਤ ਨੂੰ ਅਪਰਾਧ ਦੀ ਝੂਠੀ ਰਿਪੋਰਟ ਦਰਜ ਕਰਵਾਉਣ ਲਈ ਦੋਸ਼ੀ ਕਰਾਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਦਸੰਬਰ 2020 ਵਿੱਚ ਸੋਰੇਨਸਨ ਆਪਣੇ 2 ਬੱਚਿਆਂ ਨਾਲ ਪੇਟਾਲੂਮਾ, ਕੈਲੀਫੋਰਨੀਆ ਵਿੱਚ ਇਕ ਮਾਈਕਲ ਕਰਾਫਟ ਸਟੋਰ ਵਿੱਚ ਖਰੀਦਦਾਰੀ ਕਰਨ ਲਈ ਗਈ ਸੀ। ਸੋਨੋਮਾ ਕਾਊਂਟੀ ਪ੍ਰਾਸੀਕਿਊਟਰਜ ਵੱਲੋਂ ਜਾਰੀ ਬਿਆਨ ਅਨੁਸਾਰ ਖਰੀਦਦਾਰੀ ਕਰਨ ਉਪਰੰਤ ਸੋਰੇਨਸਨ ਆਪਣੇ ਦੋ ਬੱਚਿਆਂ ਨਾਲ ਉਥੋਂ ਚਲੀ ਗਈ ਸੀ ਪਰੰਤੂ ਕੁਝ ਮਿੰਟਾਂ ਬਾਅਦ ਉਸ ਨੇ ਪੇਟਾਲੂਮਾ ਪੁਲਿਸ ਵਿਭਾਗ ਨੂੰ ਫੋਨ ਕਰਕੇ ਦੱਸਿਆ ਕਿ ਇਕ ਜੋੜੇ ਨੇ ਉਸ ਦੇ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋਰੇਨਸਨ ਨੇ ਸਟੋਰ ਦੀ ਇੱਕ ਵੀਡੀਓ ਵਿੱਚ ਉਸ ਜੋੜੇ ਦੀ ਪਛਾਣ ਵੀ ਕੀਤੀ ਜਿਸ ਨੇ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਅਨੁਸਾਰ ਡੂੰਘਾਈ ਨਾਲ ਜਾਂਚ ਪੜਤਾਲ ਉਪਰੰਤ ਸੋਰੇਨਸਨ ਦੀ ਕਹਾਣੀ ਝੂਠੀ ਨਿਕਲੀ।



## ਕੈਨੇਡਾ ਦੇ ਜੰਗਲਾਂ 'ਚ ਲੱਗੀ ਅੱਗ ਦਾ ਅਮਰੀਕਾ 'ਚ ਵੱਡੀ ਪੱਧਰ 'ਤ ਅਸਰ

### ਸ਼ਿਕਾਗੋ ਤੇ ਡੈਟਰਾਇਟ ਖੇਤਰ ਸਭ ਤੋਂ ਵੱਧ ਪ੍ਰਭਵਿਤ

ਸੈਕਰਾਮੈਂਟੋ ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਕੈਨੇਡਾ ਦੇ ਜੰਗਲਾਂ ਨੂੰ ਲੱਗੀ ਅੱਗ ਦਾ ਕੈਨੇਡਾ ਵਾਸੀਆਂ ਨੂੰ ਸੇਕ ਤਾਂ ਲੱਗ ਹੀ ਰਿਹਾ ਹੈ ਪਰ ਇਸ ਦੇ ਨਾਲ ਹੀ ਗੁਆਂਢੀ ਮੁਲਕ ਅਮਰੀਕਾ ਵੀ ਇਸ ਦੇ ਅਸਰ ਤੋਂ ਬਚ ਨਹੀਂ ਸਕਿਆ। ਅਮਰੀਕਾ ਦੇ ਕਈ ਹਿੱਸਿਆਂ ਵਿੱਚ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਨੈਸ਼ਨਲ ਵੈਦਰ ਸਰਵਿਸਜ ਅਨੁਸਾਰ ਲੋਵਾ, ਵਿਸਕਾਨਸਿਨ, ਇਲੀਨੋਇਸ, ਇੰਡਿਆਨਾ, ਮਿਸ਼ੀਗਨ, ਡੇਲਾਵੇਅਰ ਤੇ ਮੈਰੀਲੈਂਡ ਵਿੱਚ ਹਵਾ ਦੀ ਗੁਣਵਤਾ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕੰਸਾਸ, ਮਿਸੌਰੀ, ਮਿਨੀਸੋਟਾ, ਓਹੀਓ, ਪੈਨਸਿਲਵਾਨੀਆ, ਨਿਊਯਾਰਕ ਤੇ ਵਰਜੀਨੀਆ ਦੇ ਕੁਝ ਹਿੱਸਿਆਂ ਵਿੱਚ ਵੀ ਚੌਕਸ ਰਹਿਣ ਲਈ ਕਿਹਾ ਗਿਆ ਹੈ। ਇਨਾਂ ਖੇਤਰਾਂ ਵਿਚਲੇ ਵਾਸੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਏਅਰ ਕੰਡੀਸ਼ਨ ਵਿੱਚ ਹੀ ਰਹਿਣ ਤੇ ਬਾਹਰ ਜਾਣ ਸਮੇ ਐਨ 95 ਮਾਸਕ ਪਾਉਣ।

ਬਾਰਿਸ਼ ਨਾ ਪੈਣ ਕਾਰਨ ਕੈਨੇਡਾ ਵਿੱਚ ਸੈਂਕੜੇ ਥਾਵਾਂ 'ਤੇ ਲੱਗੀ ਅੱਗ ਬੁਝਣ ਦਾ ਨਾਂ ਨਹੀਂ ਲੈ ਰਹੀ ਤੇ ਹੋਰ ਅੱਗੇ ਫੈਲਦੀ ਜਾ ਰਹੀ ਹੈ। ਕੈਨੇਡੀਅਨ ਇੰਟਰਏਜੰਸੀ ਫਾਰੈਸਟ ਫਾਇਰ ਸੈਂਟਰ ਅਨੁਸਾਰ 200 ਥਾਵਾਂ 'ਤੇ ਲੱਗੀ ਅੱਗ ਨਿਯੰਤਰਣ ਤੋਂ ਬਾਹਰ ਹੋ ਗਈ ਹੈ। ਅੱਗ ਕਾਰਨ ਅਮਰੀਕਾ ਦੇ ਪੂਰਬੀ ਤੱਟ ਉਪਰ ਬਦਲ ਸੰਤਰੀ ਰੰਗ ਦੇ ਹੋ ਗਏ ਹਨ ਤੇ ਹਵਾ ਦੀ ਗੁਣਵਤਾ ਖਰਾਬ ਹੋ ਗਈ ਹੈ। ਖਾਸ ਕਰਕੇ ਮੱਧਪੱਛਮੀ ਖੇਤਰ ਦੇ ਕੁਝ ਹਿੱਸੇ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸ਼ਿਕਾਗੋ (ਇਲੀਨੋਇਸ) ਤੇ ਡੈਟਰਾਇਟ (ਮਿਸ਼ੀਗਨ) ਖੇਤਰ ਵਿੱਚ ਹਵਾ ਦੀ ਗੁਣਵਤਾ ਵਿਸ਼ਵ ਭਰ ਵਿੱਚ ਸਭ ਤੋਂ ਖਰਾਬ ਹੋ ਗਈ ਹੈ। ਸ਼ਿਕਾਗੋ ਦੇ ਅਸਮਾਨ ਵਿੱਚ ਗਾੜਾ ਧੂੰਆਂ ਫੈਲ ਗਿਆ ਹੈ ਤੇ ਲੋਕਾਂ ਨੂੰ ਸੜਾਂਦ ਮਾਰਦੀ ਹਵਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸਕਾਸਿਨ ਦੇ ਜ਼ਿਆਦਾਤਰ ਹਿੱਸੇ, ਮਿਸ਼ੀਗਨ, ਇਲੀਨੋਇਸ, ਇੰਡਿਆਨਾ ਤੇ ਓਹੀਓ ਸਮੇਤ ਸ਼ਿਕਾਗੋ ਦੇ ਆਸ ਪਾਸ ਗਰੇਟ ਲੇਕਸ ਖੇਤਰ ਵਿਚ ਫੈਲੇ ਧੂੰਏਂ ਕਾਰਨ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਇਸੇ ਦੌਰਾਨ ਧੂੰਏਂ ਵਾਲੀਆਂ ਹਵਾਵਾਂ ਨਿਊ ਯਾਰਕ ਵੱਲ ਵਗਣੀਆਂ ਸ਼ੁਰੂ ਹੋ ਗਈਆਂ ਹਨ ਤੇ ਪੱਛਮੀ ਅਤੇ ਕੇਂਦਰੀ ਨਿਊਯਾਰਕ ਦੇ ਹਿੱਸਿਆਂ ਵਿੱਚ ਹਵਾ ਦੀ ਗੁਣਵਤਾ ਖਰਾਬ ਹੋਣ ਦੀ ਚਿਤਾਵਨੀ ਦਿੱਤੀ ਗਈ ਹੈ ਜਿਸ ਕਾਰਨ ਸਿਹਤ ਉਪਰ ਬੁਰਾ ਪ੍ਰਭਾਵਪੈ ਸਕਦਾ ਹੈ। ਚਿਤਾਵਨੀ ਵਿਚ ਕਿਹਾ ਗਿਆ ਹੈ ਕਿ ਪੈਦਾ ਹੋਏ ਹਾਲਾਤ ਦੇ ਮੱਦੇਨਜਰ ਛੋਟੇ ਬੱਚਿਆਂ, ਬਜ਼ੁਰਗਾਂ ਜਾਂ ਜਿਨਾਂ ਲੋਕਾਂ ਨੂੰ ਦਿੱਲ ਜਾਂ ਫੇਫੜਿਆਂ ਦੀ ਬਿਮਾਰੀ ਹੈ, ਨੂੰ ਅੰਦਰ ਹੀ ਰਹਿਣਾ ਚਾਹੀਦਾ ਹੈ ਤੇ ਬਾਹਰ ਨਿਕਲਣ ਤੋਂ ਬਚਣਾ ਚਾਹੀਦਾ ਹੈ।



## ਆਰ. ਨੇਤ, ਜੱਸ ਬਾਜਵਾ, ਸ਼ਿਪਰਾ ਗੋਇਲ ਅਤੇ ਜੋਬਨ ਸਿੱਧੂ ਦਾ ਕੈਲੀ.ਫੋਰਨੀਆ 'ਚ ਸ਼ੋਅ

ਫਰਿਜਨੋ /ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ : ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕੈਲੀਫੋਰਨੀਆ ਦੇ ਸ਼ਹਿਰ ਫਰਿਜਨੋ ਵਿਖੇ ਲੰਘੇ ਸ਼ੁੱਕਰਵਾਰ ਸਥਾਨਿਕ ਵਾਰਨਰ ਥੀਏਟਰ ਵਿੱਚ ਮੈਕਸ ਪ੍ਰਿੰਟਿੰਗ ਵਾਲੇ ਹਰਸ਼ ਬਰਾੜ ਅਤੇ ਬੀ ਐਸ ਐਮ ਟਰੱਕ ਪਰਮਿੰਟਸ ਵੱਲੋਂ ਜੱਸ ਬਾਜਵਾ, ਆਰ ਨੇਤ, ਸ਼ਿਪਰਾ ਗੋਇਲ ਅਤੇ ਜੋਬਨ ਸੰਧੂ ਦਾ ਸ਼ੋਅ ਕਰਵਾਇਆ ਗਿਆ। ਜਿੱਥੇ ਦਰਸ਼ਕਾਂ ਨਾਲ ਖਚਾ ਖਚ ਭਰੇ ਹਾਲ ਅੰਦਰ ਹੋਸਟ ਜੋਤ ਰਣਜੋਤ ਨੇ ਸ਼ੋਅ ਦੀ ਸ਼ੁਰੂਆਤ ਸ਼ਾਇਰਾਨਾ ਅੰਦਾਜ਼ ਵਿੱਚ ਸਭਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੌਕੇ ਜਿੱਥੇ ਜੋਬਨ ਸੰਧੂ ਅਤੇ ਸ਼ਿਪਰਾ ਗੋਇਲ ਨੇ ਆਪਣੇ ਗੀਤਾਂ ਨਾਲ (**ਬਾਕੀ ਸਫ਼ਾ 30 'ਤੇ**)



# ਅੰਤਰਰਾਸ਼ਟਰੀ ਖ਼ਬਰਨਾਮਾ

## ਕੈਨੇਡਾ ਦੇ ਪਹਿਲੇ ਅੰਮ੍ਰਿਤਧਾਰੀ ਪੁਲਿਸ ਅਧਿਕਾਰੀ ਬਲਜੀਤ ਸਿੰਘ ਢਿੱਲੋਂ ਵਰਕਸੇਫ਼ ਬੀ.ਸੀ. ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਪ੍ਰਧਾਨ ਬਣੇ

### ਸਿੱਖ ਮਰਿਆਦਾ ਉੱਪਰ ਪਹਿਰਾ ਦੇਕੇ ਪਹਿਰਾਵੇ ਦੇ ਕੋਡ ਦੀ ਪਾਲਣਾ ਕਰਨ ਤੋਂ ਕੀਤਾ ਸੀ ਇਨਕਾਰ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿੱਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਜੀਤ ਸਿੰਘ ਢਿੱਲੋਂ ਨੂੰ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਵਿੱਚ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਬਲਤੇਜ ਸਿੰਘ ਢਿੱਲੋਂ ਨੂੰ ਵਰਕਸੇਫ਼ ਬੀ.ਸੀ. ਦੇ ਬੋਰਡ ਆਫ਼ ਡਾਇਰੈਕਟਰਜ਼ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਾਲ ਉਹ ਇਹ ਉੱਚ ਅਹੁਦਾ ਸੰਭਾਲਣ ਵਾਲਾ ਪਹਿਲਾ ਦੱਖਣੀ ਏਸ਼ੀਆਈ ਬਣ ਗਿਆ ਹੈ।



2017 ਤੋਂ ਬੋਰਡ ਦੇ ਮੈਂਬਰ ਢਿੱਲੋਂ ਨੂੰ ਪਿਛਲੇ ਹਫ਼ਤੇ ਕਿਰਤ ਮੰਤਰੀ ਹੈਰੀ ਬੈਂਸ ਦੁਆਰਾ ਕੀਤੇ ਗਏ ਐਲਾਨ ਤੋਂ ਬਾਅਦ 30 ਜੂਨ ਤੋਂ ਪ੍ਰਭਾਵੀ ਤਿੰਨ ਸਾਲਾਂ ਦੀ ਮਿਆਦ ਲਈ ਨਿਯੁਕਤ ਕੀਤਾ ਗਿਆ। ਬਲਤੇਜ ਇੱਕ ਤਜਰਬੇਕਾਰ ਪੁਲਿਸ ਅਧਿਕਾਰੀ ਹੈ, ਜਿਸ ਕੋਲ ਕਾਨੂੰਨ ਲਾਗੂ ਕਰਨ ਵਿੱਚ ਮੁਹਾਰਤ ਅਤੇ ਵਰਕਸੇਫ਼ ਬੀ.ਸੀ. ਵਿੱਚ ਇੱਕ ਡਾਇਰੈਕਟਰ ਵਜੋਂ ਛੇ ਸਾਲਾਂ ਦਾ ਤਜਰਬਾ ਹੈ। ਬੈਂਸ ਨੇ ਆਪਣੇ ਐਲਾਨ ਵਿੱਚ ਕਿਹਾ ਕਿ ਉਹ ਕੰਮ ਵਾਲੀ ਥਾਂ 'ਤੇ ਗੰਭੀਰ ਘਟਨਾਵਾਂ ਦੀ ਜਾਂਚ ਵਿੱਚ ਵਰਕਸੇਫ਼ ਬੀ.ਸੀ. ਦੀ ਭੂਮਿਕਾ ਲਈ ਵਚਨਬੱਧ ਹੋਵੇਗਾ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਿਆ ਜਾ ਸਕੇ।

ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵਰਕਸੇਫ਼ ਬੀ.ਸੀ. ਇੱਕ ਸੂਬਾਈ ਏਜੰਸੀ ਹੈ ਜੋ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਸੁਰੱਖਿਅਤ ਅਤੇ ਸਿਹਤਮੰਦ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਵਰਕਸੇਫ਼ ਬੀ.ਸੀ. ਬੋਰਡ ਆਫ਼ ਡਾਇਰੈਕਟਰਜ਼ ਦੀ ਨਿਯੁਕਤੀ ਬ੍ਰਿਟਿਸ਼ ਕੋਲੰਬੀਆ ਦੇ ਕਿਰਤ ਮੰਤਰੀ ਦੁਆਰਾ ਕੀਤੀ ਜਾਂਦੀ ਹੈ। ਬੋਰਡ ਦੇ ਮੈਂਬਰ ਵਰਕਸੇਫ਼ ਬੀ.ਸੀ. ਅਤੇ ਵਰਕਰਾਂ ਦੀ ਮੁਆਵਜ਼ਾ ਪ੍ਰਣਾਲੀ ਦੇ ਪ੍ਰਬੰਧਕ ਵਜੋਂ ਕੰਮ ਕਰਦੇ ਹਨ। ਢਿੱਲੋਂ ਖੁਫੀਆ, ਸੁਰੱਖਿਆ ਸੇਵਾਵਾਂ ਅਤੇ 1985 ਏਅਰ ਇੰਡੀਆ ਬੰਬ ਧਮਾਕੇ ਟਾਸਕ ਫੋਰਸ ਅਤੇ ਪਿਕਟਨ ਕੇਸ ਦੀ ਜਾਂਚ ਵਿੱਚ ਤਿੰਨ ਦਹਾਕਿਆਂ ਦੇ ਲੰਬੇ ਕੈਰੀਅਰ ਤੋਂ ਬਾਅਦ 2019 ਵਿੱਚ ਪੁਲਿਸ ਫੋਰਸ ਤੋਂ ਸੇਵਾਮੁਕਤ ਹੋਇਆ। ਉਸਨੇ ਵਰਦੀ ਨਾਲ ਦਸਤਾਰ ਪਹਿਨਣ ਵਾਲਾ ਪਹਿਲਾ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦਾ ਮੈਂਬਰ ਬਣ ਕੇ ਇਤਿਹਾਸ ਰਚਿਆ ਅਤੇ ਸਮਾਜ ਦੀ ਸੇਵਾ ਲਈ ਮਹਾਰਾਣੀ ਐਲਿਜ਼ਾਬੈਥ 99 ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲ ਵੀ ਪ੍ਰਾਪਤ ਕੀਤੇ। ਢਿੱਲੋਂ ਨੇ ਕਿਹਾ ਕਿ ਉਹ ਆਪਣੇ ਸਾਥੀ ਬੋਰਡ ਮੈਂਬਰਾਂ ਅਤੇ ਵਰਕਸੇਫ਼ ਬੀ.ਸੀ. ਸਟਾਫ਼ ਨਾਲ ਪ੍ਰਧਾਨ ਵਜੋਂ ਕੰਮ ਸ਼ੁਰੂ ਕਰਨ ਲਈ ਉਤਸ਼ਾਹਿਤ ਹੈ।

(**ਬਾਕੀ ਸਫ਼ਾ 30 'ਤੇ**)

## ਭਾਰਤ ਨਾਲ ਵਪਾਰ ਸਮਝੌਤਾ ਕਰਨ ਦੀ ਇੱਛਾ: ਸੂਨਕ



ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਭਾਰਤ ਨਾਲ 'ਅਭਿਲਾਸ਼ੀ' ਮੁਕਤ ਵਪਾਰ ਸਮਝੌਤਾ (ਐੱਫਟੀਏ) ਕਰਨ ਦਾ ਆਪਣਾ ਅਹਿਦ ਦੁਹਰਾਉਂਦਿਆਂ ਸਤੰਬਰ 'ਚ ਤਜਵੀਜ਼ਤ ਜੀ-20 ਸਿਖਰ ਸੰਮੇਲਨ ਲਈ ਭਾਰਤ ਜਾਣ ਦੀ ਸੰਭਾਵਨਾ ਜਤਾਈ ਹੈ।

ਸੂਨਕ ਨੇ ਆਪਣੀ ਸਰਕਾਰੀ ਰਿਹਾਇਸ਼ '10 ਡਾਊਨਿੰਗ ਸਟਰੀਟ' 'ਚ ਹੋਏ 'ਬ੍ਰਿਟੇਨ-ਭਾਰਤ ਹਫ਼ਤੇ 2023' ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੋਵੇਂ ਮੁਲਕਾਂ ਦੇ ਕਾਰੋਬਾਰੀ ਰਿਸ਼ਤੇ ਵਧਾਉਣ ਦੀ ਵਿਆਪਕ ਸੰਭਾਵਨਾ ਨੂੰ ਲੈ ਕੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਭਾਰਤ ਅਤੇ ਬ੍ਰਿਟੇਨ ਵਿਚਕਾਰ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਪਿਛਲੇ ਸਾਲ ਜਨਵਰੀ ਤੋਂ ਹੀ ਗੱਲਬਾਤ ਚੱਲ ਰਹੀ ਹੈ। ਅਜੇ ਤੱਕ ਦੋਵੇਂ ਮੁਲਕਾਂ ਵਿਚਕਾਰ 10 ਗੇੜ ਦੀ ਗੱਲਬਾਤ ਹੋ ਚੁੱਕੀ ਹੈ ਅਤੇ 11ਵਾਂ ਦੌਰ ਅਗਲੇ ਮਹੀਨੇ ਹੋਣ ਵਾਲਾ ਹੈ। ਪਤਨੀ ਅਕਸ਼ਿਤਾ ਮੂਰਤੀ ਨਾਲ ਹਾਜ਼ਰ ਪ੍ਰਧਾਨ ਮੰਤਰੀ ਨੇ ਮਜ਼ਾਹੀਆ ਅੰਦਾਜ਼ 'ਚ ਕਿਹਾ ਕਿ ਇਹ ਪਾਰਟੀ ਉਨ੍ਹਾਂ ਦੀ ਸੱਸ ਸੁਧਾ ਮੂਰਤੀ ਦੇ ਸਨਮਾਨ 'ਚ ਵੀ ਹੈ ਜੋ ਭਾਰਤ ਤੋਂ ਉਚੇਚੇ ਤੌਰ 'ਤੇ ਇਥੇ ਆਈ ਹੈ। ਸਮਾਗਮ ਦੌਰਾਨ ਸ੍ਰੀ ਸੂਨਕ ਨੇ ਉਥੇ ਹਾਜ਼ਰ ਮੁੱਕੇਬਾਜ਼ ਮੇਰੀ ਕੌਮ, ਗਾਇਕ ਅਤੇ ਸੰਗੀਤਕਾਰ ਸ਼ੰਕਰ ਮਹਾਦੇਵਨ ਤੇ ਜ਼ਾਕਿਰ ਹੁਸੈਨ, ਬੌਲੀਵੁੱਡ ਅਦਾਕਾਰ ਸੋਨਮ ਕਪੂਰ ਅਤੇ ਵਿਵੇਕ ਓਬਰਾਏ ਨਾਲ ਵੀ ਗੱਲਬਾਤ ਕੀਤੀ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਇਸ ਸਮਾਗਮ ਦੌਰਾਨ ਦੂਜਾ ਵਿਸ਼ਵ ਯੁੱਧ ਲੜਨ ਵਾਲੇ ਆਖਰੀ ਜਿਊਂਦੇ ਸਿੱਖ ਸੈਨਿਕਾਂ ਵਿੱਚੋਂ ਇੱਕ ਰਾਜਿੰਦਰ ਸਿੰਘ ਢੱਟ (101) ਨੂੰ 'ਪੁਆਇੰਟਸ ਆਫ਼ ਲਾਈਟ' ਸਨਮਾਨ ਨਾਲ ਸਨਮਾਨਿਆ ਹੈ। ਬ੍ਰਿਟਿਸ਼ ਭਾਰਤੀ ਜੰਗੀ

(**ਬਾਕੀ ਸਫ਼ਾ 30 'ਤੇ**)

## ਐਲਨ ਮਸਕ ਨੇ ਫਿਰ ਬਦਲਿਆ ਟਵਿੱਟਰ ਦਾ ਅਹਿਮ ਨਿਯਮ

### ਟਵੀਟਡੈੱਕ ਐਕਸੈੱਸ ਲਈ ਯੂਜ਼ਰ ਨੂੰ ਕਰਨਾ ਹੋਵੇਗਾ ਵੈਰੀਫਾਈ

ਕੈਲੇਫੋਰਨੀਆ/ਏ.ਟੀ.ਨਿਊਜ਼ : ਟਵਿੱਟਰ ਦੇ ਮਾਲਕ ਐਲਨ ਮਸਕ ਲਗਾਤਾਰ ਟਵਿੱਟਰ ਦੇ ਨਿਯਮਾਂ ਅਤੇ ਨੀਤੀਆਂ ਨੂੰ ਬਦਲ ਰਹੇ ਹਨ। ਹੁਣ ਉਨ੍ਹਾਂ ਕਿਹਾ ਹੈ ਕਿ ਟਵੀਟਡੈੱਕ ਐਕਸੈੱਸ ਲਈ ਯੂਜ਼ਰ ਨੂੰ ਵੈਰੀਫਾਈ ਕਰਨਾ ਹੋਵੇਗਾ। ਹੁਣ ਤੱਕ ਕੋਈ ਵੀ ਟਵੀਟਡੈੱਕ ਐਕਸੈੱਸ ਦੀ ਵਰਤੋਂ ਕਰ ਸਕਦਾ ਸੀ। ਇਸ ਦੀ ਮਦਦ ਨਾਲ ਯੂਜ਼ਰਸ ਇਕ ਹੀ ਡੈਸ਼ਬੋਰਡ ਰਾਹੀਂ ਕਈ ਅਕਾਊਂਟਸ ਦਾ ਪ੍ਰਬੰਧ ਕਰ ਸਕਦੇ ਹਨ ਅਤੇ ਪਾਸਵਰਡ ਸਾਂਝਾ ਕੀਤੇ ਬਿਨਾਂ ਟਵਿੱਟਰ ਲਈ ਸਮੱਗਰੀ ਬਣਾਉਣ ਲਈ ਦੂਜੇ ਯੂਜ਼ਰਸ ਨਾਲ ਸਹਿਯੋਗ ਕਰ ਸਕਦੇ ਹਨ। ਟਵਿੱਟਰ ਦਾ ਕਹਿਣਾ ਹੈ ਕਿ ਟਵੀਟਡੈੱਕ ਦਾ ਐਕਸੈੱਸ ਹਾਸਲ ਕਰਨ ਲਈ ਯੂਜ਼ਰਸ ਦੀ ਪੁਸ਼ਟੀ ਹੋਣੀ ਚਾਹੀਦੀ ਹੈ।




ਸੋਸ਼ਲ ਮੀਡੀਆ ਕੰਪਨੀ ਟਵਿੱਟਰ ਨੇ ਇਕ ਟਵੀਟ ਵਿੱਚ ਕਿਹਾ ਕਿ ਟਵਿੱਟਰ ਯੂਜ਼ਰਸ ਨੂੰ ਜਲਦ ਹੀ ਟਵੀਟਡੈੱਕ ਐਕਸੈੱਸ ਦੀ ਵਰਤੋਂ ਕਰਨ ਲਈ ਤਸਦੀਕ ਕਰਨ ਦੀ ਲੋੜ ਹੋਵੇਗੀ। ਕੰਪਨੀ ਨੇ ਕਿਹਾ ਕਿ ਇਸ ਨਿਯਮ ਨੂੰ 30 ਦਿਨਾਂ 'ਚ ਲਾਗੂ ਕਰ ਦਿੱਤਾ ਜਾਵੇਗਾ। ਟਵਿੱਟਰ ਨੇ ਨਵੇਂ ਫੀਚਰਸ ਦੇ ਨਾਲ ਟਵੀਟਡੈੱਕ ਐਕਸੈੱਸ ਦੇ ਮਾਡਰਨ ਵਰਜ਼ਨ ਦੀ ਡਿਟੇਲ ਦਿੰਦਿਆਂ ਇਕ ਟਵੀਟ ਵਿੱਚ ਇਹ ਐਲਾਨ ਕੀਤਾ। ਹਾਲਾਂਕਿ, ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕੀ ਟਵਿੱਟਰ ਟਵੀਟਡੈੱਕ ਐਕਸੈੱਸ ਦੇ ਨਵੇਂ ਅਤੇ ਪੁਰਾਣੇ ਦੋਵੇਂ ਵਰਜ਼ਨ ਲਈ ਯੂਜ਼ਰਸ ਤੋਂ ਚਾਰਜ ਲਵੇਗਾ ਜਾਂ ਨਹੀਂ। ਹਾਲਾਂਕਿ, ਟਵੀਟਡੈੱਕ ਐਕਸੈੱਸ ਦੀ ਵਰਤੋਂ ਕਰਨ ਲਈ ਯੂਜ਼ਰਸ ਨੂੰ ਤਸਦੀਕ

(**ਬਾਕੀ ਸਫ਼ਾ 30 'ਤੇ**)

## ਅਮਰੀਕਾ ਦੇ ਫਿਲਾਡੇਲਫੀਆ 'ਚ ਗੋਲੀਬਾਰੀ ਦੌਰਾਨ ਚਾਰ ਵਿਅਕਤੀਆਂ ਦੀ ਮੌਤ ਤੇ ਕਈ ਜ਼ਖ਼ਮੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਸੁਤੰਤਰਤਾ ਦਿਵਸ ਤੋਂ ਇੱਕ ਦਿਨ ਪਹਿਲਾਂ ਫਿਲਾਡੇਲਫੀਆ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ। ਸੋਮਵਾਰ ਦੇਰ ਰਾਤ ਹੋਈ ਇਸ ਗੋਲੀਬਾਰੀ ਵਿੱਚ 8 ਵਿਅਕਤੀਆਂ ਨੂੰ ਗੋਲੀਆਂ ਲੱਗੀਆਂ, ਜਿਹਨਾਂ ਵਿਚੋਂ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਹੋਰ ਵਿਅਕਤੀ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚ 2 ਬੱਚੇ ਵੀ ਸ਼ਾਮਲ ਹਨ। ਸਥਾਨਕ ਖ਼ਬਰਾਂ ਮੁਤਾਬਕ ਪੁਲਿਸ ਨੇ ਇਕ ਸ਼ੱਕੀ ਨੂੰ ਹਿਰਾਸਤ 'ਚ ਲੈ ਲਿਆ ਹੈ।




ਪੁਲਿਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਸ਼ੱਕੀ ਨੂੰ ਫੜ ਲਿਆ ਗਿਆ ਹੈ ਅਤੇ ਉਸ ਨੇ ਬੁਲੇਟਪਰੂਫ ਜੈਕਟ ਪਾਈ ਹੋਈ ਸੀ। ਮੌਕੇ ਤੋਂ ਇੱਕ ਰਾਈਫਲ ਅਤੇ ਹੈਂਡਗੰਨ ਬਰਾਮਦ ਹੋਈ ਹੈ। ਦਿ ਐਨਕਵਾਇਰਰ ਅਤੇ ਏਬੀਸੀ ਨਿਊਜ਼ ਨਾਲ ਸਬੰਧਿਤ ਸੰਗਠਨਾਂ ਨੇ ਦੱਸਿਆ ਕਿ ਦੋ ਨੌਜਵਾਨ ਵੀ ਗੋਲੀਬਾਰੀ ਦਾ ਸ਼ਿਕਾਰ ਹੋਏ ਹਨ। ਪੁਲਿਸ ਬੁਲਾਰੇ ਜੈਸਮੀਨ ਰੀਲੀ ਨੇ ਕਿਹਾ ਕਿ ਛੇ ਪੀੜਤਾਂ ਨੂੰ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਲਿਜਾਇਆ ਗਿਆ ਅਤੇ ਦੋ ਦਾ ਫਿਲਾਡੇਲਫੀਆ ਦੇ ਚਿਲਡਰਨ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 2 ਜੁਲਾਈ ਦੀ ਸਵੇਰ ਨੂੰ ਬਾਲਟੀਮੋਰ ਵਿੱਚ ਇੱਕ ਪਾਰਟੀ ਵਿੱਚ ਇੱਕ ਸਮੂਹਿਕ ਗੋਲੀਬਾਰੀ ਹੋਈ, ਜਿਸ ਵਿੱਚ ਦੋ ਲੋਕ ਮਾਰੇ ਗਏ ਅਤੇ 28 ਹੋਰ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚ 14 ਬੱਚੇ ਵੀ ਸ਼ਾਮਲ ਹਨ। ਪੁਲਿਸ ਅਧਿਕਾਰੀ ਅਨੁਸਾਰ ਮਰਨ ਵਾਲਿਆਂ ਵਿੱਚ ਇੱਕ 18 ਸਾਲਾ ਔਰਤ ਅਤੇ ਇੱਕ 20 ਸਾਲਾ ਵਿਅਕਤੀ ਸ਼ਾਮਲ ਹਨ।

ਅਮਰੀਕਾ ਵਿੱਚ ਸਮੂਹਿਕ ਗੋਲੀਬਾਰੀ ਦੀਆਂ 5 ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ

1. 18 ਜੁਲਾਈ 2022 ਨੂੰ ਅਮਰੀਕਾ ਦੇ ਇੰਡੀਆਨਾ ਵਿੱਚ ਗ੍ਰੀਨਵੁੱਡ ਪਾਰਕ ਮਾਲ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ ਸੀ। ਸਮੂਹਿਕ ਗੋਲੀਬਾਰੀ ਦੌਰਾਨ, 10 ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ, ਇਨ੍ਹਾਂ ਵਿੱਚੋਂ 3 ਦੀ ਮੌਤ ਹੋ ਗਈ।

2. 11 ਜੁਲਾਈ 2022 ਨੂੰ ਕੈਲੀਫੋਰਨੀਆ ਦੇ ਦੱਖਣੀ ਹਿੱਸੇ ਵਿੱਚ ਇੱਕ ਹਾਊਸ

(**ਬਾਕੀ ਸਫ਼ਾ 30 'ਤੇ**)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੈਂਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਫਰਾਂਸ ਵਿੱਚ ਦੰਗਿਆਂ ਬਾਅਦ ਮੁਸਲਮਾਨ ਨਿਸ਼ਾਨੇ 'ਤੇ

## ਅਲਜੀਰੀਆਈ ਮੂਲ ਦੇ ਅੱਲੜ ਨਾਹੇਲ ਐਮ. ਦੀ ਪੁਲਿਸ ਹੱਥੋਂ ਮੌਤ ਤੋਂ ਬਾਅਦ ਪੂਰੇ ਦੇਸ਼ ਵਿੱਚ ਹਿੰਸਾ





ਪੈਰਿਸ/ਏ.ਟੀ.ਨਿਊਜ਼: ਹੁਣ ਫਰਾਂਸ ਵਿੱਚ ਫੈਲੀ ਅਸ਼ਾਂਤੀ ਫੈਲਣ ਦੇ ਹਫਤੇ ਬਾਅਦ ਹਿੰਸਾ ਘੱਟ ਹੁੰਦੀ ਦਿਖਾਈ ਦੇ ਰਹੀ ਹੈ। ਬੀਤੇ ਦਿਨੀਂ ਫਰਾਂਸ ਵਿੱਚ ਅਲਜੀਰੀਆ ਮੂਲ ਦੇ 17 ਸਾਲਾ ਨਾਹੇਲ ਐਮ ਦੀ ਪੈਰਿਸ ਨੇੜੇ ਪੁਲਿਸ ਹੱਥੋਂ ਹੋਈ ਮੌਤ ਤੋਂ ਬਾਅਦ ਪੂਰਾ ਦੇਸ਼ ਦੰਗਿਆਂ ਦੀ ਲਪੇਟ ਵਿੱਚ ਆ ਗਿਆ ਸੀ। ਮੁੱਢਲੀ ਜਾਂਚ ਮੁਤਾਬਕ, ਦੋ ਮੋਟਰਸਾਈਕਲਾਂ 'ਤੇ ਸਵਾਰ ਦੋ ਪੁਲਿਸ ਮੁਲਾਜ਼ਮ ਨਾਹੇਲ ਵੱਲੋਂ ਚਲਾਈ ਜਾ ਰਹੀ ਕਾਰ ਨੂੰ ਰੋਕਣਾ ਚਾਹੁੰਦੇ ਸਨ। ਕਾਰ ਪੈਰਿਸ ਦੇ ਉਪਨਗਰ ਵਿੱਚ ਬੱਸ ਲੇਨ ਵਿੱਚ ਤੇਜ਼ ਰਫਤਾਰ ਨਾਲ ਚੱਲ ਰਹੀ ਸੀ।

ਪੁਲਿਸ ਦਾਅਵੇ ਮੁਤਾਬਕ ਪੁਲਿਸ ਨੇ ਡਰਾਈਵਰ ਨੂੰ ਲਾਲ ਬੱਤੀ 'ਤੇ ਰੁਕਣ ਲਈ ਕਿਹਾ ਪਰ ਉਹ ਨਹੀਂ ਰੁਕਿਆ। ਪੁਲਿਸ ਸੂਤਰਾਂ ਨੇ ਦੱਸਿਆ ਕਿ ਇੱਕ ਵਾਹਨ ਮੋਟਰਸਾਈਕਲਾਂ 'ਤੇ ਸਵਾਰ ਪੁਲਿਸ ਅਧਿਕਾਰੀਆਂ ਨੂੰ ਟੱਕਰ ਮਾਰ ਕੇ ਭੱਜਿਆ ਸੀ। ਉਸ ਨੂੰ ਗੋਲੀ ਮਾਰਨ ਵਾਲੇ ਪੁਲਿਸ ਅਫ਼ਸਰ ਨੂੰ ਕਤਲ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਜਾ ਚੁਕਾ ਹੈ। ਇਹ ਘਟਨਾ ਬੀਤੇ ਹਫਤੇ ਪੈਰਿਸ ਦੇ ਪੱਛਮ ਵਿੱਚ ਨਾਨਟੇਰੇ ਉਪਨਗਰੀ ਰੇਲਵੇ ਸਟੇਸ਼ਨ ਦੇ ਨੇੜੇ ਵਾਪਰੀ ਸੀ।

**ਫਰਾਂਸ ਪੁਲਿਸ ਨਸਲਵਾਦ ਦਾ ਸ਼ਿਕਾਰ**

ਨਾਹੇਲ ਦੇ ਮਾਮਲੇ ਨੇ ਫ਼ਰਾਂਸ ਵਿੱਚ ਪੁਲਿਸ ਦੇ ਵਤੀਰੇ ਤੇ ਕਾਰਵਾਈ ਨੂੰ ਇੱਕ ਵਾਰ ਮੁੜ ਵਿਵਾਦਾਂ ਵਿੱਚ ਲਿਆ ਖੜ੍ਹਾ ਕੀਤਾ ਹੈ। ਐੱਮਨੈਸਟੀ ਇੰਟਰਨੈਸ਼ਨਲ ਵਰਗੀਆਂ ਸੰਸਥਾਵਾਂ





ਅਤੇ ਯੂਰਪ ਦੀ ਕੌਂਸਲ ਨੇ ਹਾਲ ਹੀ ਵਿੱਚ ਪੁਲਿਸ ਦੀ ਦੁਰਵਰਤੋਂ ਤੇ ਨਸਲਵਾਦ ਦੇ ਇਲਜ਼ਾਮ ਲਗਾਏ ਸਨ। ਸੰਯੁਕਤ ਰਾਸ਼ਟਰ ਨੇ ਫ਼ਰਾਂਸ ਨੂੰ ਆਪਣੀ ਪੁਲਿਸ ਵਿੱਚ ਨਸਲਵਾਦ ਅਤੇ ਨਸਲੀ ਵਿਤਕਰੇ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਲਈ ਕਿਹਾ ਹੈ। ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਦੀ ਬੁਲਾਰਾ ਰਵੀਨਾ ਸ਼ਮਦਾਸਾਨੀ ਨੇ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਦੇਸ਼ (ਫ਼ਰਾਂਸ) ਨਸਲਵਾਦ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਵਿੱਚ ਨਸਲੀ ਵਿਤਕਰੇ ਦੀਆਂ ਡੂੰਘੀਆਂ ਜੜ੍ਹਾਂ ਵਾਲੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਹੱਲ ਕਰੇ।"

ਨਾਹੇਲ ਦੀ ਦਾਦੀ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਸੀ ਕਿ, ਨਾਹੇਲ ਮਰ ਗਿਆ ਹੈ। ਉਸ ਨੂੰ ਬਹਾਨਾ ਬਣਾ ਕੇ ਸਕੂਲ ਬੰਦ ਨਾ ਕਰਵਾਏ ਜਾਣ, ਬੱਸਾਂ ਨਾ ਸਾੜੀਆਂ ਜਾਣ, ਕਿਸੇ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ, ਉਨ੍ਹਾਂ ਦੀਆਂ ਮਾਵਾਂ ਵੀ ਤੜਫ਼ਦੀਆਂ ਹਨ।

ਹੁਣ ਵੀ ਫਰਾਂਸ ਦੇ ਕਈ ਸ਼ਹਿਰਾਂ ਵਿੱਚ ਘਰੇਲੂ ਯੁੱਧ ਵਰਗੇ ਹਾਲਾਤ ਬਣੇ ਹੋਏ ਹਨ। ਇਸ ਹਿੰਸਾ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਸੈਂਕੜੇ ਵਾਹਨਾਂ ਨੂੰ ਸਾੜ ਦਿੱਤਾ ਸੀ। ਇਹ ਹਿੰਸਕ ਪ੍ਰਦਰਸ਼ਨ ਯੂਰਪ ਦੇ ਕਈ ਹੋਰ ਦੇਸ਼ਾਂ ਵਿੱਚ ਵੀ ਫੈਲ ਗਿਆ ਹੈ। ਇਸ ਸਭ ਦੇ ਵਿਚਾਲੇ, ਫਰਾਂਸ ਸਰਕਾਰ ਨੇ 45,000 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਹਨ। ਹੁਣ ਤੱਕ 3800 ਤੋਂ ਵੱਧ ਹਿੰਸਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਗ੍ਰਹਿ ਮੰਤਰਾਲੇ ਅਨੁਸਾਰ ਹੁਣੇ ਜਿਹੇ 157 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਜਿੱਥੇ ਇੱਕ ਪਾਸੇ ਫਰਾਂਸ ਸੜ ਰਿਹਾ ਹੈ, ਉੱਥੇ ਹੀ ਗੋਰੇ ਅਤੇ ਅਰਬ ਮੂਲ ਦੇ ਫਰਾਂਸੀਸੀ ਮੁਸਲਮਾਨ ਨਾਗਰਿਕਾਂ ਵਿੱਚ ਪਾੜਾ ਵਧਦਾ ਜਾ ਰਿਹਾ ਹੈ। ਇੰਨਾ ਹੀ ਨਹੀਂ ਸੋਸ਼ਲ ਮੀਡੀਆ 'ਤੇ ਮੁਸਲਿਮ ਪ੍ਰਵਾਸੀਆਂ ਨਾਲ ਸਬੰਧਤ ਵੀਡੀਓ ਸ਼ੇਅਰ ਕਰਕੇ ਉਨ੍ਹਾਂ ਨੂੰ ਯੂਰਪ ਆਉਣ ਤੋਂ ਰੋਕਣ ਦੀ ਮੰਗ ਗੋਰਿਆਂ ਵਿੱਚ ਤੇਜ਼ ਹੋ ਗਈ ਹੈ।

ਫਰਾਂਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਦੇ ਧਰਮ ਨਿਰਪੱਖ ਜਮਹੂਰੀ ਸ਼ਾਸਨ ਵਿੱਚ ਕਿਸੇ ਵੀ ਨਾਗਰਿਕ ਨਾਲ ਧਰਮ ਜਾਂ ਨਸਲ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਪਰ ਇਹਨਾਂ ਨਸਲਵਾਦੀ ਦੰਗਿਆਂ ਕਾਰਨ ਫਰਾਂਸ ਦਾ ਇਹ ਮਾਣ ਖਤਮ ਹੋ ਚੁਕਾ ਹੈ। ਅੱਜ ਯੂਰਪ ਵਿੱਚ 26 ਮਿਲੀਅਨ ਤੋਂ ਵੱਧ ਮੁਸਲਮਾਨ ਰਹਿੰਦੇ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹਨਾਂ ਵਿੱਚੋਂ ਇੱਕ ਛੋਟਾ ਜਿਹਾ ਹਿੱਸਾ ਅਕਸਰ ਯੂਰਪ ਵਿੱਚ ਇਸਲਾਮ ਦੇ ਨਾਮ 'ਤੇ ਕੱਟੜਪੰਥੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਵਾਦਾਂ ਵਿੱਚ ਸ਼ਾਮਲ ਹੁੰਦਾ ਹੈ। ਜਦ ਕਿ ਇਸਲਾਮ ਦੇ ਲੋਕ ਕਹਿੰਦੇ ਹਨ ਕਿ ਗੋਰੇ ਉਨ੍ਹਾਂ ਨਾਲ ਨਸਲੀ ਵਿਤਕਰਾ ਕਰਦੇ ਹਨ।

**ਫਰਾਂਸ ਇਸਲਾਮਿਕ ਅੱਤਵਾਦੀਆਂ ਦੇ ਨਿਸ਼ਾਨੇ 'ਤੇ**

ਫਰਾਂਸ 'ਚ ਪਿਛਲੇ ਕੁਝ ਸਾਲਾਂ ਦੌਰਾਨ ਇਸਲਾਮਿਕ ਅੱਤਵਾਦੀਆਂ ਦੇ ਹਮਲੇ ਵਧੇ ਹਨ। ਮਾਹਿਰਾਂ ਦੇ ਅਨੁਸਾਰ, ਇਹੀ ਕਾਰਨ ਹੈ ਕਿ ਫਰਾਂਸ ਨੂੰ ਕੱਟੜਪੰਥੀ ਹਮਲਾਵਰਾਂ ਦੇ ਭਾਰੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲ 2021 ਵਿੱਚ ਫਰਾਂਸ ਦੇ ਨੀਸ ਸ਼ਹਿਰ ਵਿੱਚ ਚਰਚ ਦੇ ਅੰਦਰ ਚਾਕੂ ਨਾਲ ਹਮਲਾ ਹੋਇਆ ਸੀ, ਜਿਸ ਵਿੱਚ 3 ਲੋਕਾਂ ਦੀ ਮੌਤ ਹੋ ਗਈ ਸੀ। ਸ਼ੱਕੀ ਹਮਲਾਵਰ ਵਾਰ-ਵਾਰ ਅੱਲ੍ਹਾ ਹੂ ਅਕਬਰ ਦੇ ਨਾਅਰੇ ਲਗਾ ਰਿਹਾ ਸੀ। ਬਜ਼ੁਰਗ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਇਕ ਅਧਿਆਪਕ ਨੂੰ ਇਸ ਲਈ ਮਾਰ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਪੈਗੰਬਰ ਮੁਹੰਮਦ ਦਾ ਵਿਵਾਦਿਤ ਕਾਰਟੂਨ ਬੱਚਿਆਂ ਨੂੰ ਦਿਖਾਇਆ ਸੀ। ਇਸ ਕਤਲੇਆਮ ਨੇ ਪੂਰੇ ਫਰਾਂਸ ਨੂੰ ਹਿਲਾ ਕੇ ਰੱਖ ਦਿੱਤਾ ਸੀ। 2015 ਵਿੱਚ, ਇਸਲਾਮਿਕ ਅੱਤਵਾਦੀਆਂ ਨੇ ਚਾਰਲੀ ਹੇਬਡੋ

(ਬਾਕੀ ਸਫ਼ਾ 29 'ਤੇ)

### ਬਰਤਾਨੀਆ ਸਰਕਾਰ ਹੋਈ ਸਾਵਧਾਨ- ਪੁਲਿਸ ਨੂੰ ਦਿੱਤੇ ਵੱਧ ਅਧਿਕਾਰ

ਫਰਾਂਸ ਵਿੱਚ ਪਿਛਲੇ ਪੰਜ ਦਿਨਾਂ ਤੋਂ ਚੱਲ ਰਹੇ ਦੰਗਿਆਂ ਤੋਂ ਬਾਅਦ ਦੀ ਸਥਿਤੀ ਨੂੰ ਦੇਖਦੇ ਹੋਏ ਬਰਤਾਨੀਆ ਨੇ ਚੌਕਸੀ ਵਧਾ ਦਿੱਤੀ ਹੈ। ਬਰਤਾਨਵੀ ਪੁਲਿਸ ਨੂੰ ਪ੍ਰਦਰਸ਼ਨਾਂ ਮੌਕੇ ਹਾਲਾਤਾਂ ਨੂੰ ਸ਼ਾਂਤ ਰੱਖਣ ਅਤੇ ਕਾਬੂ ਰੱਖਣ ਲਈ ਕੁਝ ਹੋਰ ਸ਼ਕਤੀਆਂ ਦਿੱਤੀਆਂ ਗਈਆਂ ਹਨ। ਪੁਲਿਸ ਹੁਣ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰ ਸਕੇਗੀ। ਅਧਿਕਾਰੀਆਂ ਨੇ 'ਜਸਟ ਸਟਾਪ ਆਇਲ' ਅਤੇ 'ਐਕਸਟੀਨਸ਼ਨ ਰਿਬੇਲਿਅਨ' ਸਮੇਤ ਵਾਤਾਵਰਣ ਸਮੂਹਾਂ ਦੀ ਨਿੰਦਾ ਕੀਤੀ ਹੈ, ਜਿਨ੍ਹਾਂ ਨੇ ਮੌਸਮੀ ਤਬਦੀਲੀ ਨਾਲ ਨਜਿੱਠਣ ਲਈ ਕਾਰਵਾਈ ਦੀ ਮੰਗ ਕਰਦੇ ਹੋਏ ਵਿਅਸਤ ਹਾਈਵੇਅ ਅਤੇ ਸੜਕਾਂ 'ਤੇ ਕਈ ਵਿਰੋਧ ਪ੍ਰਦਰਸ਼ਨ ਕੀਤੇ ਹਨ। ਇਸ ਦੌਰਾਨ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕਿਹਾ ਕਿ ਸੁਆਰਥੀ ਪ੍ਰਦਰਸ਼ਨਕਾਰੀਆਂ ਨੇ ਲੋਕਾਂ ਦਾ ਜੀਵਨ ਕਾਫੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਦੰਗੇ ਅਸੀਂ ਆਪਣੀਆਂ ਸੜਕਾਂ 'ਤੇ ਦੇਖੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੇਂ ਪਬਲਿਕ ਆਰਡਰ ਐਕਟ ਦੇ ਤਹਿਤ, ਪ੍ਰਦਰਸ਼ਨਕਾਰੀਆਂ ਨੂੰ 'ਸੁਰੰਗ ਬਣਾਉਣ' - ਜਾਂ ਨਵੇਂ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਰੁਕਾਵਟ ਪਾਉਣ ਲਈ ਭੂਮੀਗਤ ਸੁਰੰਗਾਂ ਖੋਦਣ ਦਾ ਦੋਸ਼ੀ ਪਾਇਆ ਗਿਆ ਸੀ, ਇਸ ਲਈ ਤਿੰਨ ਸਾਲ ਦੀ ਜੇਲ੍ਹ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਤਹਿਤ ਕਿਸੇ ਵੀ ਵੱਡੇ ਟਰਾਂਸਪੋਰਟ ਪ੍ਰੋਜੈਕਟ ਵਿਚ ਰੁਕਾਵਟ ਪਾਉਣ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਛੇ ਮਹੀਨੇ ਤੱਕ ਦੀ ਜੇਲ੍ਹ ਹੋ ਸਕਦੀ ਹੈ।

# ਭਾਜਪਾ ਨੇ ਸੁਨੀਲ ਜਾਖੜ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਇਆ

## ਦਹਾਕਿਆਂ ਪੁਰਾਣੀ ਰਵਾਇਤ ਨੂੰ ਤੋੜਦਿਆਂ ਭਾਜਪਾ ਵੱਲੋਂ ਜਨ ਸੰਘ ਦੇ ਪਿਛੋਕੜ ਨੂੰ ਤਿਲਾਂਜਲੀ

ਚੰਡੀਗੜ੍ਹ/ਏ.ਟੀ.ਨਿਊਜ਼ : ਭਾਰਤੀ ਜਨਤਾ ਪਾਰਟੀ ਨੇ ਸਾਬਕਾ ਕਾਂਗਰਸੀ ਆਗੂ ਸੁਨੀਲ ਕੁਮਾਰ ਜਾਖੜ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਅਸ਼ਵਨੀ ਸ਼ਰਮਾ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਸ ਨਿਯੁਕਤੀ ਨਾਲ ਭਾਜਪਾ ਨੇ ਆਪਣੀ ਦਹਾਕਿਆਂ ਪੁਰਾਣੀ ਰਵਾਇਤ ਨੂੰ ਤੋੜਦਿਆਂ ਜਨ ਸੰਘ ਦੇ ਪਿਛੋਕੜ ਨੂੰ ਤਿਲਾਂਜਲੀ ਦੇ ਦਿੱਤੀ ਹੈ। ਪਾਰਟੀ ਦੇ ਸੂਬਾਈ ਯੂਨਿਟ ਵਿੱਚ ਟਕਸਾਲੀ ਭਾਜਪਾਈਆਂ ਦੇ ਇੱਕ ਧੜੇ ਵੱਲੋਂ ਜਾਖੜ ਦੀ ਨਿਯੁਕਤੀ ਦਾ ਵਿਰੋਧ ਕਰਦਿਆਂ ਜਨ ਸੰਘ ਦੇ ਪਿਛੋਕੜ ਵਾਲੇ ਆਗੂ ਨੂੰ ਸੂਬੇ ਦੀ ਪ੍ਰਧਾਨਗੀ ਸੌਂਪਣ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਹੋਰ ਆਗੂ ਕਾਂਗਰਸ ਛੱਡ ਕੇ ਭਗਵਾਂ ਰੰਗ 'ਚ ਰੰਗੇ ਆਗੂਆਂ ਨੂੰ ਪਾਰਟੀ ਦੀ ਕਮਾਨ ਸੌਂਪ ਕੇ ਸੰਸਦੀ ਚੋਣਾਂ ਦੌਰਾਨ ਨਵਾਂ ਤਜਰਬਾ ਕਰਨ ਦੇ ਪੱਖ ਵਿੱਚ ਸਨ। ਪਾਰਟੀ ਵੱਲੋਂ ਇਸੇ ਆਧਾਰ ਨੂੰ ਮੁੱਖ ਰਖਦਿਆਂ ਇਹ ਨਿਯੁਕਤੀ ਕੀਤੀ ਗਈ ਹੈ। ਭਾਜਪਾ ਦੇ ਸੀਨੀਅਰ ਆਗੂ ਮੁਤਾਬਕ ਪਾਰਟੀ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਨੂੰ ਸੂਬਾਈ ਅਹੁਦੇਦਾਰਾਂ ਦੀ ਟੀਮ ਵਿੱਚ ਨਵੀਆਂ ਨਿਯੁਕਤੀਆਂ ਕਰਨ ਦੇ ਅਧਿਕਾਰ ਵੀ ਦਿੱਤੇ ਗਏ ਹਨ। ਇਸ ਤਰ੍ਹਾਂ ਨਾਲ ਸੂਬਾ ਅਹੁਦੇਦਾਰਾਂ ਵਿੱਚ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਛੱਡ ਕੇ ਦਲ ਬਦਲੀ ਕਰਨ ਵਾਲੇ ਸਿਆਸੀ ਆਗੂਆਂ ਨੂੰ ਅਹੁਦੇ ਮਿਲਣ ਦੀ ਸੰਭਾਵਨਾ ਹੈ। ਭਾਜਪਾ ਹਾਈ ਕਮਾਂਡ ਨੇ ਸੂਬਾਈ ਲੀਡਰਸ਼ਿਪ ਨੂੰ ਵੀ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਵਿੱਚੋਂ ਦਲ ਬਦਲੀ ਕਰਨ ਵਾਲੇ ਆਗੂਆਂ ਨੂੰ ਅਹਿਮ ਅਹੁਦੇ ਦਿੱਤੇ ਜਾ ਸਕਦੇ ਹਨ। ਭਾਜਪਾ ਨੇ ਇਸ ਨਿਯੁਕਤੀ ਦੇ ਸੰਕੇਤ ਕੁਝ ਦਿਨ ਪਹਿਲਾਂ ਹੀ ਦੇ ਦਿੱਤੇ ਸਨ। ਭਾਜਪਾ ਆਗੂਆਂ ਦਾ ਦੱਸਣਾ ਹੈ ਕਿ ਪਾਰਟੀ ਅੰਦਰ ਸੂਬਾ ਪ੍ਰਧਾਨ ਨੂੰ ਬਦਲਣ ਦੇ ਮੁੱਦੇ 'ਤੇ ਚਰਚਾ



ਤਾਂ ਕਈ ਮਹੀਨਿਆਂ ਤੋਂ ਚੱਲ ਰਹੀ ਹੈ, ਪਰ ਹਾਲ ਹੀ ਵਿੱਚ ਪਾਰਟੀ ਦੇ ਸੀਨੀਅਰ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗੁਰਦਾਸਪੁਰ ਰੈਲੀ 'ਚ ਭਾਜਪਾ ਦੀ ਮੌਜੂਦਾ ਸੂਬਾਈ ਲੀਡਰਸ਼ਿਪ ਪ੍ਰਭਾਵਸ਼ਾਲੀ ਇਕੱਠ ਕਰਨ ਵਿੱਚ ਨਾਕਾਮ ਰਹੀ ਸੀ। ਹਾਈ ਕਮਾਨ ਨੇ ਉਦੋਂ ਹੀ ਪੰਜਾਬ ਦੀ ਲੀਡਰਸ਼ਿਪ ਵਿੱਚ ਤੁਰੰਤ ਤਬਦੀਲੀ ਕਰਨ ਦਾ ਫੈਸਲਾ ਲਿਆ ਸੀ। ਸੂਤਰਾਂ ਦਾ ਦੱਸਣਾ ਹੈ ਕਿ ਪ੍ਰਧਾਨ ਦੀ ਨਿਯੁਕਤੀ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਆਗੂਆਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਗਿਆ ਹੈ। ਪਾਰਟੀ ਹਾਈ ਕਮਾਨ ਵੱਲੋਂ ਪੰਜਾਬ ਦੇ ਸਿਆਸੀ ਮਾਮਲਿਆਂ ਦੀ ਨਿਗਰਾਨੀ ਕਰ ਰਹੇ ਕੇਂਦਰੀ ਮੰਤਰੀਆਂ ਨੇ ਪੰਜਾਬ ਲੀਡਰਸ਼ਿਪ ਦੀ ਵਾਗਡੋਰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਵਾਲੇ ਕੱਦਾਵਰ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਹੈ ਤਾਂ ਜੋ ਇਸ ਸਰਹੱਦੀ ਸੂਬੇ ਵਿੱਚ ਦਲ-ਬਦਲੀ ਨੂੰ ਵੱਡਾ ਹੁਲਾਰਾ ਦਿੱਤਾ ਜਾਵੇ।

ਸੁਨੀਲ ਜਾਖੜ ਦਾ ਪਰਿਵਾਰ ਲੰਮੇ ਸਮੇਂ ਤੋਂ ਕਾਂਗਰਸ ਨਾਲ ਜੁੜਿਆ ਰਿਹਾ ਹੈ। ਸ੍ਰੀ ਜਾਖੜ ਸਾਲ 2017 ਤੋਂ 2021 ਦੇ ਅੱਧ ਤੱਕ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵੀ ਰਹੇ ਹਨ। ਉਹ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਗੁਰਦਾਸਪੁਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਵੀ ਰਹੇ। ਉਨ੍ਹਾਂ ਦੇ ਪਿਤਾ ਚੌਧਰੀ ਬਲਰਾਮ ਜਾਖੜ ਲੋਕ ਸਭਾ ਦੇ ਸਪੀਕਰ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਹੇ ਹਨ ਤੇ ਉਨ੍ਹਾਂ ਦਾ ਇੱਕ ਭਤੀਜਾ ਇਸ ਸਮੇਂ ਅਬੋਹਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦਾ ਵਿਧਾਇਕ ਹੈ।

### ਦਲ ਬਦਲੂ ਖ਼ੁਸ਼, ਟਕਸਾਲੀ ਭਾਜਪਾਈ ਨਿਰਾਸ਼

ਭਾਜਪਾ ਵੱਲੋਂ ਪੰਜਾਬ ਵਿੱਚ ਪਹਿਲੀ ਵਾਰੀ ਕਾਂਗਰਸ ਦੇ ਕਿਸੇ ਸਾਬਕਾ ਆਗੂ ਨੂੰ ਪਾਰਟੀ 'ਚ ਵੱਡਾ ਅਹੁਦਾ ਦਿੱਤਾ ਗਿਆ ਹੈ। ਭਾਜਪਾ ਵਿੱਚ ਟਕਸਾਲੀ ਆਗੂਆਂ ਅਤੇ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਆਉਣ ਵਾਲੇ ਆਗੂਆਂ ਦਰਮਿਆਨ ਪਹਿਲਾਂ ਅੰਦਰਖਾਤੇ ਲੜਾਈ ਚੱਲ ਰਹੀ ਸੀ ਤੇ ਇਹ ਲੜਾਈ ਵਧਣ ਦੇ ਆਸਾਰ ਹਨ ਕਿਉਂਕਿ ਭਾਜਪਾ ਅੰਦਰਲੇ ਦਲ ਬਦਲੂਆਂ 'ਚ ਜਿੱਥੇ ਖੁਸ਼ੀ ਦਾ ਮਾਹੌਲ ਹੈ, ਉਥੇ ਟਕਸਾਲੀ ਭਾਜਪਾਈਆਂ ਵਿੱਚ ਨਿਰਾਸ਼ਾ ਛਾਈ ਹੋਈ ਹੈ।

# ਮਾਮਲਾ ਖਾਣੇ ’ਚ ਤੰਬਾਕੂ ਦੇਣ, ਮੈਡੀਕਲ ਸਹੂਲਤ ਨਾ ਮੁਹੱਈਆ ਕਰਵਾਉਣ ਦਾ

## ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵੱਲੋਂ ਭੁੱਖ ਹੜਤਾਲ ਰੱਖੇ ਜਾਣ ਤੋਂ ਬਾਅਦ ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਨੇ ਮੰਨੀਆਂ ਮੰਗਾਂ

ਜਲੰਧਰ/ਏ.ਟੀ.ਨਿਊਜ਼ :ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਨ੍ਹਾਂ ਦੇ 10 ਦੇ ਕਰੀਬ ਸਾਥੀਆਂ ਵੱਲੋਂ 24 ਘੰਟੇ ਦੀ ਭੁੱਖ ਹੜਤਾਲ ਰੱਖੇ ਜਾਣ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਵੱਲੋਂ ਮੰਗਾਂ ਮੰਨੇ ਜਾਣ ’ਤੇ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਵੱਲੋਂ ਭੁੱਖ ਹੜਤਾਲ ਖਤਮ ਕਰ ਦਿੱਤੇ ਜਾਣ ਦੀ ਖਬਰ ਹੈ । ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਐਨ.ਐਸ.ਏ.ਅਧੀਨ ਬੰਦ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਨ੍ਹਾਂ ਦੇ ਸਾਥੀਆਂ ਨੇ ਖਾਣੇ ਵਿੱਚ ਤੰਬਾਕੂ ਦੇਣ, ਮੈਡੀਕਲ ਸਹੂਲਤ ਨਾ ਮੁਹੱਈਆ ਕਰਵਾਏ ਜਾਣ ਅਤੇ ਪਰਿਵਾਰ ਨੂੰ ਟੈਲੀਫੋਨ ਦੀ ਸੁਵਿਧਾ ਨਾ ਦਿੱਤੇ ਜਾਣ ਦੇ ਰੋਸ ਵਜੋਂ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਕਰ ਦਿੱਤੀ ਸੀ । ਇਹ ਜਾਣਕਾਰੀ ਉਨ੍ਹਾਂ ਨੇ ਜੇਲ੍ਹ ਵਿੱਚ ਮੁਲਾਕਾਤ ਕਰਨ ਗਈ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਦਿੱਤੀ ਸੀ ਜਿਸ ’ਤੇ ਇਸ ਦੇ ਰੋਸ ਵੱਲੋਂ ਖੁਦ ਵੀ ਭੁੱਖ ਹੜਤਾਲ ’ਤੇ ਜਾਣ ਦਾ ਐਲਾਨ ਕੀਤਾ ਸੀ । ਇਸ ਦੀ ਵੱਡੇ ਪੱਧਰ ’ਤੇ ਪੰਥਕ ਹਲਕਿਆਂ ਵਿੱਚ ਚਰਚਾ ਛਿੜ ਗਈ ਸੀ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸਿੱਖ ਨੌਜਵਾਨਾਂ ਨੂੰ ਆਟੇ ਵਿੱਚ ਤੰਬਾਕੂ ਗੁੰਨ ਕੇ ਦਿੱਤਾ ਜਾ ਰਿਹਾ ਹੈ ਅਤੇ ਕੋਈ ਵੀ ਅੰਮ੍ਰਿਤਧਾਰੀ ਸਿੱਖ ਇਹ ਬਰਦਾਸ਼ਤ ਨਹੀਂ ਕਰ ਸਕਦਾ । ਸਿੰਘ ਸਾਹਿਬ ਨੇ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ, ਪੰਜਾਬ ਅਤੇ ਆਸਾਮ ਸਰਕਾਰ ਇਸ ਦਾ ਤੁਰੰਤ ਨੋਟਿਸ ਲੈ ਕੇ ਜਾਂਚ ਕਰਵਾਵੇ ਅਤੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰੇ ।





ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਸਾਮ ਸਰਕਾਰ ਨੂੰ ਆਖਿਆ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ‘ਵਾਰਿਸ ਪੰਜਾਬ ਦੇ’ ਦੇ ਸਿੱਖ ਕਾਰਕੁਨਾਂ ਨੂੰ ਜੇਲ੍ਹ ਵਿੱਚ ਆਟੇ ਵਿੱਚ ਤੰਬਾਕੂ ਪਾ ਕੇ ਦਿੱਤੇ ਜਾਣ ਦੇ ਮਾਮਲੇ ਦੀ ਜਾਂਚ ਕਰਵਾਈ ਜਾਵੇ।

ਕੌਮੀ ਇਨਸਾਫ਼ ਮੋਰਚਾ ਚੰਡੀਗੜ੍ਹ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਨੇ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸ਼ਰਮਾ ਨੂੰ ਚਿੱਠੀ ਲਿਖ ਕੇ ਡਿਬਰੂਗੜ ਜੇਲ੍ਹ ਵਿੱਚ ਬੰਦ ਭਾਈ ਅੰਮਿਜ਼ਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਜੇਲ੍ਹ ਵਿੱਚ ਮਿਲਣ ਵਾਲੀਆਂ ਸਾਰੀਆਂ ਬੁਨਿਆਦੀ ਸਹੂਲਤਾਂ ਦੇਣ ਦੀ ਮੰਗ ਕੀਤੀ ਸੀ । ਭਾਈ ਪਾਲ ਸਿੰਘ ਨੇ ਅਸਾਮ ਦੇ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਕਿ ਇਸ ਸਾਰੇ ਵਰਤਾਰੇ ਦੀ ਜਲਦ ਤੋਂ ਜਲਦ ਜਾਂਚ ਕਰਵਾ ਕੇ ਸਾਰੇ ਬੰਦੀ ਸਿੰਘਾਂ ਲਈ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਜਾਣ ।

ਇਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਤੁਰੰਤ ਹਰਕਤ ਵਿੱਚ ਆਉਂਦੇ ਹੀ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀਆਂ ਇਹ ਸ਼ਿਕਾਇਤਾਂ ਦੂਰ ਕਰਨ ਦਾ ਭਰੋਸਾ ਦਿੱਤਾ, ਜਿਸ ’ਤੇ ਉਨ੍ਹਾਂ ਨੇ ਭੁੱਖ ਹੜਤਾਲ ਖਤਮ ਕੀਤੇ ਜਾਣ ਦਾ ਐਲਾਨ ਕੀਤਾ । ਇਹ ਜਾਣਕਾਰੀ ਅੰਮ੍ਰਿਤਪਾਲ ਸਿੰਘ ਨੇ ਖੁਦ ਜੇਲ੍ਹ ਵਿਚੋਂ ਆਪਣੀ ਮਾਤਾ ਬਲਵਿੰਦਰ ਕੌਰ ਨੂੰ ਫੋਨ ’ਤੇ ਗੱਲਬਾਤ ਕੀਤੇ ਜਾਣ ਦੌਰਾਨ ਦਿੱਤੀ ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਤੇ ਮਾਤਾ ਬਲਵਿੰਦਰ ਕੌਰ ਨੇ ਮੰਗ ਕੀਤੀ ਕਿ ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ’ਤੇ ਲਾਇਆ ਗਿਆ ਐਨ.ਐਸ.ਏ.ਹਟਾ ਕੇ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਨੇ ਤਿੰਨ ਨੰਬਰ ਮੰਗੇ ਸਨ, ਇਕ ਵਕੀਲ ਦਾ ਅਤੇ ਦੋ ਪਰਿਵਾਰ ਦੇ, ਜੋ ਉਨ੍ਹਾਂ ਨੇ ਭੇਜ ਦਿੱਤੇ ਹਨ।

ਅਜਨਾਲਾ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਦੇ 40 ਸਾਥੀਆਂ ਵਿਰੁੱਧ ਚਲਾਨ ਪੇਸ਼

ਫਰਵਰੀ ਮਹੀਨੇ ਵਿੱਚ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਦੀ ਕੁੱਟਮਾਰ ਕਰਨ ਅਤੇ ਉਸ ਤੋਂ ਬਾਅਦ 23 ਫਰਵਰੀ ਨੂੰ ਪੁਲਿਸ ਕਰਮਚਾਰੀਆਂ ’ਤੇ ਹਮਲਾ ਕਰਕੇ ਥਾਣਾ ਅਜਨਾਲਾ ’ਤੇ ਕਬਜ਼ਾ ਕਰਨ ਦੇ ਮਾਮਲਿਆਂ ਸੰਬੰਧੀ ਅਜਨਾਲਾ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਦੇ 40 ਸਾਥੀਆਂ ਖ਼ਿਲਾਫ ਅਦਾਲਤ ਵਿੱਚ ਚਲਾਨ ਪੇਸ਼ ਕੀਤੇ ਗਏ ਹਨ । ਵਾਰਿਸ ਪੰਜਾਬ ਦੇ ਜਥੇਬੰਦੀ ਵੱਲੋਂ ਇਨ੍ਹਾਂ ਦੋਵਾਂ ਮਾਮਲਿਆਂ ਦੀ ਕਾਨੂੰਨੀ ਪੈਰਵਾਈ ਕਰ ਰਹੇ ਐਡਵੋਕੇਟ ਰਿੱਤੂਰਾਜ ਸਿੰਘ ਨੇ ਦਸਿਆ ਕਿ ਗੁਰਪਾਲ ਸਿੰਘ ਵਾਸੀ ਰਾਮਗੜ੍ਹ ਭੂੰਦੜ (ਬਠਿੰਡਾ), ਗੁਰਵੀਰ ਸਿੰਘ ਵਾਸੀ ਮਹਿਰੋਵਾਲ (ਹੁਸ਼ਿਆਰਪੁਰ), ਬਲਜਿੰਦਰ ਸਿੰਘ ਵਾਸੀ ਜੰਗੀਆਣਾ, ਸਵਰੀਤ ਸਿੰਘ ਵਾਸੀ ਖੇੜੀ ਕਲਾਂ (ਸੰਗਰੂਰ), ਅਮਨਦੀਪ ਸਿੰਘ ਵਾਸੀ ਦੇਸੂ ਜੋਧਾ ਸਿਰਸਾ (ਹਰਿਆਣਾ), ਅਜੇਪਾਲ ਸਿੰਘ ਵਾਸੀ ਮੋਗਾ, ਹਰਵਿੰਦਰ ਸਿੰਘ ਵਾਸੀ ਰਾਜਾਤਾਲ ਹਾਲ ਬਾਬਾ ਬੁੱਢਾ ਐਵੀਨਿਊ, ਭੁਪਿੰਦਰ ਸਿੰਘ ਵਾਸੀ ਸੁਲਤਾਨਵਿੰਡ ਰੋਡ ਅੰਮਿਜ਼ਸਰ, ਸੁਖਮਨਜੀਤ ਸਿੰਘ ਵਾਸੀ ਨਾਥ ਦੀ ਖੂਹੀ (ਮਹਿਤਾ), ਹਰਪ੍ਰੀਤ ਸਿੰਘ ਵਾਸੀ ਮੱਦੇਕੇ (ਮੋਗਾ), ਪ੍ਰਸ਼ੋਤਮ ਸਿੰਘ ਵਾਸੀ ਜੋਧੇ (ਬਿਆਸ) ਅਤੇ ਕੁਲਵੰਤ ਸਿੰਘ ਵਾਸੀ ਪਿੰਡ ਰੋਡੇ (ਮੋਗਾ) ਅਤੇ ਐੱਫ.ਆਈ.ਆਰ ਨੰਬਰ 39 ਦੇ ਸੰਬੰਧ ’ਚ ਗੁਰਪਾਲ ਸਿੰਘ ਵਾਸੀ ਰਾਮਗੜ੍ਹ ਭੂੰਦੜ (ਬਠਿੰਡਾ), ਗੁਰਵੀਰ ਸਿੰਘ ਵਾਸੀ ਮਹਿਰੋਵਾਲ (ਹੁਸ਼ਿਆਰਪੁਰ), ਅਮਨਦੀਪ ਸਿੰਘ ਵਾਸੀ ਦੇਸੂ ਯੋਧਾ (ਹਰਿਆਣਾ), ਅਜੇਪਾਲ ਸਿੰਘ ਵਾਸੀ ਸਿੰਘ ਵਾਲਾ (ਮੋਗਾ), ਹਰਵਿੰਦਰ ਸਿੰਘ ਵਾਸੀ ਬਾਬਾ ਬੁੱਢਾ ਐਵੇਨਿਊ, ਭੁਪਿੰਦਰ ਸਿੰਘ ਵਾਸੀ ਸੁਲਤਾਨਵਿੰਡ ਰੋਡ (ਅੰਮ੍ਰਿਤਸਰ), ਸੁਖਮਨਜੀਤ ਸਿੰਘ ਵਾਸੀ ਨਾਥ ਦੀ ਖੂਹੀ (ਮਹਿਤਾ), ਹਰਪ੍ਰੀਤ ਸਿੰਘ ਵਾਸੀ ਮੱਦੋਕੇ (ਮੋਗਾ), ਓਂਕਾਰ ਸਿੰਘ ਵਾਸੀ ਏਕਤਾ ਨਗਰ (ਜਲੰਧਰ), ਹਰਕਰਨ ਸਿੰਘ ਵਾਸੀ ਅੰਬ ਕੋਟਲੀ (ਅਜਨਾਲਾ), ਸੁਖਪ੍ਰੀਤ ਸਿੰਘ ਵਾਸੀ ਮਰੜੀ (ਮਜੀਠਾ), ਈਸ਼ਵਰ ਸਿੰਘ ਵਾਸੀ ਮਨੂਪੁਰ (ਸਮਰਾਲਾ), ਰਣਜੋਧ ਸਿੰਘ ਵਾਸੀ ਜਲਾਲਉਸਮਾ, ਬਲਵਿੰਦਰ ਸਿੰਘ ਵਾਸੀ ਮਹਿਤਾ, ਗੁਰਜੋਧ ਸਿੰਘ ਵਾਸੀ ਅਵਾਣ ਨੇੜੇ ਰਮਦਾਸ, ਪਰਸ਼ੋਤਮ ਸਿੰਘ ਵਾਸੀ ਜੋਧੇ (ਬਿਆਸ), ਜਗਦੀਸ਼ ਸਿੰਘ ਵਾਸੀ ਸ਼ੇਰੋਬਾਘਾ (ਬਿਆਸ), ਹਰਮੇਲ ਸਿੰਘ ਵਾਸੀ ਜੋਧੇ (ਬਿਆਸ), ਕੁਲਵੰਤ ਸਿੰਘ ਵਾਸੀ ਰੋਡੇ (ਮੋਗਾ), ਮਨਦੀਪ ਸਿੰਘ ਵਾਸੀ ਗੋਬਿੰਦਗੜ੍ਹ ਜੈਜੀਆਂ (ਸੰਗਰੂਰ), ਰਜਿੰਦਰ ਸਿੰਘ ਵਾਸੀ ਠੀਕਰੀਵਾਲ (ਬਰਨਾਲਾ), ਰਣਜੀਤ ਸਿੰਘ ਵਾਸੀ ਸਰਹਾਲੀ (ਫਿਰੋਜ਼ਪੁਰ), ਸੁਖਵਿੰਦਰ ਸਿੰਘ ਖਾਲਸਾ ਵਾਸੀ ਸਰਹਾਲੀ (ਫਿਰੋਜ਼ਪੁਰ), ਮਨਪ੍ਰੀਤ ਸਿੰਘ ਵਾਸੀ ਅਨੋਖਰੋਵਾਲ (ਸ਼ਹੀਦ ਭਗਤ ਸਿੰਘ ਨਗਰ), ਤਜਿੰਦਰ ਸਿੰਘ ਵਾਸੀ ਮਾਂਗੇਵਾਲ (ਖੰਨਾ) ਅਤੇ ਗੁਰਭੇਜ ਸਿੰਘ ਵਾਸੀ ਗੁੰਧਾਰਾ ਬਾਜਾਖਾਨਾ ਖ਼ਿਲਾਫ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ । ਐਡਵੋਕੇਟ ਰਿੱਤੂਰਾਜ ਸਿੰਘ ਸੰਧੂ ਨੇ ਦੱਸਿਆ ਕਿ ਪੁਲਿਸ ਵੱਲੋਂ ਅਦਾਲਤ ਵਿੱਚ ਚਲਾਨ ਪੇਸ਼ ਕਰਨ ਸਮੇਂ ਮੋਬਾਇਲ ਲੋਕੇਸ਼ਨਾਂ ਸਬੂਤ ਵਜੋਂ ਦਿੱਤੀਆਂ ਗਈਆਂ ਹਨ ਜਦਕਿ ਕੋਈ ਹੋਰ ਠੋਸ ਸਬੂਤ ਨਹੀਂ ਦਿੱਤਾ ਗਿਆ।

# ਯੂ.ਸੀ.ਸੀ. ਕਾਰਨ ਦੇਸ਼ ਦਾ ਮਾਹੌਲ ਬਣ ਸਕਦੈ ਵਿਸਫੋਟਕ: ਮਾਨ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕੀ ਯਾਤਰਾ ਉੱਤੇ ਕੌਮਾਂਤਰੀ ਪੱਧਰ ਅਤੇ ਇੰਡੀਆ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਅਤੇ ਧਾਰਮਿਕ ਆਜ਼ਾਦੀ ਨੂੰ ਕੁਚਲਣ ਦੀਆਂ ਕਾਰਵਾਈਆਂ ਦੀ ਛਿੜੀ ਬਹਿਸ ਉੱਤੇ ਆਪਣੇ ਵਿਚਾਰ ਜ਼ਾਹਰ ਕਰਦੇ ਹੋਏ ਕਿਹਾ ਕਿ ਭਾਵੇਂ ਮੋਦੀ ਦੀ ਅਮਰੀਕਾ ਯਾਤਰਾ ਦੌਰਾਨ ਅਮਰੀਕਾ ਤੇ ਇੰਡੀਆ ਵਿਚਕਾਰ ਕਈ ਖੇਤਰਾਂ ਵਿੱਚ ਵਪਾਰਿਕ ਸਮਝੌਤੇ ਹੋਏ ਹਨ, ਜਿਸ ਅਧੀਨ ਇਹ ਵਪਾਰ ਦੋਨਾਂ ਮੁਲਕਾਂ ਵਿੱਚ ਬੇਸ਼ੱਕ ਵਧੇਗਾ ਪਰ ਅਮਰੀਕਾ ਜੋ ਜਮਹੂਰੀਅਤ ਪਸੰਦ ਮੁਲਕ ਹੈ, ਉਹ ਕਦੀ ਵੀ ਇੰਡੀਆ ਵਿੱਚ ਵੱਡੇ ਪੱਧਰ ’ਤੇ ਹੋ ਰਹੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਘੱਟ ਗਿਣਤੀ ਕੌਮਾਂ, ਕਬੀਲਿਆਂ ਦੇ ਹੋ ਰਹੇ ਹੱਕ ਹਕੂਕਾਂ ਦੇ ਉਲੰਘਣ ਸੰਬੰਧੀ ਕੋਈ ਵੀ ਸਮਝੌਤਾ ਨਹੀਂ ਕਰੇਗਾ । ਅਸੀਂ ਇਹ ਗੱਲ ਇਸ ਲਈ ਦਾਅਵੇ ਨਾਲ ਕਹਿ ਸਕਦੇ ਹਾਂ ਕਿਉਂਕਿ ਅਮਰੀਕਾ ਨੇ ਹਮੇਸ਼ਾ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਦੇ ਹੱਕਾਂ ਦੀ ਪੈਰਵੀ ਕੀਤੀ ਹੈ । ਉਹ ਕਦੀ ਵੀ ਮਨੁੱਖੀ ਹੱਕਾਂ ਤੇ ਧਾਰਮਿਕ ਆਜ਼ਾਦੀ ਨੂੰ ਕੁਚਲਣ ਵਾਲੀ ਮੋਦੀ ਹਕੂਮਤ ਵੱਲੋਂ ਹਿੰਦੂਤਵ ਰਾਸ਼ਟਰ ਕਾਇਮ ਕਰਨ ਵਾਲੇ ਅਮਲਾਂ ਨੂੰ ਪ੍ਰਵਾਨ ਨਹੀਂ ਕਰੇਗਾ ।

ਉਨ੍ਹਾਂ ਕਿਹਾ ਕਿ ਪਾਕਿਸਤਾਨ-ਚੀਨ ਜਿਨ੍ਹਾਂ ਦੀਆਂ ਸਰਹੱਦਾਂ ਪੰਜਾਬ, ਕਸਮੀਰ, ਹਿਮਾਚਲ, ਉਤਰਾਚਲ, ਅਸਾਮ, ਮਨੀਪੁਰ, ਮਿਜੋਰਮ ਆਦਿ ਵਰਗੇ ਸੂਬਿਆਂ ਅਤੇ ਨੇਪਾਲ ਤੇ ਭੁਟਾਨ ਵਰਗੇ ਮੁਲਕਾਂ ਨਾਲ ਲੱਗਦੀਆਂ ਹਨ



। ਇਨ੍ਹਾਂ ਸੂਬਿਆਂ ਅਤੇ ਮੁਲਕਾਂ ਦੀ ਹਿੰਦੂਤਵ ਹੁਕਮਰਾਨਾਂ ਨਾਲ ਬਿਲਕੁਲ ਪੈਂਠ ਨਹੀਂ ਬਣਦੀ । ਜਿਥੇ ਸ੍ਰੀ ਮੋਦੀ ਹਕੂਮਤ ਦੀਆਂ ਅਣਮਨੁੱਖੀ ਕਾਰਵਾਈਆਂ ਦੀ ਬਦੌਲਤ ਪਹਿਲੋਂ ਹੀ ਸਥਿਤੀ ਗੰਭੀਰ ਬਣੀ ਹੋਈ ਹੈ, ਉਥੇ ਇੰਡੀਆ ਵਿੱਚ ਹੁਕਮਰਾਨਾਂ ਵੱਲੋ ਯੂ.ਸੀ.ਸੀ. ਬਿਲ ਰਾਹੀ ਇਥੇ ਹਿੰਦੂ ਰਾਸ਼ਟਰ ਕਾਇਮ ਕਰਨ ਦੀ ਜੋ ਤਿਆਰੀ ਕੀਤੀ ਜਾ ਰਹੀ ਹੈ ਉਸ ਕਰਕੇ ਮਾਹੌਲ ਹੋਰ ਵੀ ਵਿਸਫੋਟਕ ਬਣਦੇ ਜਾ ਰਹੇ ਹਨ । ਜਦੋਂਕਿ ਸੰਬੰਧਿਤ ਉਪਰੋਕਤ ਸੂਬੇ ਤੇ ਮੁਲਕਾਂ ਦੇ ਨਿਵਾਸੀ ਕੱਟੜਵਾਦੀ ਹਿੰਦੂ ਸੋਚ ਦੇ ਪਹਿਲੋਂ ਹੀ ਵਿਰੁੱਧ ਹਨ । ਅਜਿਹੇ ਹਾਲਾਤਾਂ ਵਿਚ ਇੰਡੀਆ, ਪਾਕਿਸਤਾਨ ਤੇ ਚੀਨ ਨਾਲ ਕਤਈ ਵੀ ਕਿਸੇ ਤਰ੍ਹਾਂ ਦੀ ਜੰਗ ਨਹੀਂ ਲੜ ਸਕਦਾ । ਦੂਸਰਾ ਇੰਡੀਆ ਦੇ ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ ਅਤੇ ਸਰਕਾਰ ਦੀ ਸਾਂਝੀ ਮਨੁੱਖਤਾ ਵਿਰੋਧੀ ਨੀਤੀ ਅਧੀਨ ਜੋ ਹੁਕਮਰਾਨਾਂ ਨੇ ਸਿਰਕੱਢ ਸੂਝਵਾਨ ਸਿੱਖਾਂ ਨੂੰ ਨਿਸ਼ਾਨਾਂ ਬਣਾ ਕੇ ਉਨ੍ਹਾਂ ਨੂੰ ਸਰੀਰਕ ਤੌਰ ’ਤੇ ਖਤਮ ਕਰਨ ਦੀ ਮਨੁੱਖਤਾ ਵਿਰੋਧੀ ਯੋਜਨਾ ਉੱਤੇ ਅਮਲ ਕੀਤਾ ਜਾ ਰਿਹਾ ਹੈ ਜਿਸ ਅਧੀਨ ਸਾਡੇ 6 ਸਿੱਖ ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਮਾਨਸਾ, ਸ. ਰਿਪੁਦਮਨ ਸਿੰਘ ਮਲਿਕ ਸਰੀ ਕੈਨੇਡਾ, ਪਰਮਜੀਤ ਸਿੰਘ ਪੰਜਵੜ ਲਾਹੌਰ ਪਾਕਿਸਤਾਨ, ਸ. ਅਵਤਾਰ ਸਿੰਘ ਖੰਡਾ ਬਰਮਿੰਘਮ ਯੂ.ਕੇ ਅਤੇ ਹੁਣੇ ਹੀ ਸ. ਹਰਦੀਪ ਸਿੰਘ ਨਿੱਝਰ ਸਰੀ ਕੈਨੇਡਾ ਵਿਖੇ ਇਸੇ ਸਾਜਿਸ ਅਧੀਨ ਸ਼ਹੀਦ ਕੀਤੇ ਗਏ ਹਨ । ਉਨ੍ਹਾਂ ਕਿਹਾ ਕਿ ਇੰਡੀਆ ਦੀਆਂ ਸਰਹੱਦਾਂ ਦੇ ਨਾਲ ਲੱਗਦੇ ਮੁਲਕਾਂ ਤੇ ਇੰਡੀਆ ਦੇ ਸੂਬਿਆਂ ਦੇ ਨਿਵਾਸੀਆਂ ਵਿੱਚ ਵਧਦੀ ਜਾ ਰਹੀ ਬੇਗਾਨਗੀ ਅਤੇ ਰੋਹ ਦੇ ਨਤੀਜੇ ਕਦੀ ਵੀ ਹੁਕਮਰਾਨਾਂ ਲਈ ਅਤੇ ਇਥੋਂ ਦੇ ਅਮਨ ਚੈਨ ਲਈ ਲਾਹੇਵੰਦ ਸਾਬਤ ਨਹੀਂ ਹੋ ਸਕਣਗੇ। ਬਲਕਿ ਅਜਿਹੇ ਅਮਲਾਂ ਦੀ ਬਦੌਲਤ ਅਤਿ ਖ਼ਤਰਨਾਕ ਨਤੀਜੇ ਹੋਣਗੇ ਜੋ ਹੁਕਮਰਾਨਾਂ ਦੇ ਖ਼ਿਲਾਫ਼ ਹੀ ਜਾਵੇਗੀ।

# ਸਰਕਾਰਾਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਧੱਕਾ ਕੀਤਾ : ਧਾਮੀ

## ਦਰਬਾਰ ਸਾਹਿਬ ’ਤੇ ਹੋਏ ਪੁਲਿਸ ਹਮਲੇ ਦੀ ਯਾਦ ਸਬੰਧੀ ਸ਼੍ਰੋਮਣੀ ਕਮੇਟੀ ਨੇ ਕਰਵਾਇਆ ਸਮਾਗਮ

ਅੰਮ੍ਰਿਤਸਰ/ਏ.ਟੀ.ਨਿਊਜ਼ : ਪੰਜਾਬੀ ਸੂਬਾ ਮੋਰਚਾ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਦਰਬਾਰ ਸਾਹਿਬ ’ਤੇ ਕੀਤੇ ਹਮਲੇ ਦੀ ਯਾਦ ’ਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸੰਗਤ ਨੂੰ ਇਸ ਘਟਨਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।



ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਵਿੱਚ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਵਾਲੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਦਰਬਾਰ ਸਾਹਿਬ ’ਤੇ 4 ਜੁਲਾਈ 1955 ਨੂੰ ਸਰਕਾਰ ਵੱਲੋਂ ਹਮਲਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਧੱਕਾ ਕੀਤਾ ਹੈ ਅਤੇ ਦੇਸ਼ ਦੀ ਆਜ਼ਾਦੀ ਦੇ ਮਹਿਜ 8 ਸਾਲ ਮਗਰੋਂ ਇਹ ਹਮਲਾ ਸਿੱਖਾਂ ਦੀ ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਦਬਾਉਣ ਲਈ ਕਾਂਗਰਸ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਇਸ ਮਗਰੋਂ ਜੂਨ 1984 ਵਿੱਚ ਇੰਦਰਾ ਗਾਂਧੀ ਦੀ ਸਰਕਾਰ ਨੇ ਵੀ ਸਿੱਖ ਕੌਮ ਦੇ ਕੇਂਦਰੀ ਅਸਥਾਨ ’ਤੇ ਹਮਲਾ ਕਰ ਕੇ ਡੂੰਘੇ ਜ਼ਖ਼ਮ ਦਿੱਤੇ, ਜਿਸ ਨੂੰ ਕੌਮ ਕਦੇ ਵੀ ਨਹੀਂ ਭੁੱਲ ਸਕਦੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਖੋਰਾ ਲਗਾਉਣ ਦੇ ਮੰਤਵ ਨਾਲ ਮੌਜੂਦਾ ਸਮੇਂ ਵੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਰਕਾਰੀ ਯਤਨ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਵੱਧ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ 1955 ’ਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਹਮਲਾ ਕੀਤਾ ਸੀ। ਇਸੇ ਤਰ੍ਹਾਂ ਹੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖ ਗੁਰਦੁਆਰਾ ਐਕਟ ਨੂੰ ਖੰਡਤ ਕਰਨ ਦੀ ਕੋਝੀ ਹਰਕਤ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਪੰਥ ਨੇ ਹਮੇਸ਼ਾ ਹੀ ਅਜਿਹੀਆਂ ਸਾਜ਼ਿਸ਼ਾਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ ਅਤੇ ਅਗਾਂਹ ਵੀ ਅਜਿਹੀਆਂ ਸਿੱਖ ਵਿਰੋਧੀ ਹਰਕਤਾਂ ਦਾ ਡਟਵਾਂ ਜਵਾਬ ਦਿੱਤਾ ਜਾਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਚੰਦਰ ਸ਼ੇਖਰ ’ਤੇ ਹਮਲਾ ਅੰਬੇਡਕਰਵਾਦੀ ਆਵਾਜ਼ ਨੂੰ ਬੰਦ ਕਰਨ ਦੀ ਸਾਜ਼ਿਸ਼

ਯੂ ਪੀ ਦੇ ਸਹਾਰਨਪੁਰ ਦੇ ਦਿਓਬੰਦ ਵਿੱਚ ਬੀਤੇ ਦਿਨੀਂ ਭੀਮ ਆਰਮੀ ਚੀਫ਼ ਚੰਦਰ ਸ਼ੇਖਰ ਆਜ਼ਾਦ ’ਤੇ ਜਾਨ ਲੇਵਾ ਹਮਲਾ ਕੀਤਾ ਗਿਆ। ਹਰਿਆਣਾ ਨੰਬਰ ਦੀ ਗੱਡੀ ਵਿੱਚ ਆਏ ਹਮਲਾਵਰਾਂ ਨੇ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿਚੋਂ ਇੱਕ ਉਨ੍ਹਾਂ ਦੇ ਢਿੱਡ ਨੂੰ ਛੂਹ ਕੇ ਨਿਕਲੀ। ਉਨ੍ਹਾਂ ਦੀ ਕਾਰ ਦੇ ਸ਼ੀਸ਼ੇ ਟੁੱਟ ਗਏ। ਚੰਦਰ ਸ਼ੇਖਰ ਸਮਾਜ ਦੇ ਇਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਫਾਰਚੂਨਰ ਵਿੱਚ ਦਿਓਬੰਦ ਆਏ ਸਨ। ਭੀਮ ਆਰਮੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ ਵਰਤਮਾਨ ਵਿੱਚ ਹਿੰਦੀ ਪੱਟੀ ਦੇ ਸਭ ਤੋਂ ਪ੍ਰਮੁੱਖ ਅੰਬੇਡਕਰਵਾਦੀ ਆਵਾਜ਼ ਹਨ। ਉਹ ਐਨਆਰਸੀ ਅਤੇ ਸੀਏਏ ਵਿਰੋਧੀ ਸੰਘਰਸ਼ਾਂ ਵਿੱਚ ਤੇ ਹੁਣੇ ਜਿਹੇ ਉਹ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਵਿਰੋਧੀ ਸੰਘਰਸ਼ ਵਿੱਚ ਸਭ ਤੋਂ ਵਧ ਸਰਗਰਮ ਸਨ। ਉਹ ਲਗਾਤਾਰ ਰਾਜਨੀਤੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਨੂੰ ਸਿੱਧੇ ਤੌਰ ’ਤੇ



ਚੁਣੌਤੀ ਦੇ ਰਹੇ ਸਨ। ਹਿੰਦੀ ਪੱਟੀ ਦੇ ਮੁਸਲਮਾਨ ਉਸ ਨੂੰ ਆਪਣੇ ਸਭ ਤੋਂ ਨਜ਼ਦੀਕੀ ਮਿੱਤਰ ਵਜੋਂ ਦੇਖਦੇ ਹਨ। ਜਦੋਂ ਵੀ ਹਿੰਦੀ ਪੱਟੀ ਵਿੱਚ ਕਿਤੇ ਵੀ ਦਲਿਤਾਂ, ਆਦਿਵਾਸੀਆਂ, ਵਿਰੁੱਧ ਹਿੰਸਾ, ਅੱਤਿਆਚਾਰ ਦੀ ਕੋਈ ਵੀ ਘਟਨਾ ਵਾਪਰਦੀ ਹੈ ਤਾਂ ਚੰਦਰ ਸ਼ੇਖਰ ਅਤੇ ਉਸ ਦੀ ਭੀਮ ਆਰਮੀ ਜ਼ਰੂਰ ਨਿਆਂ ਲਈ ਸਰਗਰਮ ਹੁੰਦੀ ਹੈ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਉੱਤਰਾਖੰਡ ਅਤੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਦਲਿਤਾਂ ’ਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਭੀਮ ਆਰਮੀ ਸਭ ਤੋਂ ਅਹਿਮ ਆਵਾਜ਼ ਹੈ। ਉਹ ਦਲਿਤਾਂ , ਪਿਛੜਿਆਂ ,ਆਦਿਵਾਸੀਆਂ ਤੇ ਘੱਟ ਗਿਣਤੀਆਂ ਦੀ ਮਜ਼ਬੂਤ ਏਕਤਾ ਦਾ ਸਮਰਥਕ ਹਨ। ਇਸ ਏਕਾ ਨੂੰ ਅਸਲੀ ਬਹੁਜਨ ਏਕਤਾ ਵਿੱਚ ਬਦਲਣਾ ਚਾਹੁੰਦੇ ਹਾਂ।ਚੰਦਰ ਸ਼ੇਖਰ ਮੁਸਲਮਾਨਾਂ ਤੇ ਸਿੱਖਾਂ ਨੂੰ ਦਲਿਤਾਂ ਦਾ ਕੁਦਰਤੀ ਮਿੱਤਰ ਅਤੇ ਸਹਿਯੋਗੀ ਮੰਨਦੇ ਹਨ। ਐਨਆਰਸੀ ਅਤੇ ਸੀਏਏ ਵਿਰੋਧੀ ਅੰਦੋਲਨ ਵਿੱਚ, ਉਹ ਉਨ੍ਹਾਂ ਦੇ ਵੱਡੇ ਸਹਿਯੋਗੀ ਅਤੇ ਸਮਰਥਕ ਵਜੋਂ ਸਰਗਰਮ ਰਹੇ ਹਨ। ਉਹ ਹਮੇਸ਼ਾ ਮੁਸਲਮਾਨਾਂ ’ਤੇ ਹੋ ਰਹੇ ਅਤਿਆਚਾਰਾਂ ਅਤੇ ਹਿੰਸਾ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ।

ਉਨ੍ਹਾਂ ਦੀ ਪਹਿਲੀ ਵੱਡੀ ਪਛਾਣ ਸ਼ਬੀਰਪੁਰ (ਸਹਾਰਨਪੁਰ) ਘਟਨਾ (ਮਈ 2017) ਤੋਂ ਬਾਅਦ ਬਣੀ। ਆਦਿਤਿਆਨਾਥ ਦੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਠਾਕੁਰਾਂ ਦਾ ਹੰਕਾਰ ਸਿਖਰ ’ਤੇ ਪਹੁੰਚ ਗਿਆ ਸੀ। ਠਾਕੁਰਾਂ ਨੇ ਸ਼ਬੀਰ ਪਿੰਡ ਵਿੱਚ ਦਲਿਤਾਂ ਵਿਰੁੱਧ ਭਿਆਨਕ ਹਿੰਸਾ ਅਤੇ ਅੱਤਿਆਚਾਰ ਕੀਤੇ। ਭੀਮ ਆਰਮੀ ਇਸ ਹਿੰਸਾ ਅਤੇ ਅੱਤਿਆਚਾਰ ਦੇ ਵਿਰੁੱਧ ਖੜ੍ਹੀ ਹੋਈ ਅਤੇ ਠਾਕੁਰਾਂ ਨੂੰ ਸਖ਼ਤ ਚੁਣੌਤੀ ਦਿੱਤੀ। ਉਦੋਂ ਤੋਂ ਹੀ ਚੰਦਰ ਸ਼ੇਖਰ ਆਜ਼ਾਦ ਉੱਚ ਜਾਤੀਆਂ ਦੀਆਂ ਨਜ਼ਰਾਂ ਵਿੱਚ ਰੜਕ ਰਹੇ ਹਨ। ਚੰਦਰ ਸ਼ੇਖਰ ਨੂੰ ਉਹ ਲੋਕ ਵੀ ਬਰਦਾਸ਼ਤ ਨਹੀਂ ਕਰਦੇ ਜੋ ਕਿਸਾਨ ਅੰਦੋਲਨ ਨੂੰ ਖਾਲਿਸਤਾਨੀ ਜਾਂ ਗੱਦਾਰਾਂ ਦੀ ਲਹਿਰ ਕਹਿੰਦੇ ਸਨ, ਸੀਏਏ ਅਤੇ ਐਨਆਰਸੀ ਵਿਰੋਧੀ ਸੰਘਰਸ਼ ਨੂੰ ਟੁਕੜੇ-ਟੁਕੜੇ ਗਰੋਹਾਂ ਦਾ ਸੰਘਰਸ਼ ਮੰਨਦੇ ਹਨ ਤੇ ਹਿੰਦੂ ਰਾਸ਼ਟਰ ਦੀ ਸਿਰਜਣਾ ਦੇ ਪੈਰੋਕਾਰ ਹਨ।

ਚੰਦਰ ਸ਼ੇਖਰ ਆਜ਼ਾਦ ’ਤੇ ਕਾਤਲਾਨਾ ਹਮਲਾ ਅੰਬੇਡਕਰਵਾਦੀ ਆਵਾਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਸੀ। ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਕੀਤੇ ਜਾ ਸਕਦੇ ਹਨ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਦੀਪ ਸਿੱਧੂ , ਹਰਦੀਪ ਸਿੰਘ ਨਿੱਝਰ ਤੇ ਅਵਤਾਰ ਸਿੰਘ ਖੰਡਾ ਉਪਰ ਮਨੂਵਾਦੀ ਗੈਂਗਾਂ ਰਾਹੀਂ ਕਤਲ ਕਰਵਾਉਣਾ ਤੇ ਹੁਣ ਦਲਿਤ ਆਗੂ ਚੰਦਰ ਸ਼ੇਖਰ ਉਪਰ ਕਾਤਲਾਨਾ ਹਮਲਾ ਦਲਿਤਾਂ ਤੇ ਘੱਟਗਿਣਤੀਆਂ ਦੀ ਅਵਾਜ਼ ਨੂੰ ਕੁਚਲਣ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਅਕਾਲ ਪੁਰਖ ਦੀ ਕਿਰਪਾ ਸਦਕਾ ਚੰਦਰ ਸ਼ੇਖਰ ਸਰੀਰਕ ਤੌਰ ’ਤੇ ਬਚ ਗਏ ਹਨ ਪਰ ਹਮਲਾਵਰਾਂ ਦਾ ਮਕਸਦ ਉਨ੍ਹਾਂ ਨੂੰ ਮੌਤ ਦੇ ਮੂੰਹ ਵਿੱਚ ਧਕੇਲਣ ਵਾਲਾ ਸੀ ਜਿਸ ਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖ਼ਤ ਸ਼ਬਦਾਂ ਵਿਚ ਜਿਥੇ ਨਿੰਦਾ ਕਰਦਾ ਹੈ, ਉਥੇ ਸਹਾਰਨਪੁਰ ਦੇ ਪ੍ਰਸ਼ਾਸਨ ਅਤੇ ਯੂਪੀ ਦੀ ਯੋਗੀ ਸਰਕਾਰ ਤੋਂ ਗੰਭੀਰਤਾ ਭਰੀ ਮੰਗ ਕਰਦਾ ਹੈ ਕਿ ਇਸ ਹੋਈ ਘਟਨਾ ਦੀ ਕਿਸੇ ਨਿਰਪੱਖ ਏਜੰਸੀ ਤੋਂ ਤਹਿ ਤੱਕ ਜਾਂਚ ਕਰਵਾਈ ਜਾਵੇ ਅਤੇ ਜੋ ਵੀ ਅਜਿਹੇ ਮਨੁੱਖਤਾ ਵਿਰੋਧੀ ਅਮਲ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਜਾਵਾਂ ਦੇਣ ਦਾ ਪ੍ਰਬੰਧ ਕੀਤਾ ਜਾਵੇ ।

ਇਸ ਤੋਂ ਪਹਿਲਾਂ ਗੌਰੀ ਲੰਕੇਸ਼ ਦਾ ਕਤਲ ਵੀ ਹਿੰਦੂ ਰਾਸ਼ਟਰਵਾਦੀ ਗੈਂਗਾਂ ਨੇ ਕੀਤਾ ਸੀ। ਪਰ ਕਾਤਲ ਨਹੀਂ ਲੱਭੇ। ਯਾਦ ਰਹੇ ਕਿ ਐਡਵੋਕੇਟ ਚੰਦਰ ਸ਼ੇਖਰ ਨੇ ਸਤੀਸ਼ ਕੁਮਾਰ ਤੇ ਵਿਨੈ ਰਤਨ ਸਿੰਘ ਨਾਲ ਮਿਲ ਕੇ 2014 ਵਿੱਚ ਭੀਮ ਆਰਮੀ ਦੀ ਸਥਾਪਨਾ ਕੀਤੀ ਸੀ। ਇਹ ਜਥੇਬੰਦੀ ਸਿੱਖਿਆ ਦੇ ਮਾਧਿਅਮ ਨਾਲ ਦਲਿਤ ਹਿੰਦੂਆਂ ਦੀ ਮੁਕਤੀ ਲਈ ਕੰਮ ਕਰਦੀ ਹੈ ਤੇ ਪੱਛਮੀ ਯੂਪੀ ਵਿਚ ਦਲਿਤਾਂ ਲਈ ਮੁਫ਼ਤ ਸਕੂਲ ਚਲਾਉਂਦੀ ਹੈ।

# ਅਮਰੀਕੀ ਹਿੰਦੂਆਂ ’ਚ ਹਿੰਦੂਤਵੀ ਨਫ਼ਰਤ ਦਾ ਪ੍ਰਚਾਰ ਤੇਜ਼ੀ ਨਾਲ ਵਧਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਫੇਰੀ ਨੇ ਉਥੇ ਵੱਸਦੇ ਹਿੰਦੂਆਂ ਵਿੱਚ ਆਰਐਸਐਸ ਦੀ ਵੱਧ ਰਹੀ ਘੁਸਪੈਠ ਨੂੰ ਵੀ ਸਾਹਮਣੇ ਲਿਆ ਦਿੱਤਾ ਹੈ। ਹਿਟਲਰ ਨੂੰ ਆਪਣਾ ਆਦਰਸ਼ ਮੰਨਣ ਵਾਲੀ ਇਹ ਭਗਵੀਂ ਜਥੇਬੰਦੀ ਸੰਘ ਪਰਿਵਾਰ ਲੰਮੇ ਸਮੇਂ ਤੋਂ ਯਤਨਸ਼ੀਲ ਸੀ। ਆਪਣੇ ਬੱਚਿਆਂ ਨੂੰ ਭਾਰਤੀ ਸੱਭਿਆਚਾਰ ਨਾਲ ਜੋੜਨ ਦਾ ਉਤਸ਼ਾਹ ਅਮਰੀਕੀ ਜਮਹੂਰੀਅਤ ਦਾ ਹਿੱਸਾ ਬਣ ਚੁੱਕੇ ਹਿੰਦਤਵੀ ਅਮਰੀਕੀ ਹਿੰਦੂਆਂ ਨੂੰ ਮੁਸਲਮਾਨ,ਸਿਖ ਅਤੇ ਈਸਾਈ-ਵਿਰੋਧੀ ਹਿੰਦੂਤਵ ਮੁਹਿੰਮ ਦਾ ਹਿੱਸਾ ਬਣਾਉਂਦੇ ਹਨ। ਇਨ੍ਹਾਂ ਅਮਰੀਕੀ ਹਿੰਦੂਆਂ ਨੂੰ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਰਾਸ਼ਟਰੀ ਸੰਘ ਪਰਿਵਾਰ ਨਾਲ ਜੁੜ ਕੇ ਮਨੁੱਖਤਾ ਵਿਰੁੱਧ ਭੁਗਤ ਰਹੇ ਹਨ।

ਭਾਰਤ ਵਿੱਚ, ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਵਿਰੁੱਧ ਭਾਜਪਾ ਸਰਕਾਰਾਂ ਵੱਲੋਂ ਚਲਾਈ ਜਾ ਰਹੀ ਮੁਹਿੰਮ ਦੇ ਸਭ ਤੋਂ ਵੱਡੇ ਚਿਹਰੇ ਨਰਿੰਦਰ ਮੋਦੀ ਨੂੰ ਗੁਜਰਾਤ ਵਿੱਚ 2002 ਦੇ ਕਤਲੇਆਮ ਦਾ ਦੋਸ਼ੀ ਮੰਨਿਆ ਜਾ ਰਿਹਾ ਹੈ। ਉਸ ਦੇ ਨੌਂ ਸਾਲਾਂ ਦੇ ਸ਼ਾਸਨ ਵਿੱਚ, ਮੁਸਲਿਮ, ਸਿੱਖ ਅਤੇ ਈਸਾਈ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਲਈ ਆਈ ਟੀ ਸੈੱਲਾਂ ਵਰਗੀਆਂ ਫੈਕਟਰੀਆਂ ਖੋਲ੍ਹੀਆਂ ਗਈਆਂ ਸਨ ਜਿਨ੍ਹਾਂ ਨੇ ਦੇਸ਼ ਦੇ ਵੱਡੇ ਹਿੱਸੇ ਨੂੰ ਝੂਠ, ਫਿਰਕੂ ਨਫ਼ਰਤ ਨਾਲ ਭਰ ਦਿੱਤਾ ਹੈ। ਇਸ ਦਾ ਸਿਆਸੀ ਫਾਇਦਾ ਭਾਜਪਾ ਨੂੰ ਮਿਲਦਾ ਹੈ ਪਰ ਇਹ ਵਿਸ਼ਵ ਪੱਧਰ ’ਤੇ ਨਰਿੰਦਰ ਮੋਦੀ ਦੇ ਅਕਸ ਨੂੰ ਹੀ ਵਿਗਾੜਦਾ ਹੈ । ਉਸ ਦੀ ਅਮਰੀਕਾ ਦੀ ਹਾਲੀਆ ਫੇਰੀ ਦਾ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਅਤੇ ਹਿੰਦੂਜ਼ ਫਾਰ ਹਿਊਮਨ ਰਾਈਟਸ ਵਰਗੀਆਂ 17 ਸੰਸਥਾਵਾਂ ਦੇ ਨੈੱਟਵਰਕ ਨੇ ਵਿਰੋਧ ਕੀਤਾ ਸੀ ਅਤੇ



ਰਾਸ਼ਟਰਪਤੀ ਜੋਅ ਬਿਡੇਨ ਨੂੰ ਅਪੀਲ ਕੀਤੀ ਸੀ ਕਿ ਉਹ ਮੋਦੀ ਨੂੰ ਸੰਸਦ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਨਾ ਦੇਣ। 75 ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਨੂੰ ਭਾਰਤ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਵੀ ਸਵਾਲ ਪੁੱਛਣ ਦੀ ਅਪੀਲ ਕੀਤੀ ਸੀ।

ਪਰ ਆਪਣੇ ਆਰਥਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਡੇਨ ਪ੍ਰਸ਼ਾਸਨ ਨੇ ਇਹ ਮੰਗਾਂ ਨਹੀਂ ਮੰਨੀਆਂ। ਜਦੋਂ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਮੋਦੀ ਦੀ ਫੇਰੀ ਵਿਰੁੱਧ ਪ੍ਰਦਰਸ਼ਨ ਕੀਤਾ ਤਾਂ ਅਮਰੀਕਾ ਵਿੱਚ ਵੱਸਦੇ ਹਿੰਦੂਆਂ ਦਾ ਇੱਕ ਵੱਡਾ ਵਰਗ ਮੋਦੀ ਦੇ ਸਮਰਥਨ ਵਿੱਚ ਨਜ਼ਰ ਆਇਆ। ਇੱਥੋਂ ਤੱਕ ਕਿ ਜਦੋਂ ਵਾਲ ਸਟਰੀਟ ਜਰਨਲ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਭਾਰਤੀ ਘੱਟ-ਗਿਣਤੀਆਂ ਨਾਲ ਵਿਤਕਰੇ ਦਾ ਸਵਾਲ ਪੁੱਛਿਆ ਤਾਂ ਉਨ੍ਹਾਂ ਨੂੰ ਜ਼ਬਰਦਸਤ ਟ੍ਰੋਲ ਕੀਤਾ ਗਿਆ। ਸੋਸ਼ਲ ਮੀਡੀਆ ਪਲੇਟਫਾਰਮ ’ਤੇ ਉਸ ਨੂੰ ਕਈ ਤਰੀਕਿਆਂ ਨਾਲ ਜ਼ਲੀਲ ਕੀਤਾ ਗਿਆ। ਅਜਿਹਾ ਕਰਨ ਵਾਲਿਆਂ ਵਿੱਚ ਵੱਡੀ ਗਿਣਤੀ ਵਿੱਚ ਅਮਰੀਕੀ ਹਿੰਦੂ ਨੌਜਵਾਨ ਵੀ ਸ਼ਾਮਲ ਸਨ।

ਇਸ ਵਰਤਾਰੇ ਦੀ ਜਾਂਚ ਕਰਦੇ ਹੋਏ ਸਾਕਸ਼ੀ ਵੈਂਕਟਾਰਮਨ ਦਾ ਇੱਕ ਲੇਖ ਐਨਬੀਸੀ ਨਿਊਜ਼ ਨਿਊਯਾਰਕ ਵਿੱਚ ਪ੍ਰਕਾਸ਼ਿਤ ਹੋਇਆ ਸੀ। ਵਟਸ ਫਿਊਲਿੰਗ ਦਾ ਰਾਈਜ਼ ਹਿੰਦੂ ਨੈਸ਼ਨਲਿਜ਼ਮ ਸਿਰਲੇਖ ਵਾਲੇ ਲੇਖ ਵਿੱਚ, ਉਸਨੇ ਸੰਜੇ ਮਿਸ਼ਰਾ, ਨਿਊ ਜਰਸੀ ਦੀ ਡਰਿਊ ਯੂਨੀਵਰਸਿਟੀ ਵਿੱਚ ਐਸੋਸੀਏਟ ਪ੍ਰੋਫੈਸਰ ਅਤੇ ਦੇਸੀਸ ਡਿਵਾਈਡਡ: ਦ ਪੋਲੀਟਿਕਲ ਲਾਈਵਜ਼ ਆਫ਼ ਸਾਊਥ ਏਸ਼ੀਅਨ ਅਮਰੀਕਨਜ਼ ਦੇ ਲੇਖਕ ਦਾ ਹਵਾਲਾ ਦਿੱਤਾ। ਬਹੁਤ ਸਾਰੇ ਲੋਕ ਇੱਥੇ ਆਉਂਦੇ ਹਨ ਅਤੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਅਤੇ ਹਿੰਦੂ ਧਰਮ ਬਾਰੇ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਵਿੱਚੋਂ ਕੁਝ ਗੁਮਰਾਹ ਹੋ ਕੇ ਇਸ ਦਾ ਹਿੱਸਾ ਬਣ ਜਾਂਦੇ ਹਨ। ਇਸ ਦਾ ਚਿਹਰਾ ਸਵੈ-ਸੇਵੀ, ਚੈਰਿਟੀ, ਵਿਦਿਅਕ, ਯੋਗਾ ਹੈ, ਪਰ ਇਹ ਸਿਰਫ਼ ਹਿੰਦੂ ਧਰਮ ਨੂੰ ਸਵੀਕਾਰ ਕਰਨ ਜਾਂ ਲੋਕਾਂ ਨੂੰ ਹਿੰਦੂ ਧਰਮ ਬਾਰੇ ਜਾਣਕਾਰੀ ਦੇਣ ਬਾਰੇ ਨਹੀਂ ਹੈ। ਇਹ ਹਿੰਦੂਤਵ ਦੇ ਫਿਰਕੂ ਵਿਚਾਰ ਨੂੰ ਫੈਲਾਉਣ ਬਾਰੇ ਵੀ ਹੈ।

ਪ੍ਰੋਫੈਸਰ ਮਿਸ਼ਰਾ ਦੇ ਅਨੁਸਾਰ, ਮੋਦੀ ਸਰਕਾਰ ਅਤੇ ਇਸ ਦੇ ਆਲੇ ਦੁਆਲੇ ਦੇ ਲੋਕ- ਜਿਵੇਂ ਕਿ ਉਸ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦੀ ਸੰਗਠਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) – ਨੇ ਖਾਸ ਤੌਰ ’ਤੇ ਭਾਰਤੀ ਅਮਰੀਕੀਆਂ ’ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਉਨ੍ਹਾਂ ਨੇ ਸਕੂਲਾਂ, ਸਰਕਾਰੀ ਦਫ਼ਤਰਾਂ ਅਤੇ ਸੋਸ਼ਲ ਮੀਡੀਆ ’ਤੇ ਇਸ ਪ੍ਰਚਾਰ ਨੂੰ ਫੈਲਾਉਣ ਲਈ ਸਾਧਨਾਂ ਵਿੱਚ ਨਿਵੇਸ਼ ਕੀਤਾ ਹੈ। 1.43 ਬਿਲੀਅਨ ਲੋਕਾਂ ਦੇ ਨਾਲ, ਭਾਰਤ ਹੁਣ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ, ਅਤੇ ਇਸ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਡਾਇਸਪੋਰਾ ਵੀ ਹੈ, ਜਿਸ ਵਿੱਚ 32 ਮਿਲੀਅਨ ਵਿਦੇਸ਼ਾਂ ਵਿੱਚ ਰਹਿੰਦੇ ਹਨ, ਜਿਹਨਾਂ ਨੂੰ ਕੰਟਰੋਲ ਕਰਨ ਤੇ ਅਮਰੀਕੀ ਸਿਆਸਤ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਹਿੰਦੂਤਵਵਾਦੀ ਮੰਨਦੇ ਹਨ ਕਿ ਧਰਤੀ ਦੇ ਕਿਸੇ ਵੀ ਕੋਨੇ ਵਿੱਚ ਰਹਿਣ ਵਾਲੇ ਹਿੰਦੂ ਉਨ੍ਹਾਂ ਦੇ ‘ਹਿੰਦੂ ਰਾਸ਼ਟਰ’ ਦਾ ਹਿੱਸਾ ਹਨ। ਭਾਰਤ ਦੀਆਂ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰਾਂ ’ਤੇ ਲਗਭਗ ਇੱਕ ਦਹਾਕੇ ਤੱਕ ਕਾਬਜ਼ ਰਹਿਣ ਤੋਂ ਬਾਅਦ, ਉਹ ਆਪਣੇ ਵਿਚਾਰਾਂ ਨੂੰ ਪੂਰੀ ਦੁਨੀਆ ਵਿੱਚ ਫੈਲਾਉਣ ਲਈ ਵਸੀਲੇ ਖ਼ਰਚਣ ਦੀ ਸਥਿਤੀ ਵਿੱਚ ਹਨ।

ਇਸ ਦੌਰਾਨ, ਦੱਖਣੀ ਏਸ਼ੀਆਈ ਅਮਰੀਕੀ ਨਾਗਰਿਕ ਅਧਿਕਾਰਾਂ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਕਾਰਕੁਨਾਂ ਦਾ ਕਹਿਣਾ ਹੈ ਕਿ ਉਹ ਆਪਣੇ ਸੋਸ਼ਲ ਮੀਡੀਆ ਖਾਤਿਆਂ ’ਤੇ ਦੁਰਵਿਵਹਾਰ, ਅਪਮਾਨ ਅਤੇ ਧਮਕੀਆਂ ਨੂੰ ਜਰਨ ਦੇ ਆਦੀ ਹੋ ਗਏ ਹਨ। ਇਕਵੈਲਟੀ ਲੈਬਜ਼ ਦੇ ਥਨਮੋਜ਼ੀ ਸੁੰਦਰਾਜਨ ਵਰਗੇ ਦਲਿਤ ਕਾਰਕੁਨਾਂ ਨੂੰ ਰੋਜ਼ਾਨਾ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੂੰ ਟਵਿੱਟਰ ’ਤੇ ਇਸ ਤਰ੍ਹਾਂ ਦੇ ਜਵਾਬ ਮਿਲ ਰਹੇ ਹਨ ਜਿਵੇਂ, ਜੇ ਤੁਸੀਂ ਹਿੰਦੂ ਦਲਿਤ ਹੋ ਤਾਂ ਕਹੋ ਜੀਸਸ ਭਗਵਾਨ ਨਹੀਂ ਹੈ। ਕੈਲੀਫੋਰਨੀਆ ਰਾਜ ਦੀ ਸੈਨੇਟਰ ਆਇਸ਼ਾ ਵਹਾਬ ਇੱਕ ਅਫ਼ਗਾਨ ਅਮਰੀਕੀ ਹੈ ਜਿਸ ਨੇ ਕੈਲੀਫੋਰਨੀਆ ਵਿੱਚ ਜਾਤੀ ਸੁਰੱਖਿਆ ਲਈ ਕਾਨੂੰਨ ਪੇਸ਼ ਕੀਤਾ ਸੀ। ਟਵਿੱਟਰ ’ਤੇ ਉਸ ਨੂੰ ‘ਵਿਦੇਸ਼ੀ ਏਜੰਟ’ ਕਿਹਾ ਗਿਆ। ਹਿੰਦੂਜ਼ ਫਾਰ ਹਿਊਮਨ ਰਾਈਟਸ ਵਰਗੇ ਸਮੂਹ, ਜੋ ਮੁਸਲਮਾਨਾਂ

## ਮੌਜੂਦਾ ਸਮੇਂ ਭਾਰਤ ’ਚ 363 ਪੱਤਰਕਾਰ ਆਪਣੀ ਅਜ਼ਾਦੀ ਤੋਂ ਵਾਂਝੇ



ਰਾਈਟਸ ਐਂਡ ਰਿਸਕ ਐਨਾਲਿਸਸ ਗਰੁੱਪ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਬੀਤੇ ਸਾਲ 2022 ਵਿੱਚ ਭਾਰਤ ਅੰਦਰ 194 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਨ੍ਹਾਂ ਵਿੱਚ 7 ਔਰਤ ਪੱਤਰਕਾਰਾਂ ਸ਼ਾਮਲ ਸਨ। ਇਨ੍ਹਾਂ ਪੱਤਰਕਾਰਾਂ ਨੂੰ ਸਰਕਾਰੀ ਏਜੰਸੀਆਂ, ਸਿਆਸੀ ਧਿਰਾਂ, ਅਪਰਾਧੀਆਂ ਤੇ ਹਥਿਆਰਬੰਦ ਸਮੂਹਾਂ ਦਾ ਅਤਾਬ ਝੱਲਣਾ ਪਿਆ ਸੀ। ਇਨ੍ਹਾਂ ਵਿੱਚ ਜੰਮੂ-ਕਸ਼ਮੀਰ ਦੇ 48, ਤੇਲੰਗਾਨਾ ਦੇ 40, ਓਡੀਸ਼ਾ ਦੇ 14, ਯੂ ਪੀ ਦੇ 13, ਦਿੱਲੀ ਦੇ 12, ਪੱਛਮੀ ਬੰਗਾਲ ਦੇ 11, ਮੱਧ ਪ੍ਰਦੇਸ਼ ਤੇ ਮਣੀਪੁਰ ਦੇ 6-6, ਆਸਾਮ ਤੇ ਮਹਾਰਾਸ਼ਟਰ ਦੇ 5-5, ਬਿਹਾਰ, ਕਰਨਾਟਕ ਤੇ ਪੰਜਾਬ ਦੇ 4-4, ਛੱਤੀਸਗੜ੍ਹ, ਝਾਰਖੰਡ ਤੇ ਮੇਘਾਲਿਆ ਦੇ 3-3, ਆਂਧਰਾ, ਗੁਜਰਾਤ, ਹਰਿਆਣਾ, ਪੁਡੂਚੇਰੀ, ਰਾਜਸਥਾਨ, ਤ੍ਰਿਪੁਰਾ ਤੇ ਉੱਤਰਾਖੰਡ ਦੇ ਇੱਕ-ਇੱਕ ਪੱਤਰਕਾਰ ਸ਼ਾਮਲ ਸਨ।

ਰਿਪੋਰਟ ਅਨੁਸਾਰ 103 ਪੱਤਰਕਾਰਾਂ ਨੂੰ ਸਰਕਾਰ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਵਿੱਚੋਂ 70 ਨੂੰ ਗ੍ਰਿਫ਼ਤਾਰ ਕੀਤਾ ਗਿਆ, 14 ਵਿਰੁੱਧ ਕੇਸ ਦਰਜ ਕੀਤੇ ਗਏ, 4 ਨੂੰ ਪੁਲਿਸ ਤੇ ਈ ਡੀ ਨੇ ਸੰਮਨ ਕੀਤਾ, 15 ਨੂੰ ਅਧਿਕਾਰੀਆਂ ਤੇ ਪੁਲਿਸ ਵੱਲੋਂ ਧਮਕੀਆਂ ਤੇ ਜਬਰ ਦਾ ਸਾਹਮਣਾ ਕਰਨਾ ਪਿਆ ਸੀ। ਪੱਤਰਕਾਰਾਂ ਵਿਰੁੱਧ ਦਰਜ 14 ਕੇਸਾਂ ਵਿੱਚ ਰਾਜ ਧ੍ਰੋਹ, ਮਾਣਹਾਨੀ, ਧਾਰਮਿਕ ਭਾਵਨਾਵਾਂ ਭੜਕਾਉਣ, ਵੱਖ-ਵੱਖ ਵਰਗਾਂ ਵਿੱਚ ਦੁਸ਼ਮਣੀ ਪੈਦਾ ਕਰਨ ਤੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨ ਜਾਤੀ ਅੱਤਿਆਚਾਰ ਆਦਿ ਦੀਆਂ ਸੰਗੀਨ ਧਾਰਾਵਾਂ ਲਾਈਆਂ ਗਈਆਂ ਸਨ। ਤਿੰਨ ਪੱਤਰਕਾਰਾਂ ਅਕਾਸ਼ ਹੁਸੈਨੀ, ਸਨਾ ਇਰਸ਼ਾਦ ਭੱਟ ਤੇ ਰਾਣਾ ਅਯੂਬ ਨੂੰ ਅਧਿਕਾਰੀਆਂ ਨੇ ਵਿਦੇਸ਼ ਜਾਣ ਤੋਂ ਰੋਕ ਦਿੱਤਾ ਸੀ।

ਦੇਸ਼ ਭਰ ਵਿੱਚ 91 ਪੱਤਰਕਾਰਾਂ ਉੱਤੇ ਸਿਆਸੀ ਤੇ ਅਪਰਾਧੀ ਤੱਤਾਂ ਵੱਲੋਂ ਹਮਲੇ ਕੀਤੇ ਗਏ ਸਨ। ਇਨ੍ਹਾਂ ਅਪਰਾਧੀਆਂ ਵੱਲੋਂ 7 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਸੀ। ਗੈਰ ਸਮਾਜੀ ਤੱਤਾਂ ਵੱਲੋਂ ਸਭ ਤੋਂ ਵੱਧ ਹਮਲੇ ਓਡੀਸ਼ਾ ਤੇ ਯੂ ਪੀ ਵਿੱਚ (5-5) ਦਰਜ ਕੀਤੇ ਗਏ। ਏਜੰਸੀ ਦੇ ਡਾਇਰੈਕਟਰ ਸੁਭਾਸ਼ ਚਕਮਾ ਮੁਤਾਬਕ ਬੀਤੇ ਵਰ੍ਹੇ ਦੌਰਾਨ ਪ੍ਰੈੱਸ ਦੀ ਆਜ਼ਾਦੀ ਦੀ ਸਥਿਤੀ ਲਗਾਤਾਰ ਵਿਗੜੀ ਹੈ।

ਪੱਤਰਕਾਰਾਂ ਨੂੰ ਸਰਕਾਰੀ ਤੇ ਗੈਰ ਸਰਕਾਰੀ ਤੱਤਾਂ ਵੱਲੋਂ ਆਨਲਾਈਨ ਤੇ ਆਫ਼ਲਾਈਨ ਹਮਲਿਆਂ ਦਾ ਲਗਾਤਾਰ ਸਾਹਮਣੇ ਕਰਨਾ ਪੈ ਰਿਹਾ ਹੈ। ਇੱਕ ਹੋਰ ਰਿਪੋਰਟ ‘ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ’ ਵੱਲੋਂ ਦਸੰਬਰ 2022 ਵਿੱਚ ਜਾਰੀ ਕੀਤੀ ਗਈ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਮੌਜੂਦਾ ਸਮੇਂ ਵਿੱਚ 363 ਪੱਤਰਕਾਰ ਆਪਣੀ ਅਜ਼ਾਦੀ ਤੋਂ ਵਾਂਝੇ ਹਨ। ਇਸ ਕਮੇਟੀ ਨੇ ਆਪਣੀ ਜੇਲ੍ਹਾਂ ਸੰਬੰਧੀ ਰਿਪੋਰਟ ਵਿੱਚ ਕਿਹਾ ਸੀ ਕਿ ਇਹ ਅੰਕੜਾ ਪਿਛਲੇ ਸਾਲ ਦੀ ਤੁਲਨਾ ਵਿੱਚ 20 ਫ਼ੀਸਦੀ ਵੱਧ ਹੈ।

# ਅਮਰੀਕਾ ਨਾਲ ਸਬੰਧਾਂ ਕਾਰਨ ਰੂਸ ਨਾਲ ਦੋਸਤੀ ਨਹੀਂ ਤੋੜੇਗਾ ਭਾਰਤ

## ਚੀਨ ਦੇ ਮੰਡਰਾ ਰਹੇ ਖ਼ਤਰੇ ਕਾਰਨ ਭਾਰਤ ਰੂਸ ਨਾਲ ਦੋਸਤੀ ਰੱਖਣ ਦਾ ਚਾਹਵਾਨ

ਭਾਰਤ ਅਤੇ ਅਮਰੀਕਾ ਦੀ ਵਧਦੀ ਦੋਸਤੀ ਕਿਤੇ ਨਾ ਕਿਤੇ ਰੂਸ ਦੇ ਖ਼ਿਲਾਫ਼ ਦੇਖਿਆ ਜਾ ਰਿਹਾ ਹੈ। ਅਜਿਹਾ ਹੀ ਰੂਸ-ਚੀਨ ਸੰਬੰਧਾਂ ਦਾ ਵਿੱਚ ਵੀ ਹੈ ਕਿ ਚੀਨ ਤੇ ਅਮਰੀਕਾ ਦੇ ਵਪਾਰਕ ਸੰਬੰਧ ਵਧ ਰਹੇ ਹਨ। ਇਸ ਨੂੰ ਭਾਰਤ ਦੇ ਖ਼ਿਲਾਫ਼ ਦੇਖਿਆ ਜਾ ਰਿਹਾ ਹੈ। ਹਾਲਾਂ ਕਿ ਭਾਰਤ ਅਤੇ ਰੂਸ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਤੀਜੇ ਦੇਸ਼ ਨਾਲ ਸੰਬੰਧਾਂ ਨੂੰ ਭਾਰਤ ਰੂਸ ਦੋਸਤੀ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਰੂਸ ਨੇ ਸਪਸ਼ਟ ਕੀਤਾ ਹੈ ਕਿ ਭਾਰਤ ਦੇ ਰੂਸ ਨਾਲ ਨਿੱਘੇ ਸੰਬੰਧ ਹਨ। ਕੁਝ ਦਿਨ ਪਹਿਲਾਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਫ਼ੋਨ ਕੀਤਾ ਸੀ ਤਾਂ ਦੋਵਾਂ ਆਗੂਆਂ ਵਿਚਾਲੇ ਸੰਬੰਧਾਂ ਨੂੰ ਹੋਰ ਸੁਧਾਰਨ ਲਈ ਗੱਲਬਾਤ ਹੋਈ ਸੀ। ਪੁਤਿਨ ਨੇ ਪੀਐਮ ਮੋਦੀ ਨੂੰ ਰੂਸ ਵਿੱਚ ਵੈਗਨਰ ਸਮੂਹ ਦੇ ਹਥਿਆਰਬੰਦ ਬਗਾਵਤ ਅਤੇ ਯੂਕਰੇਨ ਵਿੱਚ ਸਥਿਤੀ ਬਾਰੇ ਜਾਣਕਾਰੀ ਦਿੱਤੀ ਸੀ, ਜਦਕਿ ਪੀਐਮ ਮੋਦੀ ਨੇ ਅਮਰੀਕਾ ਦੌਰੇ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਸੀ।

### ਜੈਸ਼ੰਕਰ ਨੇ ਰੂਸ ਨਾਲ ਦੋਸਤੀ ਦਾ ਕਾਰਨ ਦੱਸਿਆ

ਪਿਛਲੇ ਸਾਲ 10 ਅਕਤੂਬਰ ਨੂੰ ਕੈਨਬਰਾ ਵਿੱਚ, ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਪੁੱਛਿਆ ਗਿਆ ਸੀ ਕਿ ਕੀ ਭਾਰਤ ਯੂਕਰੇਨ ਦੇ ਖ਼ਿਲਾਫ਼ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਫੌਜੀ ਹਮਲੇ ਦੇ ਮੱਦੇ-ਨਜ਼ਰ ਹਥਿਆਰਾਂ ਲਈ ਰੂਸ 'ਤੇ ਆਪਣੀ ਨਿਰਭਰਤਾ ਘੱਟ ਕਰੇਗਾ। ਭਾਰਤੀ ਵਿਦੇਸ਼ ਮੰਤਰੀ ਨੇ ਜਵਾਬ ਦਿੱਤਾ ਸੀ ਕਿ ਭਾਰਤ ਦਾ ਅਸਲ ਵਿੱਚ ਰੂਸ ਨਾਲ ਲੰਬੇ ਸਮੇਂ ਤੋਂ ਰਿਸ਼ਤਾ ਹੈ। ਪੁਰਾਣੇ ਸੋਵੀਅਤ ਸਮਾਜਵਾਦੀ ਗਣਰਾਜ ਜਾਂ ਇਸ ਦੇ ਉੱਤਰਾਧਿਕਾਰੀ ਰਾਜ ਤੋਂ ਖ਼ਰੀਦੇ ਜਾਣ ਵਾਲੇ ਹਥਿਆਰਾਂ ਦੀ ਇੱਕ ਲੰਬੀ ਸੂਚੀ ਹੈ। ਉਹ ਸੂਚੀ ਅਸਲ ਵਿੱਚ ਕਈ ਕਾਰਨਾਂ ਕਰਕੇ ਵਧੀ ਹੈ। ਉਨ੍ਹਾਂ ਨੇ ਵਿਅੰਗਮਈ ਢੰਗ ਨਾਲ ਕਿਹਾ ਕਿ ਪੱਛਮੀ ਦੇਸ਼ਾਂ ਨੇ ਭਾਰਤ ਨੂੰ ਹਥਿਆਰਾਂ ਦੀ ਸਪਲਾਈ ਨਹੀਂ ਕੀਤੀ ਪਰ ਉਨ੍ਹਾਂ ਨੇ ਸਾਡੇ ਗਵਾਂਢੀ ਪਾਕਿਸਤਾਨ ਨੂੰ ਹਥਿਆਰ ਸਪਲਾਈ ਕਰਕੇ ਫੌਜੀ ਤਾਨਾਸ਼ਾਹੀ ਨੂੰ ਉਤਸ਼ਾਹਿਤ ਕੀਤਾ ਹੈ।

ਜਦੋਂ ਤੋਂ ਪੁਤਿਨ ਨੇ 24 ਫਰਵਰੀ, 2022 ਨੂੰ ਯੂਕਰੇਨ ਵਿੱਚ 'ਵਿਸ਼ੇਸ਼ ਫੌਜੀ ਮੁਹਿੰਮ' ਨੂੰ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਸੀ, ਉਦੋਂ ਤੋਂ ਹੀ ਭਾਰਤ ਨੂੰ ਪੱਛਮੀ ਦੇਸ਼ਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਨੇ ਰੂਸ ਯੂਕਰੇਨ ਜੰਗ ਨੂੰ ਖਤਮ ਕਰਨ ਲਈ ਗੱਲਬਾਤ ਅਤੇ ਕੂਟਨੀਤੀ ਦਾ ਸੱਦਾ ਦਿੱਤਾ ਸੀ, ਪਰ ਰੂਸ ਦੇ ਖ਼ਿਲਾਫ਼ ਨਿੰਦਾ ਕਰਨ ਤੋਂ ਗੁਰੇਜ਼ ਕੀਤਾ ਸੀ। ਭਾਰਤ ਨੇ ਰੂਸ ਪ੍ਰਤੀ ਨਰਭ ਵਰਤਾਰਾ ਰਖ ਕੇ ਰੂਸ ਵੱਲੋਂ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਤੋਂ ਬਾਅਦ ਰਿਆਇਤੀ ਕੀਮਤ ਉਪਰ ਰੂਸ ਤੋਂ ਕੱਚੇ ਤੇਲ ਦੀ ਦਰਾਮਦ ਵਧਾ ਦਿੱਤੀ ਸੀ। ਵਰਤਮਾਨ ਵਿੱਚ ਰੂਸ ਭਾਰਤ ਦਾ ਸਭ ਤੋਂ ਵੱਡਾ ਊਰਜਾ ਨਿਰਯਾਤ ਕਰਨ ਵਾਲਾ ਦੇਸ਼ ਬਣ ਗਿਆ ਹੈ। ਇਸ ਦਾ ਭਾਰਤ ਨੂੰ ਚੋਖਾ ਫਾਇਦਾ ਹੋਇਆ ਹੈ। ਹਾਲਾਂ ਕਿ ਦੋਵਾਂ ਦੇਸ਼ਾਂ 'ਚ ਇਸ ਦੇ ਭੁਗਤਾਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਭਾਰਤ ਰੁਪਇਆਂ ਵਿੱਚ ਭੁਗਤਾਨ ਕਰ ਰਿਹਾ ਹੈ ਜਦ ਕਿ ਰੂਸ ਯੂਆਨ ਚੀਨ ਦੀ ਕਰੰਸੀ ਵਿੱਚ ਭੁਗਤਾਨ ਚਾਹੁੰਦਾ ਹੈ। ਇਸ ਦੇ ਬਾਵਜੂਦ ਰੂਸ ਤੋਂ ਭਾਰਤ ਨੂੰ ਤੇਲ ਦੀ ਬਰਾਮਦ ਜਾਰੀ ਹੈ।



### ਅਮਰੀਕਾ ਦਾ ਭਾਰਤ ਪ੍ਰਤੀ ਵਰਤਾਰਾ ਨਰਮ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਰਾਸ਼ਟਰਪਤੀ ਜੋਅ ਬਿਡੇਨ ਨਾਲ ਕਈ ਉੱਚ-ਪੱਧਰੀ ਮੀਟਿੰਗਾਂ ਹੋਈਆਂ ਸਨ। ਇਸ ਨਾਲ ਭਾਰਤ-ਅਮਰੀਕਾ ਸੰਬੰਧਾਂ ਨੂੰ ਇੱਕ ਨਵਾਂ ਹੁਲਾਰਾ ਮਿਲਿਆ ਹੈ, ਜਿਸ ਦੀ ਸ਼ੁਰੂਆਤ 2008 ਵਿੱਚ ਇਤਿਹਾਸਕ ਸਿਵਲ ਪਰਮਾਣੂ ਸਹਿਯੋਗ ਸਮਝੌਤੇ ਦੁਆਰਾ ਕੀਤੀ ਗਈ ਸੀ। ਇਸ ਸਮਝੌਤੇ ਨੇ ਸੀਤ ਯੁੱਧ ਦੀ ਅਮਰੀਕੀ ਨੀਤੀ ਨੂੰ ਖਤਮ ਕਰ ਦਿੱਤਾ ਅਤੇ ਭਾਰਤ ਨੂੰ ਉੱਨਤ ਤਕਨੀਕਾਂ ਤੱਕ ਪਹੁੰਚ ਯਕੀਨੀ ਬਣਾਈ ਸੀ। ਬਿਡੇਨ ਨੇ ਭਾਰਤ ਤੋਂ ਰੈਗੂਲੇਟਰ ਪਾਬੰਦੀਆਂ ਨੂੰ ਹਟਾਉਣ ਦੇ ਨਾਲ ਆਧੁਨਿਕ ਰੱਖਿਆ ਤਕਨੀਕਾਂ ਨੂੰ ਸਾਂਝਾ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਸਥਿਤ ਜਨਰਲ ਐਟੋਮਿਕਸ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਕਿ ਨਵੀਂ ਦਿੱਲੀ ਨਾ ਸਿਰਫ਼ ਭਾਰਤ ਵਿੱਚ ਹਥਿਆਰਬੰਦ ਡਰੋਨਾਂ ਨੂੰ ਇਕੱਠਿਆਂ ਬਣਾਏਗੀ, ਸਗੋਂ ਦੇਸ਼ ਵਿੱਚ ਇੱਕ ਕੌਮਾਂਤਰੀ ਰੱਖ-ਰਖਾਅ, ਮੁਰੰਮਤ ਅਤੇ ਓਵਰਹਾਲ ਸਹੂਲਤ ਵੀ ਸਥਾਪਤ ਕਰੇਗੀ। ਅਮਰੀਕੀ ਜੀਈ ਏਰੋਸਪੇਸ ਨੇ ਭਾਰਤੀ ਹਵਾਈ ਸੈਨਾ ਲਈ ਭਾਰਤ ਵਿੱਚ ਐਫ 414 ਲੜਾਕੂ ਜੈੱਟ ਇੰਜਣ ਦੇ ਸੰਯੁਕਤ ਉਤਪਾਦਨ ਅਤੇ ਤਕਨਾਲੋਜੀ ਦੇ ਤਬਾਦਲੇ ਲਈ ਬੈਂਗਲੁਰੂ ਸਥਿਤ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਨਾਲ ਇੱਕ ਸਮਝੌਤਾ ਕੀਤਾ ਸੀ।

### ਰੂਸ ਤੋਂ ਵੱਖ ਨਹੀਂ ਹੋਵੇਗਾ ਭਾਰਤ

ਅਮਰੀਕਾ ਅਤੇ ਭਾਰਤ ਨੇ ਰੱਖਿਆ ਉਦਯੋਗਾਂ ਨੂੰ ਨੀਤੀਗਤ ਦਿਸ਼ਾ ਪ੍ਰਦਾਨ ਕਰਨ ਅਤੇ ਉੱਨਤ ਰੱਖਿਆ ਪ੍ਰਣਾਲੀਆਂ ਦੇ ਨਾਲ-ਨਾਲ ਉਤਪਾਦਨ ਸਮੇਤ ਖੋਜ, ਪ੍ਰੀਖਣ ਅਤੇ ਨਵੇਂ ਪ੍ਰੋਜੈਕਟਾਂ 'ਤੇ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਦੋਵੇਂ ਦੇਸ਼ ਨਵੇਂ ਰੱਖਿਆ ਉਦਯੋਗਿਕ ਸੁਰੱਖਿਆ ਰੋਡਮੈਪ 'ਤੇ ਸਹਿਮਤ ਹੋਏ ਸਨ। ਭਾਰਤ ਨੂੰ ਰੂਸ ਤੋਂ ਦੂਰ ਕਰਨ ਲਈ ਅਮਰੀਕਾ ਸਪੱਸ਼ਟ ਤੌਰ 'ਤੇ ਯਤਨ ਕਰ ਰਿਹਾ ਹੈ ਪਰ ਭਾਰਤ ਚੀਨ ਦੇ ਮੰਡਰਾ ਰਹੇ ਖ਼ਤਰੇ ਕਾਰਣ ਅਮਰੀਕਾ ਨਾਲ ਸੰਬੰਧ ਨਹੀਂ ਤੋੜੇਗਾ। ਰੂਸ ਤੇ ਚੀਨ ਦੀ ਨਿੱਘੀ ਦੋਸਤੀ ਹੈ। ਇਸ ਦਾ ਭਾਰਤ ਫਾਇਦਾ ਚੁੱਕਣਾ ਚਾਹੁੰਦਾ ਹੈ। ਯਾਦ ਰਹੇ ਕਿ ਚੀਨ ਭਾਰਤ ਦੇ ਕਈ ਇਲਾਕਿਆਂ ਉਪਰ ਕਬਜ਼ਾ ਕਰ ਚੁਕਾ ਹੈ।

### ਰੂਸ ਨੇ ਔਖੇ ਸਮੇਂ ਵਿੱਚ ਭਾਰਤ ਦਾ ਸਾਥ ਦਿੱਤਾ

ਭਾਰਤ ਅਤੇ ਰੂਸ ਦੇ ਡੂੰਘੇ ਸਬੰਧ ਹਨ। 1950 ਦੇ ਦਹਾਕੇ ਤੋਂ ਤਤਕਾਲੀ ਸੋਵੀਅਤ ਯੂਨੀਅਨ ਨੇ ਨਵੇਂ ਆਜ਼ਾਦ ਭਾਰਤ ਦੀ ਹੈਵੀ ਇਲੈਕਟ੍ਰੀਕਲਜ਼ ਲਿਮਟਿਡ ਅਤੇ ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ ਵਰਗੀਆਂ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਸਥਾਪਤ ਕਰਨ ਵਿੱਚ ਮਦਦ ਕੀਤੀ ਸੀ। ਭਾਰਤ ਦੇ ਉਦਯੋਗ ਅਤੇ ਆਰਥਿਕਤਾ ਦੇ ਨਿਰਮਾਣ ਪਰਮਾਣੂ ਅਤੇ ਪੁਲਾੜ ਸਮਰੱਥਾਵਾਂ ਦੇ ਨਿਰਮਾਣ ਵਿੱਚ ਸਹਿਯੋਗ ਕੀਤਾ ਸੀ। ਜਦਕਿ ਪੱਛਮ ਨੇ ਭਾਰਤ ਲਈ ਆਪਣੇ ਦਰਵਾਜ਼ੇ ਬੰਦ ਰੱਖੇ ਸਨ। ਅਗਸਤ 1971 ਵਿੱਚ ਸ਼ਾਂਤੀ, ਦੋਸਤੀ ਅਤੇ ਸਹਿਯੋਗ ਦੀ ਇਤਿਹਾਸਕ ਭਾਰਤ-ਸੋਵੀਅਤ ਸੰਧੀ ਤੇ ਹਸਤਾਖਰ ਕੀਤੇ ਗਏ ਸਨ ਅਤੇ ਯੂਐਸਐਸਆਰ ਪਾਕਿਸਤਾਨ ਦੇ ਵਿਰੁੱਧ ਜੰਗ ਵਿੱਚ ਭਾਰਤ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਸੀ, ਜਿਸ ਨਾਲ ਬੰਗਲਾਦੇਸ਼ ਦਾ ਜਨਮ ਹੋਇਆ ਸੀ। ਸੋਵੀਅਤ ਯੂਨੀਅਨ ਨੇ 1960 ਦੇ ਦਹਾਕੇ ਦੇ ਸ਼ੁਰੂ ਵਿੱਚ ਮਿਗ-21 ਲੜਾਕੂ ਜਹਾਜ਼ਾਂ ਨਾਲ ਭਾਰਤ ਨੂੰ ਫੌਜੀ ਤਕਨੀਕਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ।

### ਭਾਰਤ ਰੂਸ ਸਬੰਧ ਹਰ ਸਾਲ ਮਜ਼ਬੂਤ ਹੁੰਦੇ ਜਾ ਰਹੇ ਹਨ

ਕਾਫ਼ੀ ਅਰਸੇ ਤੋਂ , ਭਾਰਤ ਅਤੇ ਰੂਸ ਵਿਚਾਲੇ ਬਾਯਰ ਸੇਲਰ ਸੰਬੰਧਾਂ, ਸਾਂਝੀ ਖੋਜ, ਡਿਜ਼ਾਈਨ ਵਿਕਾਸ ਅਤੇ ਨਿਰਮਾਣ ਦੇ ਖੇਤਰ ਵਿੱਚ ਸਹਿਯੋਗ ਦਾ ਇੱਕ ਨਵਾਂ ਅਧਿਆਏ ਲਿਖਿਆ ਗਿਆ ਹੈ। ਚਾਹੇ ਉਹ ਬ੍ਰਹਮੋਸ ਕਰੂਜ਼ ਮਿਜ਼ਾਈਲਾਂ ਦੇ ਸੰਯੁਕਤ ਉਤਪਾਦਨ ਲਈ ਹੋਵੇ ਜਾਂ ਟੀ-90 ਟੈਂਕਾਂ ਦੇ ਲਾਇਸੰਸਸ਼ੁਦਾ ਉਤਪਾਦਨ ਲਈ। ਭਾਰਤ ਦਾ ਏਅਰਕ੍ਰਾਫਟ ਕੈਰੀਅਰ ਆਈਐਨਐਸ ਵਿਕਰਮਾਦਿਤਯ, ਪਰਮਾਣੂ ਪਣਡੁੱਬੀ ਆਈਐਨਐਸ ਅਰਿਹੰਤ, ਕਈ ਗਾਈਡਡ ਵਿਨਾਸ਼ਕਾਰੀ ਮਿਜ਼ਾਈਲ ਅਤੇ ਨਵੀਂ ਐਕਵਾਇਰ ਕੀਤੀ ਐਸ-400 ਮਿਜ਼ਾਈਲ ਪ੍ਰਣਾਲੀਆਂ ਵੀ ਰੂਸ ਨਾਲ ਭਾਰਤ ਦੇ ਰੱਖਿਆ ਸਹਿਯੋਗ ਨੂੰ ਦਰਸਾਉਂਦੀਆਂ ਹਨ। ਜਦੋਂ ਮੋਦੀ ਅਤੇ ਪੁਤਿਨ ਦੀ ਦਸੰਬਰ 2021 ਦੌਰਾਨ ਨਵੀਂ ਦਿੱਲੀ ਵਿੱਚ ਮੁਲਾਕਾਤ ਹੋਈ ਸੀ, ਤਾਂ ਦੋਵਾਂ ਦੇਸ਼ਾਂ ਨੇ ਭਾਰਤ ਵਿੱਚ 6,01,427 ਰੂਸੀ ਏਕੇ-203 ਰਾਈਫਲਾਂ ਦੇ ਨਿਰਮਾਣ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਸਨ। ਉਨ੍ਹਾਂ ਨੇ ਅਗਲੇ 10 ਸਾਲਾਂ ਲਈ ਫੌਜੀ-ਤਕਨੀਕੀ ਸਹਿਯੋਗ ਬਾਰੇ ਸਮਝੌਤੇ ਦਾ ਰਿਨਿਊ ਵੀ ਕੀਤਾ। ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਦੁਆਰਾ ਵਰਤਮਾਨ ਵਿੱਚ ਵਰਤੇ ਜਾ ਰਹੇ ਹਥਿਆਰਾਂ ਦਾ ਲਗਭਗ 85 ਪ੍ਰਤੀਸ਼ਤ ਦਾ ਮੂਲ ਰੂਸ ਜਾਂ ਇਸ ਦੇ ਪੂਰਵਜ ਸੋਵੀਅਤ ਸੰਘ ਤੋਂ ਸਪਲਾਈ ਹੋਇਆ ਸੀ।

# ਸਲੀਪ ਐਪਨੀਆ ਨਾਮ ਦੀ ਬਿਮਾਰੀ ਨਾਲ ਜੂਝ ਰਹੇ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ

## ਚਿਹਰੇ 'ਤੇ ਸਾਹ ਲੈਣ ਵਾਲੀ ਮਸ਼ੀਨ ਦੇ ਦਾਗ ਨੇ ਲੋਕਾਂ ਦੀ ਵਧਾਈ ਚਿੰਤਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ ਦੇ ਚਿਹਰੇ 'ਤੇ ਸਾਹ ਲੈਣ ਵਾਲੀ ਮਸ਼ੀਨ ਦੇ ਦਾਗ ਨੇ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਾਵਾਂ ਵਧਾ ਦਿੱਤੀਆਂ ਹਨ। ਇਹ ਦਾਗ ਵ੍ਹਾਈਟ ਹਾਊਸ ਤੋਂ ਬਾਹਰ ਨਿਕਲਦੇ ਸਮੇਂ ਉਨ੍ਹਾਂ ਦੇ ਚਿਹਰੇ 'ਤੇ ਦੇਖਿਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਹੋਣ ਦੇ ਨਾਲ-ਨਾਲ ਬਿਡੇਨ ਦੁਨੀਆਂ ਦੀ ਸਭ ਤੋਂ ਤਾਕਤਵਰ ਅਮਰੀਕਨ ਫੌਜ ਦੇ ਕਮਾਂਡਰ-ਇਨ-ਚੀਫ ਵੀ ਹਨ। ਅਜਿਹੇ 'ਚ ਅਮਰੀਕਾ ਦੀ ਅਗਵਾਈ ਕਰਨ ਲਈ ਬਿਡੇਨ ਦੀ ਫਿਟਨੈੱਸ 'ਤੇ ਸਵਾਲ ਖੜ੍ਹੇ ਹੋ ਰਹੇ ਹਨ। 80 ਸਾਲਾ ਬਿਡੇਨ ਸਲੀਪ ਐਪਨੀਆ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਨੀਂਦ ਦੌਰਾਨ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਰਹਿੰਦਾ ਹੈ। ਇਸ ਤੋਂ ਬਚਣ ਲਈ ਉਹ ਸੌਂਦੇ ਸਮੇਂ ਕੰਟੀਨਿਊਅਸ ਪਾਜ਼ੇਟਿਵ ਏਅਰਵੇਅ ਪ੍ਰੈਸ਼ਰ (ਸੀ.ਪੀ.ਏ.ਪੀ.) ਮਸ਼ੀਨ ਦੀ ਵਰਤੋਂ ਕਰ ਰਿਹਾ ਹੈ। ਇਹ ਮਸ਼ੀਨ ਸੌਂਦੇ ਸਮੇਂ ਸਾਹ ਵਿੱਚ ਆਕਸੀਜਨ ਦੀ ਲੋੜੀਂਦੀ ਸਪਲਾਈ ਦਿੰਦੀ ਹੈ।



### ਸਲੀਪ ਐਪਨੀਆ ਤੋਂ ਪੀੜਤ ਹੈ ਬਿਡੇਨ

ਵ੍ਹਾਈਟ ਹਾਊਸ ਦੇ ਬੁਲਾਰੇ ਐਂਡਰਿਊ ਬੇਟਸ ਨੇ ਕਿਹਾ ਕਿ 2008 ਤੋਂ ਲੈ ਕੇ ਹੁਣ ਤੱਕ ਕਈ ਮੈਡੀਕਲ ਰਿਪੋਰਟਾਂ ਅਨੁਸਾਰ ਰਾਸ਼ਟਰਪਤੀ ਸਲੀਪ ਐਪਨੀਆ ਨਾਲ ਪੀੜਤ ਹਨ। ਉਸਨੇ ਇਸ ਫੋਟੋ ਤੋਂ ਇੱਕ ਰਾਤ ਪਹਿਲਾਂ ਇੱਕ ਮਸ਼ੀਨ ਦੀ ਵਰਤੋਂ ਕੀਤੀ ਸੀ, ਜੋ ਕਿ ਬਿਮਾਰੀ ਵਾਲੇ ਲੋਕਾਂ ਲਈ ਆਮ ਹੈ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਬਿਡੇਨ ਨੇ ਆਪਣੀ ਨੀਂਦ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਹਾਲ ਹੀ ਦੇ ਹਫ਼ਤਿਆਂ ਵਿੱਚ ਇੱਕ ਕੰਟੀਨਿਊਅਸ ਪਾਜ਼ੇਟਿਵ ਏਅਰਵੇਅ ਪ੍ਰੈਸ਼ਰ ਮਸ਼ੀਨ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਜੋ ਬਿਡੇਨ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਬਜ਼ੁਰਗ ਵਿਅਕਤੀ ਹਨ।

### 2024 ਵਿੱਚ ਦੁਬਾਰਾ ਰਾਸ਼ਟਰਪਤੀ ਚੋਣ ਦੀ ਤਿਆਰੀ

ਆਪਣੀ ਵਧਦੀ ਉਮਰ ਦੇ ਬਾਵਜੂਦ, ਉਹ ਸਰਗਰਮੀ ਨਾਲ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਦੂਜੀ ਵਾਰ ਚੋਣ ਲੜ ਰਹੇ ਹਨ । ਹਾਲਾਂਕਿ,ਬਿਡੇਨ ਦੀ ਆਪਣੀ ਡੈਮੋਕਰੇਟਿਕ ਪਾਰਟੀ ਵਿੱਚ ਉਸਦੀ ਉਮਰ ਬਾਰੇ ਚਿੰਤਾ ਇੱਕ ਮਹੱਤਵਪੂਰਨ ਮੁੱਦਾ ਬਣ ਗਈ ਹੈ। ਨਵੀਨਤਮ ਐਨਬੀਸੀ ਨਿਊਜ਼ ਨੈਸ਼ਨਲ ਪੋਲ ਦੇ ਅਨੁਸਾਰ, ਜੋ ਬਿਡੇਨ ਦੀ ਪ੍ਰਵਾਨਗੀ ਰੇਟਿੰਗ 43% ਹੈ। ਸਮਰਥਨ ਦਾ ਇਹ ਪੱਧਰ ਉਸਦੀ ਦੂਜੀ ਚੋਣ ਦੀ ਗਾਰੰਟੀ ਦੇਣ ਲਈ ਕਾਫੀ ਨਹੀਂ ਹੈ। ਹਾਲਾਂਕਿ, ਵਾਧੂ 10 ਪ੍ਰਤੀਸ਼ਤ ਵੋਟਰ ਬਿਡੇਨ ਦੇ ਪ੍ਰਦਰਸ਼ਨ 'ਤੇ ਕੁਝ ਹੱਦ ਤੱਕ ਭਰੋਸਾ ਰੱਖਦੇ ਹਨ। ਅਜਿਹੇ 'ਚ ਉਸ ਦੀ ਅਪਰੂਵਲ ਰੇਟਿੰਗ ਵਧ ਸਕਦੀ ਹੈ।

### ਡੋਨਾਲਡ ਟਰੰਪ ਨਾਲ ਮੁਕਾਬਲਾ

ਜੇਕਰ ਜੋ ਬਿਡੇਨ ਅਗਲੀਆਂ ਰਾਸ਼ਟਰਪਤੀ ਚੋਣਾਂ 'ਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਕਾਬਲਾ ਕਰਦੇ ਹਨ ਤਾਂ ਦੋਵਾਂ ਵਿਚਾਲੇ ਸਖਤ ਟੱਕਰ ਹੋ ਸਕਦੀ ਹੈ। ਹਾਲਾਂਕਿ ਜ਼ਿਆਦਾਤਰ ਚੋਣ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਬਿਡੇਨ ਦਾ ਅਜੇ ਵੀ ਪਲੜਾ ਭਾਰੀ ਹੈ, ਕਿਉਂਕਿ ਟਰੰਪ ਦਾ ਸਮਰਥਨ ਕਰਨ ਵਾਲੇ ਲੋਕਾਂ ਦੀ ਗਿਣਤੀ ਸਿਰਫ 39% ਹੈ। ਇਸ ਦੇ ਬਾਵਜੂਦ ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਜੋ ਬਿਡੇਨ ਦੂਜੀ ਵਾਰ ਰਾਸ਼ਟਰਪਤੀ ਚੋਣ ਲੜਨ ਲਈ ਰਾਜ਼ੀ ਹੋ ਜਾਣਗੇ। ਉਸ ਦੀ ਡੈਮੋਕ੍ਰੇਟਿਕ ਪਾਰਟੀ ਦੇ ਕਈ ਹੋਰ ਦਾਅਵੇਦਾਰ ਰਾਸ਼ਟਰਪਤੀ ਅਹੁਦੇ ਲਈ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ ਹਿਲੇਰੀ ਕਲਿੰਟਨ ਨੰਬਰ ਇਕ ਦਾਅਵੇਦਾਰ ਹੈ।

# ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੇ 14 ਗੁਰੂ ਘਰਾਂ ਵੱਲੋਂ ਸਿੱਖ ਏਕਤਾ ਲਈ ਇਤਿਹਾਸਕ ਪਹਿਲ



ਫਰਿਜਨੋ (ਕੈਲੀਫੋਰਨੀਆ) ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੀਆਂ ਸਾਧਾਰਨ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ ਇੱਕ ਪੰਥ ਇਕ ਸੋਚ ਲਈ ਪਿਛਲੇ 8 ਵਰ੍ਹੇ ਤੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਏਕੇ ਨੂੰ ਸਮਰਪਿਤ ਪ੍ਰੋਗਰਾਮ ਆਤਮਰਸ ਕੀਰਤਨ ਦਰਬਾਰ 24 ਜੂਨ ਦਿਨ ਸ਼ਨੀਵਾਰ ਸ਼ਾਮ 5:00 ਵਜੇ ਤੋਂ 9:00 ਵਜੇ ਵਿੱਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂਘਰਾਂ ਦੇ ਰਾਗੀ ਢਾਡੀ ਵੀਰਾਂ ਨੇ ਇੱਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ। ਸਾਧਾਰਨ ਸੰਗਤਾਂ ਵੱਲੋਂ ਚੁੱਕੇ ਇਸ ਬੀੜੇ ਦਾ ਜਿੱਥੇ ਇਲਾਕੇ ਦੇ ਸਾਰੇ ਹੀ 14 ਗੁਰੂਘਰਾਂ ਜਿਸ ਵਿੱਚ ਫਰਿਜਨੋ ਕਲੋਵਸ ਦੇ ਸਾਰੇ ਗੁਰੂ ਘਰ ਜਿਸ ਵਿੱਚ ਗੁਰਦਵਾਰਾ ਸਿੰਘ ਸਭਾ, ਗੁਰੂ ਨਾਨਕ ਪ੍ਰਕਾਸ਼, ਨਾਨਕਸਰ, ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਸਭਾ, ਗੁ.ਕਲੋਵਿਸ, ਸੈਲਮਾ ਕਲਗੀਧਰ, ਪੈਸੇਫਿਕ ਕੋਸਟ ਸਿਲਮਾ, ਸੈਲਮਾ ਗੁਰੂ ਰਵਿਦਾਸ, ਤੋਂ ਇਲਾਵਾ ਗੁ.ਸਾਹਿਬ ਕਰਦਰਜ, ਮੰਡੇਰਾ, ਕਰਮਨ, ਸਨਵਾਕੀਨ, ਪੋਰਟਰਵਿਲੈ ਆਦਿ ਗੁਰੂ ਘਰਾਂ ਨੇ ਜੱਥੇ ਭੇਜਕੇ ਜਿੱਥੇ ਆਪ ਏਕੇ ਦਾ ਸਬੂਤ ਦਿੱਤਾ, ਉੱਥੇ ਇਲਾਕੇ ਦੇ ਪੰਜਾਬੀ ਮੀਡਿਆ ਅਤੇ ਐਨਜੀਓ ਜਿਸ ਵਿੱਚ ਸਿੱਖ ਕੌਂਸਲ, ਸਿੱਖ ਵੂਮੈਨ ਆਰਗੇਨਾਈਜੇਸ਼ਨ ਆਫ਼ ਸੈਂਟਰਲ ਕੈਲੀਫੋਰਨੀਆ, ਜਕਾਰਾ ਮੂਵਮੈਂਟ, ਇੰਡੋ ਅਮੇਰੀਕਨ ਹੈਰੀਟੇਜ ਫੋਰਮ, ਜੀ.ਐਚ.ਜੀ ਅਕੈਡਮੀ, ਪੀ.ਏ.ਜੀ.ਜੀ, ਮੀਰੀ ਪੀਰੀ ਸੇਵਾ ਸੁਸਾਇਟੀ, ਪੰਜਾਬੀ ਰੇਡੀਓ ਕੇਬੀਆਈਐਫ 900 ਏਐਮ , ਇਲਾਕੇ ਦੇ ਮੀਡੀਆ ਪਰਸਨਜ਼, ਪੰਜਾਬੀ ਲੇਖਕ, ਮਾਤਾ ਗੁਜਰੀ ਅਤੇ ਸੁਖਮਨੀ ਸਾਹਿਬ ਗਰੁਪ ਵੱਲੋਂ ਇਸ ਦੀ ਸ਼ਲਾਘਾ ਕਰਦੇ ਹੋਏ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਹਾ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇੱਕ ਹੋਣ ਦੀ ਸਖ਼ਤ ਲੋੜ ਹੈ। ਸਿੱਖ ਏਕੇ ਦੇ ਮਾਮਲੇ @ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ @ਚ ਪਹਿਲੀ ਵਾਰ ਸਭ ਵੱਖ-ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵੱਲੋਂ ਇਕੋ ਜਗ੍ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ 'ਚ ਇੱਕ (ਬਾਕੀ ਸਫ਼ਾ 30 'ਤੇ)

# ਪਾਕਿਸਤਾਨ 'ਚ ਫਿਰਕੂ ਗੁੰਡਿਆਂ ਵੱਲੋਂ ਗ੍ਰੰਥ ਸਾਹਿਬ ਦੀ ਬੇਅਦਬੀ, ਸੰਗਤ ਨੂੰ ਡਰਾ-ਧਮਕਾ ਕੇ ਬੰਦ ਕਰਵਾਇਆ ਕੀਰਤਨ

## ਪੁਲਿਸ ਹਵਾਲੇ ਕੀਤੇ ਬਦਮਾਸ਼ਾਂ ਨੂੰ ਜਾਂਚ ਅਤੇ ਪੁੱਛ ਪੜਤਾਲ ਕੀਤੇ ਬ਼ਗੈਰ ਛੱਡਿਆ

ਸਿੰਧ/ਏ.ਟੀ.ਨਿਊਜ਼: ਪਾਕਿਸਤਾਨ ਦੇ ਸਿੰਧ ਸੂਬੇ ਦੇ ਸੁੱਕਰ ਸ਼ਹਿਰ ਵਿੱਚ ਫਿਰਕੂ ਗੁੰਡੇ ਅਨਸਰਾਂ ਨੇ ਜ਼ਬਰਦਸਤੀ ਸਿੰਘ ਸਭਾ ਗੁਰਦੁਆਰੇ ਦੇ ਕੰਪਲੈਕਸ ਵਿੱਚ ਦਾਖਲ ਹੋ ਕੇ ਗ੍ਰੰਥੀਆਂ ਤੇ ਰਾਗੀਆਂ ਨਾਲ ਦੁਰ ਵਿਵਹਾਰ ਕੀਤਾ ਅਤੇ ਉਨ੍ਹਾਂ ਨੂੰ ਕੀਰਤਨ ਬੰਦ ਕਰਨ ਲਈ ਕਿਹਾ। ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਕਈ ਸਥਾਨਕ ਸਿੱਖਾਂ ਅਤੇ ਹਿੰਦੂਆਂ ਨੇ ਦੋਸ਼ ਲਾਇਆ ਕਿ ਸ਼ਰਾਰਤੀ ਅਨਸਰਾਂ ਨੇ ਸਿੱਖਾਂ ਦੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਵੀ ਬੇਅਦਬੀ ਕੀਤੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਪੁਲਿਸ ਹਵਾਲੇ ਕੀਤੇ ਬਦਮਾਸ਼ਾਂ ਨੂੰ ਜਾਂਚ ਅਤੇ ਪੁੱਛ ਪੜਤਾਲ ਕੀਤੇ ਬ਼ਗੈਰ ਛੱਡ ਦਿੱਤਾ ਗਿਆ।

ਸੱਖਰ ਤੋਂ ਦੇਵਾ ਸਿਕੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਜਦੋਂ ਜ਼ਿਲ੍ਹਾ ਸੱਖਰ ਵਿਖੇ ਘੰਟਾ ਘਰ ਚੌਕ ਨਜ਼ਦੀਕ 100 ਸਾਲ ਪੁਰਾਣੇ ਗੁਰਦੁਆਰਾ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਵਿਖੇ ਇਲਾਕੇ ਦੀ ਹਿੰਦੂ-ਸਿੱਖ ਸੰਗਤ ਕੀਰਤਨ ਕਰ ਰਹੀ ਸੀ ਤਾਂ ਅਚਾਨਕ ਜ਼ਫ਼ਰ ਮੁਗਲ, ਮੁਹੰਮਦ ਅਲੀ, ਵਾਸਿਤ ਅਲੀ, ਅਸ਼ਤਫ਼ੀਕ, ਜ਼ੈਨ ਮੁ਼ਗਲ ਅਤੇ ਮਜ਼ਹਰ ਅਲੀ ਮੁਗਲ ਆਦਿ ਨੇ ਗੁਰਦੁਆਰਾ ਸਾਹਿਬ 'ਚ ਜ਼ਬਰਦਸਤੀ ਦਾਖ਼ਲ ਹੋ ਕੇ ਰਾਗੀ ਸਿੱਖ ਭਾਈ ਅਜੇ ਸਿੰਘ ਨੂੰ ਕੀਰਤਨ ਰੋਕਣ ਲਈ ਕਿਹਾ। ਅਜਿਹਾ ਨਾ ਕਰਨ 'ਤੇ ਦੰਗਾਕਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖਾਂ ਵਿਰੁੱਧ ਇਤਰਾਜ਼ਯੋਗ ਸ਼ਬਦ ਕਹੇ। ਪੂਜ ਹਿੰਦੂ ਪੰਚਾਇਤ ਸੱਖਰ ਦੀ ਤਰਫ਼ੋਂ ਇਲਾਕੇ ਦੇ ਪੁਲਿਸ ਥਾਣੇ ਵਿੱਚ ਅਜੇ ਸਿੰਘ, ਅਮਰਜੀਤ ਸਿੰਘ, ਮੁਖੀ ਈਸ਼ਵਰ ਲਾਲ, ਡਾ: ਭਗਵਾਨ ਦਾਸ ਅਤੇ ਵਕੀਲ ਹਿਮਾਂਸ਼ੂ ਜਿਵਾਨੀ ਵਲੋਂ ਇਸ ਬਾਰੇ ਲਿਖਤੀ ਸ਼ਿਕਾਇਤ ਕਰਨ 'ਤੇ ਥਾਣੇ ਪਹੁੰਚ ਕੇ ਜ਼ਫ਼ਰ ਮੁਗਲ ਨੇ ਉਲਟਾ ਸਿੱਖਾਂ ਨੂੰ ਧਮਕਾਉਂਦਿਆਂ ਕਿਹਾ ਕਿ ਅਸੀਂ ਕਿਸੇ ਹਿੰਦੂ-ਸਿੱਖ ਨੂੰ ਇਥੇ ਕੀਰਤਨ ਨਹੀਂ ਕਰਨ ਦੇਵਾਂਗੇ। ਹਿੰਦੂ-ਸਿੱਖਾਂ ਨੇ ਪੁਲਿਸ ਥਾਣੇ ਵਿੱਚ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਪੁਲਿਸ ਨੇ ਇਸ ਮਾਮਲੇ ਦੀ ਐੱਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਹੈ।



ਗੁਰਦੁਆਰੇ ਦੇ ਰਾਗੀ ਅਜੈ ਸਿੰਘ ਨੇ ਦੱਸਿਆ ਕਿ ਉਹ ਕੀਰਤਨ ਕਰ ਰਿਹਾ ਸੀ ਕਿ ਅਚਾਨਕ ਲਾਊਡਸਪੀਕਰ ਦੀ ਆਵਾਜ਼ ਘਟ ਗਈ। ਗੁਰਦੁਆਰੇ ਵਿੱਚ ਰੌਲਾ ਰੱਪਾ ਪੈ ਗਿਆ, ਕੀਰਤਨ ਬੰਦ ਕਰਵਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ 100 ਸਾਲਾਂ ਤੋਂ ਇਸ ਗੁਰਦੁਆਰੇ ਵਿੱਚ ਪਾਠ ਤੇ ਕੀਰਤਨ ਹੋ ਰਿਹਾ ਹੈ। ਕਦੇ ਕਿਸੇ ਨੂੰ ਕੋਈ ਤਕਲੀਫ਼ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖਾਂ ਅਤੇ ਹਿੰਦੂਆਂ ਦੀ ਇਸ ਘਟਨਾ ਦੇ ਸਬੰਧ ਵਿੱਚ ਨਾ ਤਾਂ ਐੱਫਆਈਆਰ ਦਰਜ ਕੀਤੀ ਗਈ ਤੇ ਨਾ ਦੋਸ਼ੀਆਂ ਨੂੰ ਗ੍ਰਿ਼ਫਤਾਰ ਕੀਤਾ ਗਿਆ।

ਇਸ ਸਾਰੀ ਘਟਨਾ ਦੀ ਵੀਡੀਓ ਇੰਡੀਅਨ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਢੋਕ ਨੇ ਟਵਿੱਟਰ 'ਤੇ ਸਾਂਝੀ ਕੀਤੀ। ਚੰਡੋਕ ਦੁਆਰਾ ਸਾਂਝੀ ਕੀਤੀ ਗਈ ਵੀਡੀਓ ਵਿੱਚ ਸਿੱਖ ਦੁਖੀ ਦਿਖਾਈ ਦੇ ਰਹੇ ਹਨ। ਚੰਡੋਕ ਨੇ ਟਵਿੱਟਰ 'ਤੇ ਲਿਖਿਆ, "ਪਾਕਿਸਤਾਨ ਵਿੱਚ ਹਿੰਦੂਆਂ ਅਤੇ ਸਿੱਖਾਂ ਦੀ ਚਿੰਤਾਜਨਕ ਵੀਡੀਓ। ਗੁੰਡੇ ਗੁਰਦੁਆਰੇ ਵਿੱਚ ਦਾਖਲ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਦੀ ਦੁਰਵਰਤੋਂ ਕੀਤੀ ਅਤੇ ਸ਼ਰਧਾਲੂਆਂ ਨੂੰ ਡਰਾਇਆ। ਉਨ੍ਹਾਂ ਦੋਸ਼ ਲਾਇਆ ਕਿ ਪਾਕਿਸਤਾਨ ਸਰਕਾਰ ਵੱਲੋਂ ਪਾਕਿਸਤਾਨ ਵਿੱਚ ਘੱਟ ਗਿਣਤੀਆਂ 'ਤੇ ਜ਼ੁਲਮ ਜਾਰੀ ਹਨ।

**ਜਥੇਦਾਰ ਤੇ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ**

ਅਕਾਲ ਤਖਤ ਦੇ ਨਵਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਵਿੱਚ ਸੂਬਾ ਸਿੰਧ ਦੇ ਸ਼ਹਿਰ ਸੱਖਰ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ ਅੰਦਰ ਰਾਗੀ ਸਿੰਘਾਂ ਨਾਲ ਦੁਰਵਿਹਾਰ ਕਰਨ ਅਤੇ ਜਬਰੀ ਕੀਰਤਨ ਬੰਦ ਕਰਵਾਉਣ ਦੀ ਸਖ਼ਤ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਹ ਬੇਹਦ ਮੰਦਭਾਗੀ ਘਟਨਾ ਹੈ। ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਐਡਵੋਕੇਟ ਧਾਮੀ ਨੇ ਪੁਲਿਸ ਵੱਲੋਂ ਮੁਲਜ਼ਮਾਂ ਨੂੰ ਛੱਡ ਦੇਣ 'ਤੇ ਵੀ ਇਤਰਾਜ਼ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਹੈ। ਪਾਕਿਸਤਾਨ 'ਚ ਕੁਝ ਦਿਨ ਪਹਿਲਾਂ ਇਕ ਸਿੱਖ ਦੁਕਾਨਦਾਰ ਦੀ ਹੱਤਿਆ ਕਰ ਦਿੱਤੀ ਗਈ ਸੀ ਅਤੇ ਹੁਣ ਗੁਰਦੁਆਰੇ ਅੰਦਰ ਸ਼ਰਾਰਤੀ ਅਨਸਰਾਂ ਵੱਲੋਂ ਮਰਿਆਦਾ ਭੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਹੋਰ ਦੇਸ਼ਾਂ ਅੰਦਰ ਸਿੱਖਾਂ ਵਿਰੁੱਧ ਵਾਪਰਦੀਆਂ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਤੱਕ ਪਹੁੰਚ ਕੀਤੀ ਜਾਵੇਗੀ। ਇਸ ਦੌਰਾਨ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਵੀ ਘਟਨਾ ਦੀ ਨਿਖੇਧੀ ਕੀਤੀ ਹੈ।

ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਖ਼ੁਦ ਲਾਹੌਰ ਵਿੱਚ ਦੇਖਿਆ ਹੈ ਕਿ ਜਦੋਂ ਉੱਥੋਂ ਦਾ ਭਾਈਚਾਰਾ ਆਪਣੇ ਧਾਰਮਿਕ ਸਮਾਗਮ ਕਰਦਾ ਹੈ ਤਾਂ ਸਪੀਕਰਾਂ ਦੀ ਬਹੁਤ ਉੱਚੀ ਆਵਾਜ਼ ਰੱਖਦੇ ਹਨ ਪਰ ਜਦੋਂ ਸਿੱਖ ਜਾਂ ਹਿੰਦੂ ਘੱਟਗਿਣਤੀ ਦੇ ਲੋਕ ਆਪਣੇ ਧਾਰਮਿਕ ਸਮਾਗਮਾਂ ਦੌਰਾਨ ਸਪੀਕਰਾਂ ਦੀ ਵਰਤੋਂ ਕਰਦੇ ਹਨ ਤਾਂ ਇਤਰਾਜ਼ ਕੀਤਾ ਜਾਂਦਾ ਹੈ। ਸਿੰਘ ਸਾਹਿਬ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦੇਸ਼ ਅੰਦਰ ਸਿੱਖਾਂ ਸਮੇਤ ਹੋਰਨਾਂ ਘੱਟਗਿਣਤੀ ਕੌਮਾਂ ਦੀ ਧਾਰਮਿਕ ਆਜ਼ਾਦੀ ਨੂੰ ਯਕੀਨੀ ਬਣਾਉਣ ਦੇ ਯਤਨ ਕਰੇ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

5 ਜੁਲਾਈ ਤੋਂ 11 ਜੁਲਾਈ, 2023

## ਗੁਰਮਤੇ ਦੀ ਵਾਪਸੀ

ਲੰਘੇ ਬੁੱਧਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੀਰੀ ਪੀਰੀ ਨੂੰ ਸਮਰਪਿਤ ਵਿਸ਼ਵ ਸਿੱਖ ਇਕੱਤਰਤਾ ਹੋਈ, ਜਿੱਥੇ ਸਿੱਖਾਂ ਦੇ ਫੈਸਲੇ ਲੈਣ ਦੇ ਤਰੀਕਾਕਾਰ 'ਗੁਰਮਤਾ' ਵਿਧੀ ਰਾਹੀਂ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਇਸ ਇਕੱਤਰਤਾ ਵਿੱਚ ਵਿਸ਼ਵ ਭਰ ਵਿੱਚੋਂ ਸਿੱਖ ਨੁਮਾਇੰਦਿਆਂ ਨੇ ਹਾਜਰੀ ਭਰੀ ਅਤੇ ਸਬੰਧਿਤ ਵਿਸ਼ੇ 'ਤੇ ਆਪਣੇ ਵਿਚਾਰ ਰੱਖੇ। ਇਸ ਇਕੱਤਰਤਾ ਦੀ ਵਿਲੱਖਣਤਾ ਇਹ ਰਹੀ ਕਿ ਇਹ ਕਾਨਫਰੰਸ ਜਾਂ ਰੈਲੀ ਜਾਂ ਮੌਜੂਦਾ ਪ੍ਰਚਲਤ ਇਕੱਠਾਂ ਦੀ ਤਰ੍ਹਾਂ ਨਹੀਂ ਸੀ, ਬਲਕਿ ਇਸ ਦੀ ਸਾਰੀ ਕਾਰਵਾਈ ਸਿੱਖਾਂ ਦੇ ਫੈਸਲੇ ਕਰਨ ਦੀ ਪੁਰਾਤਨ ਰਵਾਇਤ ਗੁਰਮਤਾ ਵਿਧੀ ਦੇ ਬਹੁਤ ਨੇੜੇ ਦੀ ਸੀ। ਇਸ ਨੁਮਾਇੰਦਾ ਇਕੱਤਰਤਾ ਵਿੱਚ ਗੁਰਮਤਿ ਪ੍ਰਥਾਏ ਸੇਵਾ, ਸੰਗਰਾਮ ਅਤੇ ਪਰਚਾਰ ਕਰ ਰਹੇ ਜਥਿਆਂ ਦੇ ਜਥੇਦਾਰਾਂ, ਰਾਜਸੀ ਸਰਦਾਰਾਂ (ਆਗੂ) ਅਤੇ ਕੁਛ ਅਹਿਮ ਸ਼ਖਸੀਅਤਾਂ ਨੂੰ ਸੱਦਿਆ ਗਿਆ। ਸ਼ੁਰੂ ਵਿੱਚ ਹੀ ਸੰਗਤ ਦੀ ਸਹਿਮਤੀ ਨਾਲ ਪੰਜ ਸਿੰਘ ਚੁਣੇ ਗਏ। ਹਰ ਸਿੰਘ ਦਾ ਨਾਮ ਲੈਣ ਵਕਤ ਸੰਗਤ ਤੋਂ ਇਤਰਾਜ਼ਾਂ ਦੀ ਮੰਗ ਕੀਤੀ ਗਈ। ਇਹ ਗੱਲ ਆਪਣੇ ਆਪ ਵਿੱਚ ਬਹੁਤ ਵੱਡੀ ਸੀ। ਇਕੱਤਰਤਾ ਦੀ ਕਾਰਵਾਈ ਅਤੇ ਬੁਲਾਰਿਆਂ ਵੱਲੋਂ ਸਾਂਝੇ ਕੀਤੇ ਗਏ ਨੁਕਤੇ ਲਿਖਤੀ ਵੀ ਦਰਜ ਕੀਤੇ ਗਏ। ਸਭ ਦੇ ਸੁਝਾਅ ਆਉਣ ਤੋਂ ਬਾਅਦ ਪੰਜ ਸਿੰਘਾਂ ਨੇ ਗੁਰਮਤਾ ਸੋਧਿਆ ਜਿਸ ਵਿੱਚ ਕਿਹਾ ਗਿਆ ਕਿ ਖਾਲਸਾ ਪੰਥ ਮੌਜੂਦਾ ਪ੍ਰਬੰਧ ਅਧੀਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਤੰਤਰ, ਸਰਵ ਉੱਚ ਅਤੇ ਸਮੁੱਚੇ ਖਾਲਸਾ ਪੰਥ ਦੀ ਸ਼ਮੂਲੀਅਤ ਸਹਿਤ ਅਮਲ ਕਰਨ ਤੋਂ ਅਸਮਰੱਥ ਵੇਖਦਿਆਂ ਮੌਜੂਦਾ ਪ੍ਰਬੰਧ ਨੂੰ ਰੱਦ ਕਰਦਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਇੱਕ ਨਿਸ਼ਕਾਮ ਅਤੇ ਖੁਦ ਮੁਖਤਿਆਰ ਜਥਾ ਸਿਰਜਿਆ ਜਾਵੇ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਕ ਕਰੇ। ਇਸ ਦੇ ਨਾਲ ਉਸ ਨਿਸ਼ਕਾਮ ਜਥੇ ਵਿੱਚ ਕਿਸ ਤਰ੍ਹਾਂ ਦੇ ਗੁਣ ਹੋਣੇ ਚਾਹੀਦੇ ਹਨ ਉਹ ਵੀ ਵਿਸਥਾਰ ਵਿੱਚ ਦੱਸਿਆ ਗਿਆ।

ਬਿਜਲ ਸੱਥ 'ਤੇ ਜਿੱਥੇ ਵੱਡੀ ਤਦਾਦ ਵਿੱਚ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਉਥੇ ਕੁਝ ਕੁ ਸ਼ਖਸੀਅਤਾਂ ਵੱਲੋਂ ਇਸ ਦਾ ਵਿਰੋਧ ਵੀ ਕੀਤਾ ਜਾ ਰਿਹਾ ਹੈ। ਕਿਸੇ ਵੱਲੋਂ ਕਿਹਾ ਜਾ ਰਿਹਾ ਹੈ ਕਿ ਔਹ ਮੁੱਦੇ 'ਤੇ ਕਿਉਂ ਨਹੀਂ ਕੋਈ ਗੁਰਮਤਾ ਹੋਇਆ, ਆਹ ਮੁੱਦੇ 'ਤੇ ਕਿਉਂ ਨਹੀਂ ਹੋਇਆ। ਇਸੇ ਤਰ੍ਹਾਂ ਕੋਈ ਸ਼ਬਦੀ ਗਲਤੀਆਂ ਕੱਢ ਰਿਹਾ ਹੈ ਤੇ ਕੋਈ ਕਹਿ ਰਿਹਾ ਹੈ ਕਿ ਤਖ਼ਤ ਆਜ਼ਾਦ ਤਾਂ ਹੀ ਹੋ ਸਕਦਾ ਹੈ ਜੇਕਰ ਪਹਿਲਾਂ ਸਾਡੇ ਕੋਲ ਆਪਣਾ ਮੁਲਕ ਹੋਵੇ। ਗੁਰਮਤੇ ਤੋਂ ਸਿੱਖਾਂ ਦਾ ਕਰੀਬ ਇੱਕ ਸਦੀ ਦਾ ਪਾੜਾ ਬਣ ਗਿਆ ਹੈ ਜਿਸ ਕਰਕੇ ਇਸ ਦੀ ਅਹਿਮੀਅਤ ਸਮਝਣ ਪੱਖੋਂ ਦਿੱਕਤ ਆ ਰਹੀ ਹੈ ਅਤੇ ਇਸੇ ਦਿੱਕਤ ਕਰਕੇ ਅਜਿਹੇ ਸਵਾਲ ਜਨਮ ਲੈ ਰਹੇ ਹਨ।

ਇਕੱਤਰਤਾ ਸੱਦਣ ਵਾਲੀਆਂ ਸ਼ਖਸੀਅਤਾਂ ਨੇ ਮਾਰਚ 2022 ਵਿੱਚ ਅੰਦਰੂਨੀ ਵਿਚਾਰ ਦਾ ਸਿਲਸਿਲਾ ਸ਼ੁਰੂ ਕੀਤਾ ਸੀ, ਜਿਸ ਵਿੱਚ ਪੜਾਅਵਾਰ ਜੁਝਾਰੂ, ਸੰਘਰਸ਼ ਦੇ ਸਹਿਯੋਗੀ ਤੇ ਹਮਦਰਦ ਹਿੱਸਿਆਂ ਵਿਚੋਂ ਅਜੇ ਵੀ ਸਰਗਰਮ ਜੀਅ ਸ਼ਾਮਿਲ ਹੋਏ। ਇਸ ਦੌਰਾਨ ਦੋ ਵਾਰ ਈਸੜੂ ਵਿਖੇ ਵਿਆਪਕ ਸ਼ਮੂਲੀਅਤ ਵਾਲੀਆਂ ਇਕੱਤਰਤਾਵਾਂ ਹੋਈਆਂ। ਇਹ ਸਰਗਰਮੀ ਖ਼ਬਰਾਂ ਤੋਂ ਦੂਰ ਰਹਿ ਕੇ ਹੋਈ ਤੇ ਸਭ ਦੀ ਰਾਏ ਜਾਣੀ ਗਈ। ਫਿਰ ਸਤੰਬਰ 2022 ਵਿੱਚ 11 ਪੰਥ ਸੇਵਕ ਸ਼ਖਸੀਅਤਾਂ ਨੇ ਸਿੱਖ ਸਫ਼ਾ ਵਿੱਚ ਆਪਸੀ ਸੰਵਾਦ ਦਾ ਸਿਲਸਿਲਾ ਸ਼ੁਰੂ ਕਰਨ ਦਾ ਉਪਰਾਲਾ ਜਨਤਕ ਤੌਰ ਉੱਤੇ ਐਲਾਨਿਆ। ਵਿਚਾਰ ਗੋਸ਼ਟੀਆਂ ਲਈ ਸਭ ਤੱਕ ਪਹੁੰਚ ਕੀਤੀ ਅਤੇ ਸਭ ਨੂੰ ਸੱਦਾ ਦਿੱਤਾ ਗਿਆ। ਜਿਨ੍ਹਾਂ ਕਿਹਾ ਅਸੀਂ ਤੁਹਾਡੇ ਨਾਲ ਸਹਿਮਤ ਨਹੀਂ ਤੇ ਤੁਹਾਡੇ ਵਿਰੁੱਧ ਬੋਲਾਂਗੇ ਉਹਨਾਂ ਨੂੰ ਵੀ ਕਿਹਾ ਕਿ ਤੁਸੀਂ ਆਪਣੀ ਰਾਏ ਆ ਕੇ ਸਾਂਝੀ ਕਰੋ, ਭਾਵੇਂ ਤੁਹਾਡੀ ਰਾਏ ਵੱਖਰੀ ਹੀ ਕਿਉਂ ਨਾ ਹੋਵੇ। ਅਜਿਹੇ ਦੋ ਵਿਚਾਰਵਾਨ ਆਏ ਵੀ। ਅਕਤੂਬਰ 2022 ਤੋਂ ਮਾਰਚ 2023 ਤੱਕ ਵਿਚਾਰ ਗੋਸ਼ਟੀਆਂ ਤੇ ਰਾਏ ਜਾਨਣ ਤੋਂ ਬਾਅਦ ਸਾਂਝੇ ਨੁਕਤੇ ਅਕਾਲ ਤਖਤ ਸਾਹਿਬ ਬਾਰੇ ਵਿਸ਼ਵ ਸਿੱਖ ਇਕੱਤਰਤਾ ਸੱਦੀ ਗਈ। 11 ਮਾਰਚ 2023 ਨੂੰ ਪੱਤਰਕਾਰ ਵਾਰਤਾ ਵਿੱਚ ਇਕੱਤਰਤਾ ਦਾ ਐਲਾਨ ਕੀਤਾ ਅਤੇ ਬਕਾਇਦਾ ਵਿਸ਼ਾ ਦੱਸਿਆ ਗਿਆ। ਮਾਰਚ ਤੋਂ ਜੂਨ ਤੱਕ ਹਰ ਵਾਰ ਵਿਸ਼ਾ ਦੱਸਿਆ ਗਿਆ ਕਿ ਇਹ ਵਿਸ਼ਾ ਹੈ ਜਿਸ 'ਤੇ ਵਿਚਾਰ ਕਰਨੀ ਹੈ। ਹਰ ਖ਼ਬਰ, ਹਰ ਵਖਿਆਨ, ਹਰ ਪਰਚੇ, ਹਰ ਕਿਸੇ ਨੂੰ ਭੇਜੇ ਸੱਦਾ ਪੱਤਰ, ਭਾਵ ਨਿੱਜੀ ਤੇ ਜਨਤਕ ਦੋਵੇਂ ਤਰ੍ਹਾਂ ਦੱਸਿਆ ਜਾ ਰਿਹਾ ਸੀ ਕਿ ਵਿਸ਼ਾ ਇੱਕੋ ਹੈ ਅਤੇ ਕੀ ਹੈ। ਫਿਰ ਇੰਨੀ ਕੁ ਸਮਝ ਤਾਂ ਸ਼ਾਇਦ ਸਵਾਲ ਕਰਨ ਵਾਲਿਆਂ ਨੂੰ ਹੋਣੀ ਚਾਹੀਦੀ ਹੈ ਕਿ ਜੋ ਵਿਸ਼ਾ ਹੈ ਉਸੇ ਬਾਰੇ ਹੀ ਵਿਚਾਰ ਹੋਵੇਗੀ ਤੇ ਉਸੇ ਬਾਰੇ ਹੀ ਗੁਰਮਤਾ ਹੋਵੇਗਾ।

ਕੁਝ ਵਿਚਾਰਵਾਨ ਹਿੱਸਿਆਂ ਨੇ ਇਹ ਦਲੀਲ ਲਿਆਂਦੀ ਹੈ ਕਿ ਜਦੋਂ ਕੌਮ ਗੁਲਾਮ ਹੈ ਤਾਂ ਅਕਾਲ ਤਖਤ ਆਜ਼ਾਦ ਕਿਵੇਂ ਹੋ ਸਕਦਾ ਹੈ ? ਇਹ ਗੱਲ ਸਮਝਣੀ ਬਹੁਤ ਅਹਿਮ ਹੈ ਕਿ ਪੰਥ ਰਾਜ ਸੱਤਾ ਦਾ ਮੁਹਤਾਜ ਨਹੀਂ ਕਿ ਸਿੱਖਾਂ ਕੋਲ ਰਾਜ ਸੱਤਾ ਆਏ ਬਿਨਾ ਪੰਥ ਆਪਣੇ ਨਿਜ਼ਾਮ ਨਹੀਂ ਖੜ੍ਹੇ ਕਰ ਸਕਦਾ। ਬਲਕਿ ਗੱਲ ਇਸ ਤੋਂ ਦੂਜੀ ਤਰ੍ਹਾਂ ਹੈ ਕਿ ਪੰਥ ਆਪਣੇ ਨਿਜ਼ਾਮ ਸਿਰਜੇਗਾ ਤਾਂ ਸਿੱਖਾਂ ਨੂੰ ਰਾਜ ਸੱਤਾ ਵੀ ਮਿਲ ਜਾਣੀ ਹੈ। ਜੇ ਰਾਜ ਸੱਤਾ ਤੋਂ ਪਹਿਲਾਂ ਕੋਈ ਗੁਰੂ ਆਸ਼ੇ ਤੇ ਪੰਥਕ ਰਿਵਾਇਤ ਤੋਂ ਸੇਧ ਲੈਣ ਦਾ ਯਤਨ ਕਰਦਾ ਹੈ ਤਾਂ ਇਹ ਸਿਧਾਂਤਕ ਕੁਰਾਹਾ ਕਿਵੇਂ ਹੋ ਗਿਆ ? ਕੀ ਰਾਜ ਸੱਤਾ ਗੁਰੂ ਆਸ਼ੇ ਤੇ ਪੰਥਕ ਰਿਵਾਇਤ ਤੋਂ ਉੱਤਮ ਹੋ ਗਈ ਹੈ ? ਜੇ ਕੌਮ ਗੁਲਾਮੀ ਵਿੱਚ ਹੈ ਤਾਂ ਕੀ ਸਿੱਖ ਸਾਂਝਾ ਫੈਸਲਾ ਲੈਣ ਦਾ ਯਤਨ ਨਾ ਕਰਨ ? ਸਮਝ ਤੋਂ ਬਾਹਰ ਹੈ ਕਿ ਵਿਚਾਰਵਾਨ ਇਹ ਕਿਹੋ ਜਿਹੀ ਸੇਧ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ? ਸਾਨੂੰ ਹਰ ਗੱਲ ਨੂੰ ਆਪਣੀ ਨਿੱਜੀ ਪੂਰਵ ਧਾਰਨਾ ਤੋਂ ਨਹੀਂ ਵੇਖਣਾ ਚਾਹੀਦਾ। ਗੁਰੂ ਜੀ ਨੇ ਜੇ ਪੇਸ਼ਕਾਰੀ ਤੇ ਦਲੀਲਸਾਜੀ ਦਾ ਹੁਨਰ ਬਖਸ਼ਿਆ ਹੈ ਤਾਂ ਇਸ ਨੂੰ ਜਿੰਮੇਵਾਰੀ ਨਾਲ ਵਰਤਣਾ ਚਾਹੀਦਾ ਹੈ।

ਗੁਰਮਤਾ ਸੋਧਣ ਦੀ ਰਵਾਇਤ ਨੂੰ ਮੁੜ 100 ਸਾਲਾਂ ਤੋਂ ਵੀ ਵੱਧ ਸਮੇਂ ਬਾਅਦ ਸੁਰਜੀਤ ਕਰਨ ਦਾ ਇਹ ਨੇਕ ਉਪਰਾਲਾ ਹੈ। ਸਾਡੀ ਰਵਾਇਤ ਅਨੁਸਾਰ ਕੀਤੇ ਅਮਲਾਂ ਵਿੱਚ ਹੀ ਬਰਕਤ ਹੋਵੇਗੀ, ਇਹ ਉੱਦਮ ਅਜਾਈਂ ਨਹੀਂ ਜਾਵੇਗਾ। ਇਸ ਵਿੱਚ ਬਹੁਤ ਊਣਤਾਈਆਂ ਰਹਿ ਗਈਆਂ ਹੋਣਗੀਆਂ, ਸਿੱਖਾਂ ਨੂੰ ਇਸ ਨੂੰ ਹਾਂ ਪੱਖੀ ਲੈਂਦਿਆਂ ਊਣਤਾਈਆਂ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਆਪਣੀਆਂ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਪੈਣਾ ਚਾਹੀਦਾ ਹੈ। ਗੁਰੂ ਪਾਤਿਸ਼ਾਹ ਮਿਹਰ ਕਰਨ।

–ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਪੰਜਾਬ 'ਚ ਬੇਰੁਜ਼ਗਾਰੀ ਦੂਰ ਕਰਨ ਲਈ ਕੀ ਹੋਵੇ ਆਰਥਿਕ ਨੀਤੀ ?



ਡਾ. ਐਸ ਐਸ ਛੀਨਾ




ਭਾਵੇਂ ਪੰਜਾਬ ਉਦਯੋਗਿਕ ਤੌਰ 'ਤੇ ਪਹਿਲੇ ਨੰਬਰ ਦਾ ਪ੍ਰਾਂਤ ਨਹੀਂ ਬਣ ਸਕਿਆ ਪਰ ਖੇਤੀ ਵਿੱਚ ਲਗਾਤਾਰ ਹੀ ਇਹ ਪਹਿਲੇ ਨੰਬਰ ਦਾ ਪ੍ਰਾਂਤ ਰਿਹਾ ਹੈ ਅਤੇ ਹਰ ਫਸਲ ਦੀ ਉਪਜ ਵਿੱਚ ਇਹ ਹੋਰ ਪ੍ਰਾਂਤਾਂ ਤੋਂ ਬਹੁਤ ਅੱਗੇ ਹੈ। ਇਹੋ ਵਜ੍ਹਾ ਹੈ ਕਿ ਪ੍ਰਾਂਤ ਦੀ 2.75 ਕਰੋੜ ਵਸੋਂ ਵਿੱਚ 47 ਲੱਖ ਪ੍ਰਵਾਸੀ ਭਾਰਤੀਆਂ ਦੀ ਵਸੋਂ ਹੈ, ਜਿਹੜੇ ਜ਼ਿਆਦਾਤਰ ਖੇਤੀ ਕਿਰਤ ਕਰਨ ਲਈ ਪੰਜਾਬ ਵਿਚ ਆਏ ਸਨ, ਬਹੁਤ ਸਾਰੇ ਉਦਯੋਗਿਕ ਇਕਾਈਆਂ ਵਿੱਚ ਵੀ ਲੱਗ ਗਏ ਅਤੇ ਪੱਕੇ ਤੌਰ 'ਤੇ ਇਥੇ ਦੇ ਵਸਨੀਕ ਵੀ ਬਣ ਗਏ। ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਵਿੱਚ ਕਮੀ ਹੋ ਗਈ ਹੈ ਜਿਸ ਦਾ ਮੁੱਖ ਅਤੇ ਇਕੋ ਇਕ ਕਾਰਨ ਪ੍ਰਾਂਤ ਵਿੱਚ ਰੁਜ਼ਗਾਰ ਮੌਕਿਆਂ ਦੀ ਕਮੀ ਹੋਣਾ ਹੈ। ਭਾਵੇਂ ਕਿ ਅਜੇ ਵੀ ਪ੍ਰਾਂਤ ਦੀ ਬੇਰੁਜ਼ਗਾਰੀ ਦੀ ਦਰ ਭਾਰਤ ਦੀ ਰਾਸ਼ਟਰੀ ਬੇਰੁਜ਼ਗਾਰੀ ਦੀ ਦਰ ਤੋਂ ਘੱਟ ਹੈ। ਅਪ੍ਰੈਲ, 2023 ਵਿੱਚ ਜਿਥੇ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਵਧ ਕੇ 8.11 ਹੋ ਗਈ ਸੀ ਉਥੇ ਪੰਜਾਬ ਵਿੱਚ ਇਸ ਹੀ ਸਮੇਂ ਬੇਰੁਜ਼ਗਾਰੀ ਦੀ ਦਰ 6.89 ਫ਼ੀਸਦੀ ਸੀ ਜਿਹੜੀ ਇਸ ਤੋਂ ਪਹਿਲਾਂ ਉਦੋਂ ਹੀ ਜ਼ਿਆਦਾ ਸੀ ਜਦੋਂ ਪੰਜਾਬ ਵਿਚ ਵੀ ਦੁਨੀਆ ਵਾਂਗ ਕੋਵਿਡ ਦਾ ਜ਼ੋਰ ਸੀ। 2020 ਦੇ ਤੀਸਰੇ ਦਹਾਕੇ ਤੋਂ ਬਾਅਦ ਕੋਵਿਡ ਦੇ ਖ਼ਤਮ ਹੋਣ ਤਕ ਲਗਾਤਾਰ ਬੇਰੁਜ਼ਗਾਰੀ ਦੀ ਦਰ 9.2 ਫ਼ੀਸਦੀ ਹੋ ਗਈ ਸੀ ਪਰ ਉਹ ਸਥਿਤੀ ਕਿਸੇ ਦੇ ਕਾਬੂ ਵਿੱਚ ਨਹੀਂ ਸੀ, ਉਸ ਸਮੇਂ ਵਿੱਚ ਭਾਵੇਂ ਖੇਤੀ ਅਧਾਰਿਤ ਰੁਜ਼ਗਾਰ ਵਿੱਚ ਤਾਂ ਕੋਈ ਪ੍ਰਭਾਵ ਨਾ ਪਿਆ ਪਰ ਉਦਯੋਗਿਕ ਰੁਜ਼ਗਾਰ ਬਹੁਤ ਜ਼ਿਆਦਾ ਘਟ ਗਿਆ ਸੀ।

ਪੰਜਾਬ ਕੋਲ ਦੇਸ਼ 'ਚ 1.5 ਫ਼ੀਸਦੀ ਖੇਤਰ ਹੈ ਜਦੋਂ ਕਿ ਵਸੋਂ ਦਾ ਆਕਾਰ 2.5 ਫ਼ੀਸਦੀ ਹੈ। ਬਹੁਤ ਸਾਰੇ ਹੋਰ ਪ੍ਰਾਂਤਾਂ ਜਿਵੇਂ ਯੂ.ਪੀ., ਬਿਹਾਰ, ਹਿਮਾਚਲ ਪ੍ਰਦੇਸ਼ ਤੋਂ ਵੀ ਕਿਰਤੀ ਇਥੇ ਆ ਕੇ ਵੱਡੀ ਕਮਾਈ ਕਰਦੇ ਰਹੇ ਹਨ। ਪਰ ਹੁਣ ਖੇਤੀ ਵਿੱਚ ਵਧਦੇ ਮਸ਼ੀਨੀਕਰਨ ਕਰਕੇ ਕਿਰਤੀਆਂ ਦੀ ਮੰਗ ਘਟਦੀ ਜਾ ਰਹੀ ਹੈ। ਵਹਾਈ ਲਈ ਟਰੈਕਟਰ, ਗਹਾਈ ਲਈ ਹਾਰਵੈਸਟਿੰਗ ਕੰਬਾਈਨਾਂ, ਤੇ ਗੋਡੀ ਦੀ ਜਗ੍ਹਾ ਕੀੜੇ ਮਾਰ ਦਵਾਈਆਂ ਦੀ ਵਰਤੋਂ ਨੇ ਲੈ ਲਈ ਹੈ। ਹੋਰ ਪ੍ਰਾਂਤਾਂ ਵਿਚ ਮਨਰੇਗਾ ਦੇ ਅਧੀਨ ਸਾਲ ਵਿਚ ਪਰਿਵਾਰ ਦੇ ਇਕ ਮੈਂਬਰ ਨੂੰ ਪੰਚਾਇਤ ਵਲੋਂ 100 ਦਿਨ ਦੇ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਂਦੀ ਹੈ ਇਸ ਨੇ ਵੀ ਪ੍ਰਵਾਸ ਨੂੰ ਠੱਲ੍ਹ ਪਾਈ ਹੈ। ਪਰ ਖੇਤੀ ਵਿੱਚ ਕੰਮ ਜ਼ਿਆਦਾ ਇਸ ਕਰਕੇ ਘਟਿਆ ਹੈ ਕਿਉਂਕਿ ਖੇਤੀ ਦਾ ਫਸਲੀ ਚੱਕਰ ਦੋ ਫਸਲਾਂ ਕਣਕ ਅਤੇ ਝੋਨੇ ਤਕ ਸਿਮਟ ਕੇ ਰਹਿ ਗਿਆ ਹੈ। ਇਨਾਂ ਦੋਵਾਂ ਫਸਲਾਂ ਦੀ ਸਰਕਾਰੀ ਖ਼ਰੀਦ ਦੀ ਗਾਰੰਟੀ ਕਰਕੇ ਕਿਸਾਨਾਂ ਨੇ ਹੋਰ ਫਸਲਾਂ ਦੀ ਜਗ੍ਹਾ ਇਹੋ ਦੋਵੇਂ ਫਸਲਾਂ ਹੀ ਬੀਜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਿਛਲੇ 10 ਸਾਲਾਂ ਤੋਂ ਸਰਕਾਰ ਵੱਲੋਂ ਫਸਲ ਵਿਭਿੰਨਤਾ ਲਈ ਵੱਡਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਪਰ ਇਸ ਦਾ ਕੋਈ ਵੀ ਪ੍ਰਭਾਵ ਨਹੀਂ ਪਿਆ, ਸਗੋਂ ਝੋਨੇ ਅਧੀਨ ਜਿਹੜਾ ਖੇਤਰ 26 ਲੱਖ ਹੈਕਟੇਅਰ ਸੀ ਉਹ ਪਿਛਲੇ ਸਾਲ ਵਧ ਕੇ 32 ਲੱਖ ਹੈਕਟੇਅਰ ਹੋ ਗਿਆ ਹੈ ਅਤੇ ਕਣਕ ਅਧੀਨ ਖੇਤਰ 30 ਲੱਖ ਤੋਂ ਵੱਧ ਕੇ 33 ਲੱਖ ਹੈਕਟੇਅਰ ਹੋ ਗਿਆ ਹੈ। ਇਨ੍ਹਾਂ ਦੋਵਾਂ ਫਸਲਾਂ ਦੀ ਬਿਜਾਈ ਅਤੇ ਕਟਾਈ ਸਿਰਫ਼ 20 ਕੁ ਦਿਨਾਂ ਤਕ ਸਿਮਟ ਗਈ ਹੈ। ਬਾਕੀ ਦਾ ਸਮਾਂ ਕਿਸਾਨ ਅਤੇ ਉਸ ਦੀ ਕਿਰਤ ਲਈ ਕੋਈ ਕੰਮ ਨਹੀਂ ਜੇ ਫਸਲ ਵਿਭਿੰਨਤਾ ਹੋਵੇ ਤਾਂ ਜਿਥੇ ਇਕ ਫਸਲ ਦੀ ਕਟਾਈ ਹੋ ਰਹੀ ਹੋਵੇਗੀ ਉਸ ਤੋਂ ਬਾਅਦ ਦੂਸਰੀ ਫਸਲ ਦੀ ਬਿਜਾਈ, ਤੀਸਰੀ ਫਸਲ ਦੇ ਵਧਣ ਲਈ ਗੋਡੀ ਦਾ ਕੰਮ ਅਤੇ ਇਸ ਤਰ੍ਹਾਂ ਇਹ ਸਿਲਸਿਲਾ ਸਾਰਾ ਸਾਲ ਚਲਦਾ ਰਹੇਗਾ। ਬਾਗ਼ਾਂ ਵਿੱਚ ਫਸਲਾਂ ਤੋਂ 4 ਗੁਣਾਂ ਜ਼ਿਆਦਾ ਕੰਮ ਮਿਲਦਾ ਹੈ। ਪਰ ਪੰਜਾਬ ਵਿਚ ਹੋਰ ਫਸਲਾਂ ਨਹੀਂ ਲੱਗ ਰਹੀਆਂ ਨਾ ਬਾਗ਼ ਲੱਗ ਰਹੇ ਹਨ, ਜਿਸ ਦੀ ਮੁੱਖ ਵਜ੍ਹਾ ਇਨ੍ਹਾਂ ਫਸਲਾਂ ਦੀ ਯਕੀਨੀ ਕੀਮਤ ਅਤੇ ਯਕੀਨੀ ਮੰਡੀਕਰਨ ਦੀ ਘਾਟ ਹੈ ਜੋ ਕਿ ਸਰਕਾਰ ਦੀ ਖੇਤੀ ਨੀਤੀ 'ਤੇ ਨਿਰਭਰ ਕਰਦਾ ਹੈ।

ਪੰਜਾਬ ਵਿਚ ਉਦਯੋਗਿਕ ਬੇਰੁਜ਼ਗਾਰੀ ਵਧਣ ਦਾ ਮੁੱਖ ਕਾਰਨ ਇਹ ਹੈ ਕਿ ਇਹ ਇਕਾਈਆਂ ਜਿਹੜੀਆਂ ਅੰਮ੍ਰਿਤਸਰ ਵਿੱਚ ਆਰਟ ਸਿਲਕ ਬਣਾਉਂਦੀਆਂ ਸਨ, ਗੋਬਿੰਦਗੜ੍ਹ ਅਤੇ ਗੁਰਾਇਆ ਵਿੱਚ ਸਪੇਅਰ ਪਾਰਟਸ ਬਣਾਉਂਦੀਆਂ ਸਨ ਅਤੇ ਲੁਧਿਆਣਾ ਵਿਚ ਗਰਮ ਕੱਪੜਾ ਅਤੇ ਹੌਜ਼ਰੀ ਦਾ ਸਮਾਨ ਬਣਾਉਂਦੀਆਂ ਸਨ ਉਹ ਬੰਦ ਹੋ ਰਹੀਆਂ ਹਨ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲੇ ਲੱਖਾਂ ਕਿਰਤੀ ਵਿਹਲੇ ਹੋ ਗਏ ਹਨ ਅਤੇ ਬੇਰੁਜ਼ਗਾਰੀ ਭੋਗ ਰਹੇ ਹਨ।

ਪੰਜਾਬ ਕਦੀ ਵੀ ਸਿਰਫ਼ ਖੇਤੀ ਨਾਲ ਆਪਣੀ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ। ਬੇਰੁਜ਼ਗਾਰੀ ਸਿਰਫ਼ ਉਦਯੋਗਿਕ ਵਿਕਾਸ ਨਾਲ ਹੀ ਹੱਲ ਹੋ ਸਕਦੀ ਹੈ। ਦੁਨੀਆਂ ਦੇ ਹਰ ਵਿਕਸਿਤ ਦੇਸ਼ ਵਿੱਚ 60 ਫ਼ੀਸਦੀ ਵਸੋਂ ਉਦਯੋਗਾਂ ਵਿਚ ਲੱਗੀ ਹੋਈ ਹੈ ਜਦੋਂ ਕਿ ਭਾਰਤ ਜਾਂ ਪੰਜਾਬ ਵਿੱਚ ਇਸ ਦੇ ਉਲਟ 60 ਫ਼ੀਸਦੀ ਵਸੋਂ ਖੇਤੀ ਵਿਚ ਲੱਗੀ ਹੋਈ ਹੈ। ਪਰ ਉਸ ਦਾ ਕੁਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਸਿਰਫ਼ 27 ਫ਼ੀਸਦੀ ਹੈ ਅਤੇ ਬਾਕੀ 45 ਫ਼ੀਸਦੀ ਸੇਵਾਵਾਂ ਦੇ ਖੇਤਰ ਦਾ ਯੋਗਦਾਨ ਹੈ ਜੋ ਸਭ ਤੋਂ ਵੱਧ ਹੈ। ਖੇਤੀ ਵਿੱਚ ਵਸੋਂ ਵੱਧ ਪਰ ਆਮਦਨ ਘੱਟ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਖੇਤੀ ਵਿੱਚ ਜਿਥੇ ਬੇਰੁਜ਼ਗਾਰੀ ਹੈ ਉਥੇ ਅਰਧ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ। ਪੂਰਨ ਰੁਜ਼ਗਾਰ ਲਈ ਹਰ ਕਿਰਤੀ ਨੂੰ ਸਾਲ ਵਿੱਚ 300 ਦਿਨ ਅਤੇ ਦਿਨ ਵਿੱਚ 8 ਘੰਟੇ ਕੰਮ ਕਰਨਾ ਚਾਹੀਦਾ ਹੈ ਪਰ ਖੇਤੀ ਵਿੱਚ ਇੰਨਾ ਕੰਮ ਨਹੀਂ, ਇਹੋ ਵਜ੍ਹਾ ਹੈ ਕਿ ਇਥੇ ਨਾ ਕੰਮ ਹੈ ਨਾ ਆਮਦਨ ਹੈ।

ਪੰਜਾਬ ਦੇ ਉਦਯੋਗ ਦੇ ਘਟਣ ਦਾ ਇਕ ਆਮ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਉਦਯੋਗਿਕ ਇਕਾਈਆਂ ਨੂੰ ਕਿਰਤੀਆਂ ਦੀਆਂ ਹੜਤਾਲਾਂ ਨੇ ਬੰਦ ਕਰਵਾ ਦਿੱਤਾ ਹੈ ਪਰ ਇਹ ਬਿਲਕੁਲ ਵੀ ਅਸਲੀਅਤ ਨਹੀਂ। ਅਸਲ ਵਿੱਚ ਭਾਰਤ ਹੁਣ ਸੰਸਾਰੀਕਰਨ ਦੀ ਮੰਡੀ ਦਾ ਹਿੱਸਾ ਹੈ, ਉਦਾਰੀਕਰਨ ਨਾਲ ਵਿਦੇਸ਼ਾਂ ਤੋਂ ਵਸਤੂਆਂ ਨੂੰ ਭਾਰਤ ਜਾਂ ਪੰਜਾਬ ਵਿੱਚ ਆ ਕੇ ਵਿਕਣ ਦੀ ਕੋਈ ਮੁਸ਼ਕਿਲ ਨਹੀਂ। ਗਾਹਕ ਹਮੇਸ਼ਾਂ ਚੰਗੇ ਗੁਣਾਂ ਵਾਲੀਆਂ ਅਤੇ ਸਸਤੀਆਂ ਵਸਤੂਆਂ ਦੀ ਚੋਣ ਕਰਦਾ ਹੈ। ਜੇ ਉਸ ਨੂੰ ਪੰਜਾਬ ਤੋਂ ਬਾਹਰ ਤੋਂ ਬਣੀ ਚੰਗੀ ਅਤੇ ਸਸਤੀ ਵਸਤੂ ਮਿਲਦੀ ਹੈ ਤਾਂ ਉਹ ਉਸ ਨੂੰ ਹੀ ਚੁਣੇਗਾ। ਜਦੋਂ ਪੰਜਾਬ ਦੇ ਉਦਯੋਗਾਂ ਦੀਆਂ ਬਣੀਆਂ ਵਸਤੂਆਂ ਵਿਕਣੀਆਂ ਨਹੀਂ, ਤਾਂ ਉਹ ਬਣਨੀਆਂ ਵੀ ਨਹੀਂ ਤੇ ਕਾਰਖਾਨੇ ਵੀ ਬੰਦ ਹੋਣੇ ਹਨ। ਪੰਜਾਬ ਦੀਆਂ ਬਣੀਆਂ ਉਦਯੋਗਿਕ ਵਸਤੂਆਂ ਨੂੰ ਅੰਤਰ-ਰਾਸ਼ਟਰੀ ਮੁਕਾਬਲੇ ਦੇ ਯੋਗ ਬਣਨਾ ਪਵੇਗਾ। ਪੰਜਾਬ ਦੀਆਂ ਉਦਯੋਗਿਕ ਵਸਤੂਆਂ ਨੂੰ ਅੰਤਰ-ਰਾਸ਼ਟਰੀ ਮੁਕਾਬਲੇ ਦੇ ਯੋਗ ਬਣਾਉਣ ਲਈ ਸਰਕਾਰ ਦੀ ਉਦਯੋਗਿਕ ਨੀਤੀ, ਉਦਯੋਗ ਦੇ ਹੱਕ ਵਾਲੀ ਬਣਨੀ ਚਾਹੀਦੀ ਹੈ। ਪੰਜਾਬ ਵਿੱਚ ਉਦਯੋਗਿਕ ਵਸਤੂਆਂ ਨੂੰ ਅੰਤਰਰਾਸ਼ਟਰੀ ਮੁਕਾਬਲੇ ਦੇ ਯੋਗ ਬਣਾਉਣਾ ਚਾਹੀਦਾ ਹੈ, ਇਹ ਉਹੋ ਵਸਤੂਆਂ ਹੋ ਸਕਦੀਆਂ ਹਨ ਜਿਨ੍ਹਾਂ ਲਈ ਮਿਲਣ ਵਾਲਾ ਕੱਚਾ ਮਾਲ ਪੰਜਾਬ ਵਿਚੋਂ ਮਿਲਦਾ ਹੋਵੇ ਉਹ 1200 ਕਿਲੋਮੀਟਰ ਤੋਂ ਲਿਆਂਦਾ ਕੱਚਾ ਮਾਲ ਨਹੀਂ ਹੋ ਸਕਦਾ। ਉਹ ਵਸਤੂਆਂ ਹਨ ਪੰਜਾਬ ਦੀਆਂ ਖੇਤੀ ਵਸਤੂਆਂ। ਜੇ ਪੰਜਾਬ ਦੀ ਬਾਸਮਤੀ ਦੀ ਮੰਗ ਦੁਨੀਆ ਭਰ ਵਿਚ ਹੁੰਦੀ ਹੈ ਅਤੇ ਕਈ ਦੇਸ਼ਾਂ ਵਿੱਚ ਬਾਸਮਤੀ ਦੀ ਜਗ੍ਹਾ 'ਤੇ ਪਰਮਲ ਤੇ ਹੋਰ ਉਹੋ ਜਿਹੇ ਚੌਲਾਂ ਨੂੰ ਵੀ ਖਰੀਦਦਾਰ ਲੈਣ ਲਈ ਤਿਆਰ ਹੋ ਜਾਂਦੇ ਸਨ, ਜਿਹੜੇ ਕਿ ਚੌਲ ਬਾਸਮਤੀ ਵਰਗੇ ਲਗਦੇ ਹਨ ਤਾਂ ਹੋਰ ਖੇਤੀ ਵਸਤੂਆਂ ਦੀ ਵੀ ਪਹਿਚਾਣ ਹੋਣੀ ਚਾਹੀਦੀ ਹੈ, ਜਿਨ੍ਹਾਂ ਨੂੰ ਅੰਤਰ-ਰਾਸ਼ਟਰੀ ਮੰਡੀ ਵਿੱਚ ਥਾਂ ਮਿਲ ਸਕੇ।

ਪੰਜਾਬ ਦੀ ਖੇਤੀ ਨੀਤੀ ਨੂੰ ਉਦਯੋਗਿਕ ਨੀਤੀ ਨਾਲ ਜੋੜਨਾ ਚਾਹੀਦਾ ਹੈ। ਖੇਤੀ ਵਿਭਿੰਨਤਾ ਨਾ ਹੋਣ ਦੀ ਸਭ ਤੋਂ ਵੱਡੀ ਵਜ੍ਹਾ ਉਨ੍ਹਾਂ ਬਦਲਵੀਆਂ ਫਸਲਾਂ ਦੀ ਵਿਕਰੀ ਦੀ ਘਾਟ ਹੈ, ਜੇ ਉਨ੍ਹਾਂ ਫਸਲਾਂ 'ਤੇ ਅਧਾਰਿਤ ਉਦਯੋਗਿਕ ਇਕਾਈਆਂ ਲੱਗਣ, ਫਲ, ਸਬਜ਼ੀਆਂ, ਤੇਲਾਂ ਦੇ ਬੀਜਾਂ, ਦਾਲਾਂ ਆਦਿ ਦੇ ਆਧਾਰ 'ਤੇ ਇਕਾਈਆਂ ਲੱਗਣ ਤਾਂ ਉਹ ਮਾਲ ਦੁਨੀਆ ਭਰ ਵਿੱਚ ਮੁਕਾਬਲਾ ਕਰਨ ਯੋਗ ਬਣ ਸਕਦਾ ਹੈ ਅਤੇ ਹਰ ਥਾਂ 'ਤੇ ਅੰਤਰਰਾਸ਼ਟਰੀ ਮੰਡੀ ਵਿੱਚ ਮੁਕਾਬਲਾ ਕਰ ਸਕਦਾ ਹੈ। ਇਹ ਸਾਰੀਆਂ ਹੀ ਇਕਾਈਆਂ ਛੋਟੇ ਪੈਮਾਨੇ ਤੇ ਲੱਗ ਸਕਦੀਆਂ ਹਨ। ਇਨ੍ਹਾਂ ਨੂੰ ਵੱਡੇ ਪੈਮਾਨੇ ਤੇ ਲਾਉਣ ਦੀ ਲੋੜ ਨਹੀਂ। ਉਸ ਤਰ੍ਹਾਂ ਵੀ ਪਿਛਲੇ ਸਮੇਂ ਵਿੱਚ ਇਹ ਸਾਬਿਤ ਹੋਇਆ ਹੈ ਕਿ ਪੰਜਾਬ ਵਿੱਚ ਛੋਟੇ ਪੈਮਾਨੇ ਦੀਆਂ ਇਕਾਈਆਂ ਨੇ ਵੱਡੇ ਪੈਮਾਨੇ ਦੀਆਂ ਇਕਾਈਆਂ ਤੋਂ ਕਿਤੇ ਜ਼ਿਆਦਾ ਰੁਜ਼ਗਾਰ ਪੈਦਾ ਕੀਤਾ ਹੈ। ਇਕ ਸਰਵੇ ਅਨੁਸਾਰ ਪੰਜਾਬ ਵਿੱਚ ਛੋਟੇ ਪੈਮਾਨੇ ਦੀਆਂ ਇਕਾਈਆਂ ਵਿੱਚ 12500 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ ਜਿਸ ਨੇ 12 ਲੱਖ ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਹੈ, ਜਦੋਂ ਕਿ ਇਸ ਦੇ ਮੁਕਾਬਲੇ 'ਤੇ ਪੰਜਾਬ ਵਿੱਚ 50 ਹਜ਼ਾਰ ਕਰੋੜ ਰੁਪਏ ਵੱਡੇ ਪੈਮਾਨੇ ਦੀਆਂ ਇਕਾਈਆਂ ਵਿੱਚ ਨਿਵੇਸ਼ ਹੋਇਆ ਹੈ। ਪਰ ਉਸ ਨੇ 2 ਲੱਖ ਲੋਕਾਂ ਨੂੰ ਹੀ ਰੁਜ਼ਗਾਰ ਦਿੱਤਾ, ਜਿਸ ਦਾ

(ਬਾਕੀ ਸਫ਼ਾ 31 'ਤੇ)

# ਡੇਰਾ ਸਨਅਤ ਦੀ ਸੁਪਰ ਮੰਡੀ ਬਣਿਆ ਭਾਰਤ

## ਮੀਡੀਆ ਤੇ ਲੋਕਾਂ ਨਾਲ ਠੱਗੀ

ਅਵਿਜੀਤ ਪਾਠਕ







ਸਾਡੇ ਸਮਾਜ ਵਿੱਚ ਬਾਬਿਆਂ ਅਤੇ ਧਾਰਮਿਕ ਆਗੂਆਂ ਦੀ ਕੋਈ ਕਮੀ ਨਹੀਂ। ਅਜੋਕੀ ਮੀਡੀਆਮਈ ਦੁਨੀਆਂ ਵਿੱਚ ਇਨ੍ਹਾਂ ਦੇ 'ਕਾਰਨਾਮਿਆਂ' ਨੂੰ ਚਰਿਤਾਰਥ ਕਰਨ ਵਾਲੇ ਪ੍ਰਤੀਕਾਂ, ਨਾਟਕੀ ਪੇਸ਼ਕਾਰੀਆਂ ਅਤੇ ਮੁਕਤੀ ਦੀਆਂ ਵਿਧੀਆਂ ਦੇ ਪ੍ਰਚਾਰ ਪ੍ਰਸਾਰ ਦਾ ਵੀ ਕੋਈ ਅੰਤ ਨਹੀਂ। ਦਰਅਸਲ, ਇਨ੍ਹਾਂ ਧਾਰਮਿਕ ਰਹੁ-ਰੀਤਾਂ ਦੀ ਬਹੁਵਿਧ ਖਪਤ ਸਾਡੀ ਉਸ ਸਮਾਜਕ ਸਭਿਆਚਾਰਕ ਪੂੰਜੀ ਦੀ ਕਿਸਮ 'ਤੇ ਮੁਨੱਸਰ ਕਰਦੀ ਹੈ ਜੋ ਸਾਡੇ ਵਰਗੇ ਸ਼ਰਧਾਲੂ ਜਾਂ ਗ੍ਰਾਹਕ ਆਪਣੇ ਬਾਬਿਆਂ ਤੋਂ ਵਿਰਾਸਤ ਦੇ ਰੂਪ ਵਿੱਚ ਗ੍ਰਹਿਣ ਕਰਦੇ ਹਨ। ਧਿਰੇਂਦਰ ਸ਼ਾਸਤਰੀ ਜਾਂ ਬਗੇਸ਼ਵਰ ਬਾਬੇ ਦੇ 'ਚਮਤਕਾਰ' ਅਤੇ 'ਆਸ਼ੀਰਵਾਦ' ਸਾਹਵੇਂ ਮੂਰਛਿਤ ਹੋ ਜਾਣ ਵਾਲੇ ਜਾਂ ਸਤਿਗੁਰੂ ਜੱਗੀ ਵਾਸਦੇਵ ਅੱਗੇ ਨਤਮਸਤਕ ਹੁੰਦੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲੇ, ਮਹਾਂਨਗਰ ਵਾਸੀ ਰਈਸ ਲੋਕਾਂ ਨੂੰ ਤੱਕਣ ਲਈ ਤੁਹਾਨੂੰ ਕੋਈ ਸਭਿਆਚਾਰਕ ਮਾਨਵਵਿਗਿਆਨੀ ਹੋਣ ਦੀ ਕਤਈ ਲੋੜ ਨਹੀਂ ਹੈ, ਜਾਂ ਫਿਰ ਇਵੇਂ ਹੀ ਚੋਟੀ ਦੇ ਅਦਾਰਿਆਂ ਦੇ ਉਹ ਯੁਵਾ ਵਿਦਿਆਰਥੀ ਜੋ ਗੌਰ ਗੋਪਾਲ ਦਾਸ ਅਤੇ 'ਆਪਣੇ ਮਨ ਨੂੰ ਊਰਜਿਤ ਕਰੋ' ਜਿਹੀਆਂ ਅਧਿਆਤਮਕ ਕੂੰਜੀਆਂ ਪੜ੍ਹਦੇ ਰਹਿੰਦੇ ਹਨ, ਹੇਠਲੇ ਮੱਧ ਵਰਗੀ ਲੋਕ ਹਰਿਦੁਆਰ ਵਿੱਚ ਪਤੰਜਲੀ ਯੋਗਪੀਠ ਵਿੱਚ ਇਕੱਤਰ ਹੋ ਕੇ ਰਾਮਦੇਵ ਦੀਆਂ ਯੋਗ ਵਿਧੀਆਂ ਤੇ ਅਯੁਰਵੈਦਿਕ ਦਵਾਈਆਂ ਦਾ 'ਲਾਹਾ' ਤੱਕਦੇ ਹਨ।

ਬਿਨਾ ਸ਼ੱਕ, ਇਹ ਬਾਬੇ ਅਸੰਖ ਗ੍ਰਾਹਕਾਂ ਅਤੇ ਸ਼ਰਧਾਲੂਆਂ ਦੇ ਮਨਮਸਤਕ 'ਤੇ ਕਿੰਝ ਕਾਬਜ਼ ਹਨ, ਇਸ ਨੂੰ ਪ੍ਰਚੱਲਤ ਸਿਆਸੀ ਸਭਿਆਚਾਰ 'ਤੇ ਝਾਤ ਮਾਰੇ ਬਿਨਾ ਸਮਝਿਆ ਨਹੀਂ ਜਾ ਸਕਦਾ। ਹਿੰਦੂਤਵ ਅਤੇ ਇਸ ਦੇ ਸਿਆਸੀ ਤੇ ਸਭਿਆਚਾਰਕ ਤਾਮ ਝਾਮ ਦੇ ਬੱਝਵੇਂ ਉਭਾਰ ਕਰ ਕੇ ਬਹੁਤ ਸਾਰੇ ਬਾਬਿਆਂ ਨੂੰ ਭੱਲ ਖੱਟਣ ਦਾ ਇਹ ਬਹੁਤ ਹੀ ਸੁਨਹਿਰਾ ਮੌਕਾ ਮਿਲਿਆ ਹੋਇਆ ਹੈ। ਜਿਹੜੇ ਸਿਆਸਤਦਾਨ ਧਰਮ ਨਿਰਲੇਪ ਜਨਤਕ ਖੇਤਰ ਦੇ ਵਿਚਾਰ ਦਾ ਤ੍ਰਿਸਕਾਰ ਕਰਦੇ ਰਹਿੰਦੇ ਹਨ ਅਤੇ ਧਾਰਮਿਕ ਪਛਾਣਾਂ ਦੀ ਅੱਗ ਨਾਲ ਖੇਡਣ ਦਾ ਸ਼ੌਕ ਰੱਖਦੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਲੋੜ ਹੈ ਕਿ ਬਾਬਿਆਂ ਦੀ ਇਹ ਸਨਅਤ ਵਧਦੀ ਫੁੱਲਦੀ ਰਹੇ। ਇਸੇ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਕੱਲ੍ਹ ਬਗੇਸ਼ਵਰ ਬਾਬਾ 'ਸਨਾਤਨ ਧਰਮ' ਜਾਂ 'ਹਿੰਦੂ ਰਾਸ਼ਟਰ' ਦੇ ਕਾਜ ਦੀ ਪੂਰਤੀ ਦਾ ਨਵਾਂ ਚਿਹਰਾ ਬਣਿਆ ਹੋਇਆ ਹੈ। ਇਸ ਦੌਰਾਨ, ਜ਼ੈੱਨ ਗੁਰੂਆਂ, ਓਸ਼ੋ ਅਤੇ ਜਿੱਦੂ ਕ੍ਰਿਸ਼ਨਾਮੂਰਤੀ ਦੇ ਕਥਨਾਂ ਦੇ ਅਸਾਨੀ ਨਾਲ ਹਵਾਲੇ ਦੇਣ ਵਾਲੇ ਸਤਿਗੁਰੂ ਵਾਸਦੇਵ ਵਰਗੇ ਬਾਬੇ ਗਊ ਰੱਖਿਆ, ਲਵ ਜਹਾਦ ਦੇ ਨਾਂ 'ਤੇ ਹੁੰਦੀ ਹਜੂਮੀ ਹਿੰਸਾ ਜਿਹੇ ਪ੍ਰੇਸ਼ਾਨਕੁਨ ਮਾਮਲਿਆਂ 'ਤੇ ਬੜੀ ਚਲਾਕੀ ਨਾਲ ਮੌਨ ਧਾਰਨ ਕਰ ਲੈਂਦੇ ਹਨ। ਕਹਿਣ ਦੀ ਲੋੜ ਨਹੀਂ ਕਿ ਇਸ ਚੁੱਪ ਦੀ ਆਪਣੀ ਸਿਆਸਤ ਹੁੰਦੀ ਹੈ।

ਉਂਝ, ਸਮਾਜਿਕ ਮਨੋਵਿਗਿਆਨ ਦੀਆਂ ਜਟਿਲ ਪਰਤਾਂ ਨੂੰ ਫਰੋਲੇ ਬਗ਼ੈਰ ਬਾਬਿਆਂ ਤੇ ਇਨ੍ਹਾਂ ਦੇ ਗ੍ਰਾਹਕਾਂ ਦਰਮਿਆਨ ਰਿਸ਼ਤੇ ਦੀ ਗਤੀਸ਼ੀਲਤਾ ਦੀ ਥਾਹ ਪਾਉਣੀ ਮੁਸ਼ਕਿਲ ਹੈ। ਅਸੀਂ ਰਹੱਸਮਈ ਹੋਂਦ ਦੀ ਪੀੜ, ਸੰਤਾਪ ਤੇ ਸਦਮੇ ਦੇ ਮਾਹੌਲ ਵਿੱਚ ਜੀਅ ਰਹੇ ਹਾਂ ਅਤੇ ਅਕਸਰ ਬੰਦਖਲਾਸੀ ਕਰਾਉਣ ਵਾਲੀ ਸਿੱਖਿਆ ਅਤੇ ਨਾਲ ਹੀ ਢੁੱਕਵੀਂ ਆਰਥਿਕ ਪੂੰਜੀ ਦੀ ਅਣਹੋਂਦ ਵਿੱਚ ਇਸ ਮਨੋਵਿਗਿਆਨਕ ਝੰਜਟ ਨਾਲ ਸਿੱਝਣ ਲਈ ਵਿਗਿਆਨਕ/ਮੈਡੀਕਲ ਤੇ ਪ੍ਰੋਫੈਸ਼ਨਲ ਇਮਦਾਦ ਹਾਸਲ ਕਰਨਾ ਸੰਭਵ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਸਮਾਜਿਕ, ਆਰਥਿਕ ਤਲਖੀਆਂ ਦੀ ਭੰਨੀ ਕਿਸੇ ਐਸੀ ਪੇਂਡੂ ਔਰਤ ਬਾਰੇ ਸੋਚ ਕੇ ਦੇਖੋ ਜੋ ਇਹ ਮੰਨਦੀ ਹੋਵੇ ਕਿ ਉਸ ਦੇ ਬੱਚੇ ਦੇ ਦਿਲ ਦਾ ਛੇਕ ਦਾ ਰੋਗ ਬਗੇਸ਼ਵਰ ਜਿਹਾ ਕੋਈ ਬਾਬਾ ਹੀ ਦੂਰ ਕਰ ਸਕਦਾ ਹੈ। ਇਕ ਲੇਖੇ, ਉਸ ਦਾ ਇਹ ਭਰਮ ਪ੍ਰਚੱਲਤ ਅਸਾਵੇਂ ਤੇ ਨਾ-ਬਰਾਬਰ ਸਮਾਜਿਕ, ਆਰਥਿਕ ਤੇ ਸਭਿਆਚਾਰਕ ਪੂੰਜੀ ਦੀ ਅਸਾਵੀਂ ਵੰਡ ਦਾ ਸਿੱਟਾ ਹੈ ਤੇ ਇਹ ਬਾਬੇ ਹਾਲਾਤ ਦਾ ਫਾਇਦਾ ਉਠਾ ਕੇ ਆਪਣੇ ਚਮਤਕਾਰ ਵੇਚਦੇ ਹਨ ਅਤੇ ਆਪਣੇ ਆਪ ਨੂੰ ਚਕਿਤਸਕ ਦੇ ਤੌਰ 'ਤੇ ਪੇਸ਼ ਕਰਦੇ ਹਨ ਕਿਉਂਕਿ ਇਸ ਅਸਾਵੇਂ ਅਤੇ ਬੇਕਿਰਕ ਸਮਾਜ ਅੰਦਰ ਗਰੀਬਾਂ ਅਤੇ ਸ਼ੋਸ਼ਿਤਾਂ ਨੂੰ ਜਿਊਂਦੇ ਰਹਿਣ ਲਈ ਕੋਈ ਨਾ ਕੋਈ ਧਰਵਾਸ ਦਰਕਾਰ ਹੁੰਦਾ ਹੈ।

ਇਸੇ ਤਰ੍ਹਾਂ, ਤਕਨੀਕੀ ਤੌਰ ਤੇ ਹੁਨਰਮੰਦ, ਘੁੰਮਣ ਫਿਰਨ ਦੀ ਸ਼ੌਕੀਨ, ਪ੍ਰੋਫੈਸ਼ਨਲ ਅਤੇ ਉਤਸ਼ਾਹੀ ਜਮਾਤ ਨੂੰ 'ਸਫਲਤਾ' ਦੀ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ। ਹਰ ਦਿਨ ਵਕਤ ਦਾ ਖਾਸ ਹਿੱਸਾ ਉਤਪਾਦਕ ਮੰਤਵਾਂ ਦੇ ਲੇਖੇ ਲਾਇਆ ਜਾਂਦਾ ਹੈ ਜਿਸ ਕਰ ਕੇ ਕੋਈ ਵਾਧੂ ਸਮਾਂ ਨਹੀਂ ਹੁੰਦਾ। ਮੈਟਰਨਿਟੀ ਕਲੀਨਿਕ ਵਿੱਚ ਜਨਮ ਦੇ ਦਿਨ ਤੋਂ ਲੈ ਕੇ ਕਿਸੇ ਮੈਗਾ ਹਸਪਤਾਲ ਦੇ ਆਈਸੀਯੂ ਤੋਂ ਸ਼ਮਸ਼ਾਨਘਾਟ ਪਹੁੰਚਣ ਦੇ ਅੰਤਿਮ ਦਿਨ ਤੱਕ ਜ਼ਿੰਦਗੀ ਤੈਅਸ਼ੁਦਾ ਉਦੇਸ਼ਾਂ ਜਾਂ ਟੀਚਿਆਂ ਦੀ ਸੇਧ ਵਿਚ ਸਿੱਧੀ ਸਤੋਰ ਚਲਦੀ ਰਹਿੰਦੀ ਹੈ, ਕੱਲ੍ਹ ਦੀ ਚਿੰਤਾ ਤੋਂ ਕਦੇ ਮੁਕਤੀ ਨਹੀਂ ਮਿਲਦੀ। ਤਣਾਅ, ਡਰ, ਬੇਵਿਸਾਹੀ, ਬੇਹਿਸਾਬ ਮੁਕਾਬਲੇਬਾਜ਼ੀ, ਨਿਰੰਤਰ ਬੇਚੈਨੀ ਤੇ ਘਬਰਾਹਟ ਉਨ੍ਹਾਂ ਦੀ ਹੋਂਦ ਦੀ ਪਛਾਣ ਬਣ ਜਾਂਦੀ ਹੈ; ਹਾਲਾਂਕਿ ਵਕਤੀ ਤੌਰ 'ਤੇ ਖਪਤ, ਜਿਨਸੀ ਭੋਗ ਜਾਂ ਸੋਸ਼ਲ ਮੀਡੀਆ ਦੇ ਸਰੂਰ ਤੋਂ ਪਾਸਾ ਵੱਟ ਲੈਣ 'ਤੇ ਵੀ ਤਾਉਮਰ ਇਸ ਜਜ਼ਬਾਤੀ ਖਲਜਗਣ 'ਚੋਂ ਨਿਕਲ ਨਹੀਂ ਹੁੰਦਾ। ਇਸ ਕਰ ਕੇ ਇਸ ਜਮਾਤ ਵਾਸਤੇ ਇਕ ਫੈਂਸੀ ਅਧਿਆਤਮਕ ਸਨਅਤ ਹੋਂਦ ਵਿੱਚ ਆ ਗਈ ਹੈ ਜੋ ਸੁੰਨਤਾ, ਸਾਹ ਪ੍ਰਕਿਰਿਆ ਅਤੇ ਧਿਆਨ ਦੀਆਂ ਵਿਧੀਆਂ ਦੇ ਬ੍ਰਾਂਡਾਂ ਦੇ ਪੈਕੇਜ ਪਰੋਸਦੀ ਤੇ ਵੇਚਦੀ ਹੈ।

ਦਰਅਸਲ, ਇਹ ਵਿਕਲੋਤਰੀਆਂ ਅਧਿਆਤਮਕ ਵਿਧੀਆਂ ਖੁਸ਼ਨੁਮਾ ਅਹਿਸਾਸ ਤਾਂ ਕਰਾਉਂਦੀਆਂ ਹਨ ਪਰ ਇਹ ਇਹ ਅਹਿਸਾਸ ਵਕਤੀ ਸਾਬਿਤ ਹੁੰਦਾ ਹੈ ਪਰ ਇਹ ਬਾਬੇ ਆਪਣੇ ਭਗਤਾਂ ਨੂੰ ਅਧਿਆਤਮਕ ਖਾਲੀਪਣ ਦੀਆਂ ਜੜ੍ਹਾਂ, ਭਾਵ ਉਸ ਪੂੰਜੀਵਾਦੀ ਜਾਂ ਨਵ-ਉਦਾਰਵਾਦੀ ਤਰਕ ਨੂੰ ਚੁਣੌਤੀ ਦੇਣ ਦੀ ਪ੍ਰੇਰਨਾ ਕਦੇ ਨਹੀਂ ਦੇਣਗੇ ਜੋ ਐਰਿਕ ਫਰੌਮ ਦੇ ਸ਼ਬਦਾਂ 'ਚ ਮਾਨਸਿਕ ਤੌਰ 'ਤੇ ਬੇਚੈਨ ਅਤੇ ਪਦਾਰਥਕ ਅਤੇ ਸੰਕੇਤਕ ਪਦਾਰਥਕ ਸਾਧਨ ਪੈਦਾ ਕਰਦਾ ਰਹਿੰਦਾ ਹੈ। ਜ਼ਿੰਦਗੀ ਭਰ ਕਿਸੇ ਘੁੜ ਦੌੜ ਦੇ ਘੋੜੇ ਵਾਂਗ ਦੌੜਦੇ ਰਹੋ, ਉਂਝ ਵਿੱਚ ਵਿਚਾਲੇ ਕਦੇ ਕਦਾਈਂ ਕੋਈ ਦਸ ਕੁ ਦਿਨਾਂ ਦਾ ਮੈਡੀਟੇਸ਼ਨ ਕੈਂਪ ਲਾ ਲਓ ਜਾਂ ਦਿਨ ਭਰ ਦਾ ਅਕੇਵਾਂ ਲਾਹੁਣ ਲਈ ਰਾਹ ਨੂੰ ਪੰਦਰਾਂ ਕੁ ਮਿੰਟ ਲਈ 'ਮੁਕਤੀ ਦਾ ਕੈਪਸੂਲ' ਖਾ ਲਓ!

ਇਹ ਠੀਕ ਹੈ ਕਿ ਸਿਆਸਤ ਅਤੇ ਮੰਡੀ ਦੀ ਖੇਡ ਬਣ ਚੁੱਕੇ ਇਸ ਦੌਰ ਵਿਚ ਨਿੱਠ ਕੇ ਸੰਗੀਤਮਈ ਬਣੇ ਰਹਿਣਾ, ਹਉਮੈ ਤੇ ਤਾਕਤ ਦੇ ਨਸ਼ੇ ਤੋਂ ਮੁਕਤ ਹੋ ਕੇ ਪਿਆਰ ਅਤੇ ਖਲੂਸ ਦੀ ਰੌਸ਼ਨੀ ਵਿੱਚ ਨਹਾਉਣਾ, ਸਰੀਰਕ ਕਸ਼ਟਾਂ ਅਤੇ ਪਦਾਰਥਕ ਸੰਪਦਾ ਜਾਂ ਆਪਣੇ ਪਿਆਰਿਆਂ ਦੀ ਅਣਹੋਂਦ ਵਿੱਚ ਸ਼ਾਂਤਚਿਤ ਬਣੇ ਰਹਿਣਾ ਸੌਖਾ ਕੰਮ ਨਹੀਂ ਹੈ। ਬਿਲਕੁੱਲ ਇਵੇਂ ਹੀ, ਧਿਆਨਮਈ ਸ਼ਾਂਤੀ ਅਤੇ ਸਮਾਜਿਕ ਤੇ ਢਾਂਚਾਗਤ ਤਬਦੀਲੀ ਦੀ ਪ੍ਰਚੰਡ ਪ੍ਰਕਿਰਿਆ ਵਿਚਕਾਰ ਪੁਲ ਉਸਾਰਨ ਵਾਲੀ ਮੇਲ ਜੋਲ ਦੀ ਧਾਰਮਿਕਤਾ ਨੂੰ ਅਮਲ ਵਿੱਚ ਲਿਆਉਣਾ ਵੀ ਸੌਖਾ ਕਾਰਜ ਨਹੀਂ ਹੈ ਜਾਂ ਫਿਰ ਜਾਤੀਵਾਦ, ਪਿੱਤਰਸੱਤਾ, ਨਸਲਵਾਦ ਅਤੇ ਸਭ ਤੋਂ ਵਧ ਕੇ ਸਭਿਆਚਾਰ, ਵਾਤਾਵਰਨ, ਸਿੱਖਿਆ ਅਤੇ ਮਨੁੱਖੀ ਰਿਸ਼ਤਿਆਂ ਉਪਰ ਧਾਵਾ ਬੋਲਣ ਵਾਲੇ ਨਵ ਉਦਾਰਵਾਦ 'ਤੇ ਕਿੰਤੂ ਕਰਦੇ ਹੋਏ ਸਮਾਜਿਕ ਨਿਆਂ ਦੀ ਪਰਿਵਰਤਨਸ਼ੀਲ ਸਿਆਸਤ ਜ਼ਰੀਏ ਅੰਦਰੂਨੀ ਸ਼ਾਂਤੀ ਅਤੇ ਬਾਹਰੀ ਦੁਨੀਆ ਵਿਚ ਅਮਨ ਦੀ ਯਾਤਰਾ 'ਤੇ ਨਿਕਲਣਾ ਵੀ ਸੌਖਾ ਕੰਮ ਨਹੀਂ ਹੈ।

(ਬਾਕੀ ਸਫ਼ਾ 31 'ਤੇ)

# ਹਿੰਦੂ ਰਾਸ਼ਟਰਵਾਦ ਅਤੇ ਅਖੰਡ ਭਾਰਤ ਹਿੰਦੂ ਰਾਸ਼ਟਰਵਾਦੀਆਂ ਦੀ ਮਿਥ



ਰਾਮ ਪੁਨਿਆਨੀ



ਕੀ ਦੇਸ਼ਾਂ ਦੀਆਂ ਸਰਹੱਦਾਂ ਹਮੇਸ਼ਾ ਇੱਕੋ ਜਿਹੀਆਂ ਰਹਿੰਦੀਆਂ ਹਨ? ਜਾਂ ਕੀ ਇਹ ਸਮੇਂ ਦੇ ਨਾਲ ਬਦਲਦੀਆਂ ਹਨ? ਕਈ ਮੌਕਿਆਂ 'ਤੇ ਸਾਮਰਾਜਾਂ, ਰਾਜਿਆਂ ਅਤੇ ਆਧੁਨਿਕ ਨੇਸ਼ਨ ਸਟੇਟ ਦੀਆਂ ਹੱਦਾਂ ਵਿਚਾਲੇ ਅੰਤਰ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ,ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ।

ਅਕਸਰ ਕਿਹਾ ਜਾਂਦਾ ਹੈ ਕਿ 'ਅਸੀਂ' ਇੱਥੇ ਰਾਜ ਕਰਦੇ ਸੀ ਜਾਂ 'ਸਾਡਾ' ਰਾਜ ਇੱਥੋਂ ਤੱਕ ਫੈਲਿਆ ਹੋਇਆ ਸੀ। ਅਸਲ ਵਿੱਚ, 'ਇਸ' ਸ਼ਬਦ ਦਾ ਪ੍ਰਯੋਗ ਸਮਾਜਿਕ ਵਿਕਾਸ ਦੇ ਕਿਸੇ ਵੀ ਪੜਾਅ ਵਿਚ ਲੋਕਾਂ ਲਈ ਕੀਤਾ ਜਾ ਸਕਦਾ ਹੈ, ਭਾਵੇਂ ਉਹ ਸਾਮਰਾਜੀਆਂ ਦੇ ਅਧੀਨ ਹੋਣ ਜਾਂ ਆਧੁਨਿਕ ਨੇਸ਼ਨ ਸਟੇਟ ਦੇ ਨਾਗਰਿਕ ਹੋਣ। ਸਾਡਾ ਸਮਾਜਿਕ ਸਰੂਪ ਵੀ ਬਦਲ ਰਿਹਾ ਹੈ। ਜਦੋਂ ਮਨੁੱਖ ਪਹਿਲਾਂ ਜਾਨਵਰਾਂ ਦਾ ਸ਼ਿਕਾਰ ਕਰਕੇ ਅਤੇ ਕੰਦ ਮੂਲ ਇਕੱਠਾ ਕਰਕੇ ਅਤੇ ਉਸ ਤੋਂ ਬਾਅਦ ਪਸ਼ੂ ਪਾਲਣ ਨਾਲ ਗੁਜ਼ਾਰਾ ਕਰਦੇ ਸਨ, ਤਾਂ ਉਨ੍ਹਾਂ ਨੂੰ ਸ਼ਾਇਦ ਹੀ ਪਤਾ ਸੀ ਕਿ ਉਹ ਕਿਸ ਖੇਤਰ ਵਿੱਚ ਰਹਿ ਰਹੇ ਹਨ। ਪੇਂਡੂ ਸਮਾਜਾਂ ਅਤੇ ਕਬਾਇਲੀ ਸਮੂਹਾਂ ਵਿੱਚ, ਲੋਕਾਂ ਦੀ ਆਪਣੇ ਨਿਵਾਸ ਦੇ ਖੇਤਰ ਦੇ ਸੰਬੰਧ ਵਿੱਚ ਧਾਰਨਾ ਬਹੁਤ ਅਸਪਸ਼ਟ ਹੁੰਦੀ ਸੀ। ਜਦ ਮਨੁੱਖਾਂ ਨੇ ਖੇਤੀ ਸ਼ੁਰੂ ਕੀਤੀ ਉਸ ਤੋਂ ਬਾਅਦ ਰਾਜ ਉਸਾਰੇ ਗਏ, ਹੱਦਾਂ ਤੇ ਸਰਹੱਦਾਂ ਨਿਸ਼ਚਿਤ ਕੀਤੀਆਂ ਗਈਆਂ।

ਸਾਮਰਾਜ ਦੀਆਂ ਹੱਦਾਂ ਹਮੇਸ਼ਾ ਬਦਲਦੀਆਂ ਰਹੀਆਂ। ਚੋਲ ਸਾਮਰਾਜ ਅਤੇ ਇਸਦੇ ਵਿਰੋਧੀ ਰਾਜਾਂ ਨੇ ਧਰਤੀ ਦੇ ਇਸ ਹਿੱਸੇ ਉੱਤੇ ਰਾਜ ਕੀਤਾ। ਰਾਜਿੰਦਰ ਚੋਲ ਦੇ ਸਮੇਂ ਭਾਵੇਂ ਚੋਲ ਸਾਮਰਾਜ ਬਹੁਤ ਵਿਸ਼ਾਲ ਹੋ ਗਿਆ ਸੀ ਪਰ ਫਿਰ ਵੀ ਇਹ ਦੇਸ਼ ਦੇ ਦੱਖਣ ਤੱਕ ਸੀਮਤ ਸੀ। ਅਹੋਮ ਉੱਤਰ-ਪੂਰਬ ਵਿੱਚ ਰਾਜ ਕਰਦੇ ਸਨ ਅਤੇ ਉਨ੍ਹਾਂ ਦੇ ਸਾਮਰਾਜ ਦੀਆਂ ਹੱਦਾਂ ਦਾ ਬਹੁਤ ਸਪੱਸ਼ਟ ਵੇਰਵਾ ਮੌਜੂਦ ਨਹੀਂ ਹੈ। ਇਹ ਜ਼ਰੂਰ ਪਤਾ ਹੈ ਕਿ ਸਮੇਂ ਦੇ ਨਾਲ ਇਨ੍ਹਾਂ ਰਿਆਸਤਾਂ ਦੀਆਂ ਸੀਮਾਵਾਂ ਬਦਲਦੀਆਂ ਰਹੀਆਂ ਅਤੇ ਕਿਸੇ ਰਾਜੇ ਦੇ ਵਾਰਿਸ ਨੂੰ ਉਸ ਦੇ ਪੂਰਵਜਾਂ ਵਾਂਗ ਰਾਜ ਕਰਨ ਦਾ ਮੌਕਾ ਨਹੀਂ ਮਿਲਦਾ ਸੀ। ਮੌਰੀਆ ਸਾਮਰਾਜ ਖੇਤਰ ਦੇ ਲਿਹਾਜ਼ ਨਾਲ ਪ੍ਰਾਚੀਨ ਸਾਮਰਾਜਾਂ ਵਿੱਚੋਂ ਸਭ ਤੋਂ ਵੱਡਾ ਸਮਰਾਜ ਸੀ ਅਤੇ ਇਸ ਤੋਂ ਬਾਅਦ ਸ਼ੁੰਗ ਵੰਸ਼ ਜਿਸਨੇ ਇਸ ਦੇ ਬਾਅਦ ਰਾਜ ਕੀਤਾ। ਇਸ ਦਾ ਰਾਜ ਖੇਤਰ ਇਸ ਤੋਂ ਬਹੁਤ ਵੱਖਰਾ ਸੀ। ਇੱਥੋਂ ਤੱਕ ਕਿ 'ਵਿਦੇਸ਼ੀ' ਮੁਗਲ ਸਾਮਰਾਜ ਬਾਰੇ ਬਹੁਤ ਚਰਚਾ ਕੀਤੀ ਜਾਂਦੀ ਹੈ, ਉਹ ਖੇਤਰੀ ਤੌਰ 'ਤੇ ਸਥਿਰ ਨਹੀਂ ਸੀ। ਔਰੰਗਜ਼ੇਬ ਦੇ ਸਮੇਂ ਦੌਰਾਨ ਇਹ ਸਭ ਤੋਂ ਵੱਡਾ ਸੀ ਤੇ ਇਹ ਦੱਖਣੀ ਭਾਰਤ ਤੱਕ ਫੈਲਿਆ ਹੋਇਆ ਸੀ।

ਅੰਗਰੇਜ਼ਾਂ ਦੇ ਆਉਣ ਨਾਲ, ਭਾਰਤ ਦੀਆਂ ਹੱਦਾਂ ਹੋਰ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਕੀਤੀਆਂ ਗਈਆਂ ਸਨ। ਇੱਥੋਂ ਤੱਕ ਕਿ ਉਹ ਰਿਆਸਤਾਂ ਆਪਣਾ ਵਾਜੂਦ ਬਚਾ ਸਕੀਆਂ ਜੋ ਅੰਗਰੇਜ਼ਾਂ ਦੇ ਰਹਿਮ 'ਤੇ ਸਨ। ਉਸਨੇ ਬ੍ਰਿਟਿਸ਼ ਸੱਤਾ ਨਾਲ ਮਿਲੀਭੁਗਤ ਕਰਕੇ ਰਾਜ ਕੀਤਾ। ਇਨ੍ਹਾਂ ਰਿਆਸਤਾਂ ਕੋਲ ਸਿਰਫ਼ ਰਸਮੀ ਪ੍ਰਭੂਸੱਤਾ ਸੀ।

ਬ੍ਰਿਟਿਸ਼ ਨੇ ਮਿਆਂਮਾਰ 'ਤੇ ਵੀ ਰਾਜ ਕੀਤਾ, ਜੋ ਉਨ੍ਹਾਂ ਦੇ ਸਾਮਰਾਜ ਦਾ ਹਿੱਸਾ ਸੀ ਅਤੇ ਬਾਅਦ ਵਿੱਚ ਇੱਕ ਸੁਤੰਤਰ ਰਾਸ਼ਟਰ ਬਣ ਗਿਆ। ਇਹੀ ਹਾਲ ਸੀਲੋਨ ਦਾ ਸੀ ਜਿਸਨੂੰ ਅੱਜ ਸ਼੍ਰੀਲੰਕਾ ਕਿਹਾ ਜਾਂਦਾ ਹੈ। ਭਗਤ ਸਿੰਘ, ਅੰਡੇਮਾਨ ਜੇਲ੍ਹ ਜਾਣ ਤੋਂ ਪਹਿਲਾਂ ਸਾਵਰਕਰ ਅਤੇ ਨੇਤਾਜੀ ਸੁਭਾਸ਼ ਦੀ ਆਜ਼ਾਦ ਹਿੰਦ ਫ਼ੌਜ, ਕਾਂਗਰਸ ਅਤੇ ਰਾਸ਼ਟਰਵਾਦੀ ਜਥੇਬੰਦੀਆਂ ਦੁਆਰਾ ਬਸਤੀਵਾਦੀ ਸ਼ਕਤੀ ਦਾ ਵਿਰੋਧ ਕੀਤਾ ਗਿਆ ਸੀ। ਅੰਗਰੇਜ਼ਾਂ ਨੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਅਪਣਾਈ ਜਿਸ ਨੇ ਫਿਰਕੂ ਸ਼ਕਤੀਆਂ ਨੂੰ ਜਨਮ ਦਿੱਤਾ ਜੋ ਸਮਾਜ ਵਿਚ ਫੁਟ ਪਾਕੇ ਅੰਗਰੇਜ਼ ਸਰਕਾਰ ਨੂੰ ਤਾਕਤ ਦੇ ਰਹੀਆਂ ਸਨ। ਗਾਂਧੀ ਜੀ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਤਾਕਤਾਂ ਨੇ ਇੱਕ ਅਖੰਡ ਭਾਰਤ ਦਾ ਸੁਪਨਾ ਲਿਆ ਸੀ, ਜਿਸ ਵਿੱਚ ਅੱਜ ਦਾ ਪਾਕਿਸਤਾਨ, ਬੰਗਲਾਦੇਸ਼ ਅਤੇ ਭਾਰਤ ਦਾ ਖੇਤਰ ਸ਼ਾਮਲ ਸੀ। ਵੰਡ ਦੇ ਦੁਖਾਂਤ ਨੇ ਰਾਸ਼ਟਰਵਾਦੀ ਤਾਕਤਾਂ ਦਾ ਸੁਪਨਾ ਚੂਰ ਚੂਰ ਕਰ ਦਿੱਤਾ ਅਤੇ ਅੰਗਰੇਜ਼ਾਂ ਦੀ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਸਫਲ ਹੋ ਗਈ। ਮੁਸਲਿਮ ਫਿਰਕੂ ਤਾਕਤਾਂ ਨੇ ਮੁਸਲਿਮ ਬਹੁਗਿਣਤੀ ਵਾਲੇ ਇਲਾਕਿਆਂ ਨੂੰ ਪਾਕਿਸਤਾਨ ਵਿੱਚ ਮਿਲਾ ਦੇਣ ਦੀ ਮੰਗ ਕੀਤੀ ਅਤੇ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੇ ਇੱਕ ਅਖੰਡ ਭਾਰਤ ਦੀ ਮੰਗ ਕੀਤੀ, ਜੋ ਉਨ੍ਹਾਂ ਅਨੁਸਾਰ ਪੁਰਾਣੇ ਸਮੇਂ ਤੋਂ ਇੱਕ ਹਿੰਦੂ ਰਾਸ਼ਟਰ ਸੀ!

ਜਦੋਂ ਕਿ ਹਿੰਦੂ ਅਤੇ ਮੁਸਲਿਮ ਰਾਸ਼ਟਰਵਾਦੀਆਂ ਨੇ ਧਰਮ ਦਾ ਸਹਾਰਾ ਲਿਆ ਅਤੇ 'ਦੂਜੇ' ਭਾਈਚਾਰੇ ਦੇ ਲੋਕਾਂ ਵਿਰੁੱਧ ਨਫ਼ਰਤ ਫੈਲਾਈ, ਰਾਸ਼ਟਰਵਾਦੀ ਤਾਕਤਾਂ ਨੂੰ ਉਹ ਭਾਰਤ ਸਵੀਕਾਰ ਕਰਨਾ ਪਿਆ ਜਿਸ ਦੀਆਂ ਸੀਮਾਵਾਂ ਰੈੱਡਕਲਿਫ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਸਨ।

ਭਾਰਤ ਧਰਮ ਨਿਰਪੱਖਤਾ ਦੇ ਰਾਹ 'ਤੇ ਤੁਰਿਆ। ਸਮਾਜ ਪੂਰੀ ਤਰ੍ਹਾਂ ਧਰਮ ਨਿਰਪੱਖ ਨਾ ਹੋਣ ਕਾਰਨ ਧਰਮ ਨਿਰਪੱਖਤਾ ਦੇ ਰਾਹ ਵਿੱਚ ਕਈ ਔਕੜਾਂ ਸਨ ਅਤੇ ਸੱਤਾਧਾਰੀ ਕਾਂਗਰਸ ਵਿਚ ਕਈ ਹਿੰਦੂ ਫਿਰਕਾਪ੍ਰਸਤ ਤੱਤ ਸਨ। ਨਹਿਰੂ ਨੇ ਪਾਰਟੀ ਦੇ ਅੰਦਰ ਫਿਰਕੂ ਤਾਕਤਾਂ ਦੀ ਵਧ ਰਹੀ ਤਾਕਤ ਬਾਰੇ ਚੇਤਾਵਨੀ ਦਿੱਤੀ ਸੀ, ਪਰ ਬਹੁਤ ਕੁਝ ਨਹੀਂ ਕੀਤਾ ਜਾ ਸਕਿਆ। ਉਸ ਸਮੇਂ ਹਿੰਦੂ ਫਿਰਕਾਪ੍ਰਸਤ ਲੋਕਾਂ ਨੇ, ਆਰਐਸਐਸ ਦੀਆਂ ਸ਼ਾਖਾਵਾਂ ਵਿੱਚ ਸਿਖਲਾਈ ਪ੍ਰਾਪਤ ਕਰਕੇ, ਸਮਾਜ ਅਤੇ ਰਾਜਨੀਤੀ ਵਿੱਚ ਪ੍ਰਭਾਵ ਪਾਇਆ, ਜਿਸ ਦੇ ਫਲਸਰੂਪ ਅੱਜ ਦੇ ਹਾਲਾਤ ਬਣ ਗਏ। ਇਨ੍ਹਾਂ ਫਿਰਕੂ ਤਾਕਤਾਂ ਨੇ ਨਾ ਸਿਰਫ਼ ਮੁਸਲਮਾਨਾਂ ਅਤੇ ਈਸਾਈਆਂ ਨੂੰ ਹਾਸ਼ੀਏ 'ਤੇ ਪਹੁੰਚਾਇਆ ਹੈ, ਸਗੋਂ ਉਹ ਭਾਰਤੀ ਸੰਵਿਧਾਨ ਵਿਰੁੱਧ ਵੀ ਪ੍ਰਚਾਰ ਕਰ ਰਹੇ ਹਨ ਅਤੇ ਆਪਣੀ ਫਿਰਕੂ ਸੋਚ ਦਾ ਪ੍ਰਦਰਸ਼ਨ ਕਰ ਰਹੇ ਹਨ। ਇਹ ਗੱਲ ਨਵੇਂ ਸੰਸਦ ਭਵਨ ਦੇ ਉਦਘਾਟਨ ਤੋਂ ਵੀ ਜ਼ਾਹਿਰ ਹੁੰਦੀ ਹੈ ਜਿੱਥੇ ਅਖੰਡ ਭਾਰਤ ਦਾ ਨਕਸ਼ਾ ਲਗਾਇਆ ਹੈ। ਇਹ ਨਕਸ਼ਾ ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਭੂਟਾਨ ਅਤੇ ਸ਼੍ਰੀਲੰਕਾ ਨੂੰ ਭਾਰਤ ਦੇ ਹਿੱਸੇ ਵਜੋਂ ਦਰਸਾਉਂਦਾ ਹੈ। ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਟਵੀਟ ਕੀਤਾ। ਸਾਡਾ ਸਪੱਸ਼ਟ ਸੰਕਲਪ ਅਖੰਡ ਭਾਰਤ ਹੈ। ਜੋਸ਼ੀ ਨੇ ਕਿਹਾ, ਅਖੰਡ ਭਾਰਤ ਦਾ ਸੰਕਲਪ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਤੋਂ ਆਇਆ ਹੈ। ਨਵੀਂ ਸੰਸਦ ਦੀ ਇਮਾਰਤ ਭਾਰਤੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੀ ਹੈ, ਜੋ ਭਾਰਤ ਦੇ ਵੱਖ-ਵੱਖ ਖੇਤਰਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇੱਕ ਹੋਰ ਭਾਜਪਾ ਨੇਤਾ ਮਨੋਜ ਕੋਟਕ ਨੇ ਟਵੀਟ ਕੀਤਾ, ਨਵੇਂ ਸੰਸਦ ਭਵਨ ਵਿੱਚ ਦਰਸਾਇਆ ਗਿਆ ਅਖੰਡ ਭਾਰਤ ਇੱਕ ਸ਼ਕਤੀਸ਼ਾਲੀ ਅਤੇ ਸਵੈ-ਨਿਰਭਰ ਦੇਸ਼ ਹੈ।

ਭਾਰਤ ਸਰਕਾਰ ਦੇ ਸਰਕਾਰੀ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ, ਕਿ ਚਿਤਰ ਵਿੱਚ ਅਸ਼ੋਕ ਦੇ ਸਾਮਰਾਜ ਨੂੰ ਦਿਖਾਇਆ ਗਿਆ ਹੈ ਜੋ (ਅਸ਼ੋਕ) ਦੁਆਰਾ ਅਪਣਾਏ ਗਏ ਲੋਕ-ਮੁਖੀ ਸ਼ਾਸਨ ਦੇ ਸੰਕਲਪ ਨੂੰ ਦਰਸਾਉਂਦਾ ਹੈ। ਪਾਕਿਸਤਾਨ ਅਤੇ ਨੇਪਾਲ ਦੀਆਂ ਸਰਕਾਰਾਂ ਨੇ 'ਅਖੰਡ ਭਾਰਤ' ਦੀ ਗੱਲ ਕਰਨ ਵਾਲੇ ਭਾਜਪਾ ਆਗੂਆਂ 'ਤੇ ਚਿੰਤਾ

(ਬਾਕੀ ਸਫ਼ਾ 30 'ਤੇ)

# ‘ਜੁਗਨੀ’ ਦਾ ਕੱਚ- ਸੱਚ

## ਕਦੇ ਸਮਝ ਨਾ ਆਵੇ ਜੁਗਨੀ ਦਾ ਅਲਜ਼ਬਰਾ

## ਜੁਗਨੀ ਦਾ ਅਤੀਤ, ਵਰਤਮਾਨ ਤੇ ਭਵਿੱਖ

## ਜੁਗਨੀ ਜਾ ਵੜੀ ਬਰਮਿੰਘਮ, ਸੋਹੋ ਰੋਡ ’ਤੇ ਖਾਂਦੀ ਚਿੰਗਮ














‘ਜੁਗਨੀ’ ਬਾਰੇ ਅਕਸਰ ਹੀ ਵੱਖ- ਵੱਖ ਪ੍ਰਸਿੱਧ ਵਿਦਵਾਨਾਂ ਵੱਲੋਂ ਇਹ ਕਿਹਾ ਜਾਂਦੈ ਕਿ ‘ਜੁਗਨੀ’ ਦਾ ਅਲਜ਼ਬਰਾ ਕਦੇ ਵੀ ਉਹਨਾਂ ਦੀ ਸਮਝ ਵਿੱਚ ਨਹੀਂ ਆਉਂਦਾ, ਇਹ ਵੀ ਪਤਾ ਨਹੀਂ ਚਲਦਾ ਕਿ ਜੁਗਨੀ ਦਾ ਜਨਮ ਕਦੋਂ ਹੋਇਆ ਅਤੇ ਇਸਦੇ ਪੇਕੇ -ਸਹੁਰੇ ਕਿਥੇ ਹਨ ਅਤੇ ਜੁਗਨੀ ਕਦੋਂ ਮੁਕਲਾਵੇ ਆਈ। ਜੁਗਨੀ ਸਬੰਧੀ ਇਤਿਹਾਸ ਵੀ ਇੱਕ ਤਰਾਂ ਬੁੱਲਾਂ ਉਪਰ ਚੁੱਪ ਵਾਲਾ ਜਿੰਦਰਾ ਹੀ ਲਗਾਈ ਬੈਠਾ ਹੈ। ਇਸ ਲੇਖਕ ਵੱਲੋਂ ਜੁਗਨੀ ਉਪਰ ਕੀਤੀ ਗਈ ਡੂੰਘੀ ਖੋਜ਼ ਉਪਰੰਤ ਇਹ ਗਲ ਉਭਰ ਕੇ ਸਾਹਮਣੇ ਆਈ ਕਿ ਜੁਗਨੀ ਦਾ ਜਨਮ ਅਸਲ ਵਿੱਚ ਉਦੋਂ ਹੋਇਆ ਜਦੋਂ ਭਾਰਤ ਉਪਰ ਅੰਗਰੇਜ਼ਾਂ ਦਾ ਰਾਜ ਸੀ। ਗੁਲਾਮ ਭਾਰਤ ਵਿੱਚ ਅੰਗਰੇਜ਼ੀ ਰਾਜ ਦੌਰਾਨ ਹੀ ਜੁਗਨੀ ਨੇ ਪਹਿਲੀ ਕਿਲਕਾਰੀ ਮਾਰੀ। ਅਸਲ ਵਿੱਚ ਜੁਗਨੀ ਕਾਵਿ ਜਾਂ ਜੁਗਨੀ ਗਾਇਨ ਦਾ ਜਨਮ 1906 ਵਿੱਚ ਹੋਇਆ। ਇਸ ਤੋਂ ਪਹਿਲਾਂ ਜੁਗਨੀ ਦੀ ਹੋਂਦ ਬਾਰੇ ਨਾ ਤਾਂ ਕੋਈ ਇਤਿਹਾਸਿਕ ਦਸਤਾਵੇਜ਼ ਮਿਲਦਾ ਹੈ ਅਤੇ ਨਾ ਹੀ ਕੋਈ ਮਿਥਿਹਾਸਕ ਘਟਨਾ ਦਾ ਜ਼ਿਕਰ ਸੁਣੀਦੈ।

ਅਸਲ ਵਿੱਚ ‘ਜੁਗਨੀ’ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ‘ ਜੁਬਲੀ ’ ਦਾ ਵਿਗੜਿਆ ਜਾਂ ਸੁਧਰਿਆ ਰੂਪ ਹੀ ਹੈ। ਇੱਕ ਦੰਦ ਕਥਾ ਸੁਣਨ ਨੂੰ ਮਿਲਦੀ ਹੈ ਕਿ ਭਾਰਤ ਵਿੱਚ ਆਪਣੇ ਸਾਮਰਾਜ ਦੇ ਪੰਜਾਹ ਵਰ੍ਹੇ ਪੂਰੇ ਹੋਣ ’ਤੇ 1887 ਵਿੱਚ ਬਰਤਾਨਵੀ ਰਾਣੀ ਵਿਕਟੋਰੀਆ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਵਜੋਂ ਇੱਕ ਮਸ਼ਾਲ ਪੂਰੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਘੁੰਮਾਈ ਸੀ ਇਹ ਮਸ਼ਾਲ ਜਿਸ ਸ਼ਹਿਰ ਜਾਂਦੀ ਤਾਂ ਉੱਥੇ ਇਕੱਠ ਕਰਕੇ ਅੰਗਰੇਜ਼ ਅਫ਼ਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਜਸ਼ਨ ਮਨਾਇਆ ਜਾਂਦਾ ਸੀ। ਇਸ ਦੇ ਵਿਰੋਧ ਵਜੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੇ ਅੰਗਰੇਜ਼ਾਂ ਦੇ ਜਸ਼ਨ ਦੇ ਮੁਕਾਬਲੇ ਵਜੋਂ ਉਸੇ ਸ਼ਹਿਰ, ਉਸੇ ਸਮੇਂ ਬਰਾਬਰ ਇਕੱਠ ਕਰਕੇ ਆਪਣਾ ਗੁੱਸਾ ਜਾਹਰ ਕਰਨ ਦਾ ਫੈਸਲਾ ਕੀਤਾ। ਇਕੱਠ ਕਰਨ ਅਤੇ ਵਧੇਰੇ ਲੋਕਾਂ ਨੂੰ ਬਿਠਾਈ ਰੱਖਣ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਕਵੀਸ਼ਰਾਂ ਨੂੰ ਬੁਲਾ ਕੇ ਹਰ ਪ੍ਰੋਗਰਾਮ ਉੱਤੇ ਜੁਬਲੀ ਵਿਰੋਧੀ ਗੀਤ ਗਾਉਣ ਲਈ ਕਿਹਾ ਗਿਆ। ਬਿਸ਼ਨਾ ਅਤੇ ਮਾਂਦਾ ਨਾਂ ਦੇ ਇਹਨਾਂ ਅਨਪੜ੍ਹ ਗਾਇਕਾਂ ਨੇ ‘ਜੁਬਲੀ’ ਸ਼ਬਦ ਨੂੰ ‘ਜੁਗਨੀ’ ਸਮਝਦਿਆਂ ਆਪਣੇ ਹਿਸਾਬ ਨਾਲ ਮੌਕੇ ’ਤੇ ਸਬੰਧਿਤ ਸ਼ਹਿਰ ਦਾ ਨਾਂ ਲੈ ਕੇ ਗੀਤ ਜੋੜ ਲਏ। ਢੱਡ ਤੇ ਕਿੰਗਰੀ ਵਜਾਉਂਦੇ ਹੋਏ ਦੋਵੇ ਲੋਕ ਗਾਇਕ ਹਰ ਵਾਰ ਜੁਗਨੀ ਦੀ ਸ਼ੁਰੂਆਤ ਉਸ ਜਗ੍ਹਾ ਦੇ ਨਾਮ ਨਾਲ ਕਰਦੇ ਜਿਸ ਜਗ੍ਹਾ ’ਤੇ ਉਸ ਵੇਲੇ ਜੁਗਨੀ ਜਾਂ ਜੁਬਲੀ ਫਲੇਮ (ਮਸ਼ਾਲ) ਮੌਜੂਦ ਹੁੰਦੀ ।












ਜਿਉਂ ਜਿਉਂ ਸਮਾਂ ਬੀਤਦਾ ਗਿਆ, ਇਸ ਇੱਕ ਭੋਲੀ ਅਤੇ ਨਿੱਕੀ ਜਹੀ ਗ਼ਲਤੀ ਨਾਲ ਬਣਿਆ ਸ਼ਬਦ ਜੁਗਨੀ ਅੱਜ ਸਾਰੀ ਦੁਨੀਆ ਵਿੱਚ ਪੰਜਾਬੀ ਵਿਰਸੇ ਦੀ ਸ਼ਾਨ ਬਣ ਚੁੱਕਾ ਹੈ। ਫਿਰ ਚਾਹੇ ਉਹ ਬਾਣ ਦੇ ਮੰਝੇ ਉੱਤੇ ਲਗਾ ਬਾਜਾ ਹੋਵੇ ਜਾਂ ਨਵੇਂ ਜਮਾਨੇ ਦੇ ਵੱਡੇ ਵੱਡੇ ਸਪੀਕਰ ਹੋਣ, ਜਦੋਂ ਵੀ ਜੁਗਨੀ ਗੀਤ ਦੀ ਆਵਾਜ਼ ਸਾਡੇ ਕੰਨ ਪੈਂਦੀ ਹੈ ਮੰਨ ਆਪਣੇ ਆਪ ਨੱਚਣ ਨੂੰ ਕਰਦਾ ਹੈ ।

ਜੇ ਜੁਗਨੀ ਨੂੰ ਗਾਉਣ ਵਾਲੇ ਗਾਇਕਾਂ ਦੀ ਗਲ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਕਿਸੇ ਸਮੇਂ ਕੁਲਦੀਪ ਮਾਣਕ ਵੱਲੋਂ ਗਾਈ ਜੁਗਨੀ ਕਾਫੀ ਪ੍ਰਸਿੱਧ ਹੋਈ ਸੀ। ਉਸ ਸਮੇਂ ਹਰ ਕੋਈ ਹੀ ਕਹਿੰਦਾ ਸੀ ਕਿ ਜੁਗਨੀ ਪਿੰਡਾਂ ਦੀ, ਜੁਗਨੀ ਸ਼ਹਿਰਾਂ ਦੀ , ਜੁਗਨੀ ਮਿੱਤਰਾਂ ਦੀ। ਇਸ ਤੋਂ ਬਾਅਦ ਹੋਰ ਵੀ ਕਈ ਗਾਇਕਾਂ ਨੇ ਜੁਗਨੀ ਗਾਈ, ਇਸੇ ਤਰਾਂ ਸੁਰਜੀਤ ਬਿੰਦਰਖੀਏ ਨੇ ਵੀ ਜੁਗਨੀ ਗਾਈ ਜੋ ਕਿ ਕਾਫੀ ਹਿਟ ਰਹੀ। ਇਸ ਤੋਂ ਇਲਾਵਾ ਜੁਗਨੀ ਗਾਉਣ ਦਾ ਹਾਲ ਇਹ ਹੋ ਗਿਆ ਸੀ ਕਿ ਹਰ ਦੁੱਕੀ ਤਿੱਕੀ ਹੀ ਉਠ ਕੇ ਜੁਗਨੀ ਗਾਉਣ ਲੱਗ ਪੈਂਦਾ ਸੀ ਜਿਸ ਕਰਕੇ ਲੋਕਾਂ ਨੂੰ ਸਵਾਦ ਨਹੀਂ ਸੀ ਆਉਂਦਾ ਪਰ ਫਿਰ ਵੀ ਪ੍ਰਸਿੱਧ ਗਾਇਕਾਂ (**ਬਾਕੀ ਸਫ਼ਾ** 31 ’ਤੇ)

## ਜੁਗਨੀ ਬਨਾਮ ਸੋਹਣੀ ਮੁਟਿਆਰ



ਕਈ ਵਾਰ ਜੁਗਨੀ ਤੋਂ ਸੋਹਣੀ ਮੁਟਿਆਰ ਦਾ ਭਾਵ ਵੀ ਲੈ ਲਿਆ ਜਾਂਦਾ ਹੈ, ਕਾਫ਼ੀ ਗਾਇਕਾਂ ਨੇ ਇਸ ਭਾਵ ਵਿੱਚ ਵੀ ਗਾਇਆ ਹੈ। ਰਾਤ ਨੂੰ ਉੱਡਦੇ ਹੋਏ ਰੋਸ਼ਨੀ ਬਿਖ਼ੇਰਨ ਵਾਲੇ ਜੀਵ ਜੁਗਨੂੰ ਦੀ ਮਾਦਾ ਨੂੰ ਵੀ ਕਈ ਜੁਗਨੀ ਕਹਿ ਦਿੰਦੇ ਹਨ। ਮਰਦ ਅਤੇ ਔਰਤਾਂ ਜੁਗਨੀ ਨੂੰ ਇੱਕ ਗਹਿਣੇ ਵਜੋਂ ਵੀ ਪਹਿਨਦੇ ਹਨ। ਨਾਮ ਜਪਣ ਵੇਲੇ ਹੱਥ ਨਾਲ ਫੇਰਨ ਵਾਰੀ ਤਸ਼ਬੀਹ ਨੂੰ ਵੀ ਕਈ ਵਾਰ ਜੁਗਨੀ ਕਹਿ ਲਿਆ ਜਾਂਦਾ ਹੈ।









# ਸਿੱਖਿਆ ਖਾਤਰ ਜੋ ਪਰਦੇਸੀ ਹੋਏ...

# ਸ਼ੌਂਕ ਨਹੀਂ ਮਜ਼ਬੂਰੀ ਹੈ ਵਿਦਿਆਰਥੀਆਂ ਦਾ ਪਰਵਾਸ



**ਵਿਸ਼ਵ ਦੀਆਂ ਚੋਟੀ ਦੀਆਂ 200 ਯੂਨੀਵਰਸਿਟੀਆਂ ਵਿੱਚੋਂ ਇੱਕ ਵੀ ਭਾਰਤ 'ਚ ਨਹੀਂ**

**ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਸਿੱਖਿਆ ਪ੍ਰਣਾਲੀ ਹੈ ਭਾਰਤ ਵਿੱਚ**

**ਭਾਰਤ ਤੋਂ ਵੀ ਗ਼ਰੀਬ ਮੁਲਕ ਬੰਗਲਾਦੇਸ਼ 'ਚ ਜਾ ਰਹੇ ਨੇ ਭਾਰਤੀ ਵਿਦਿਆਰਥੀ**

ਪੰਜਾਬ ਸਮੇਤ ਪੂਰੇ ਭਾਰਤ ਵਿਚੋਂ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਦੁਨੀਆਂ ਦੇ ਵੱਖ-ਵੱਖ ਮੁਲਕਾਂ 'ਚ ਸਿੱਖਿਆ ਪ੍ਰਾਪਤ ਕਰਨ ਲਈ ਜਾਂਦੇ ਹਨ। ਇਹਨਾਂ ਵਿਦਿਆਰਥੀਆਂ ਵਿੱਚ ਮੈਡੀਕਲ ਵਿਦਿਆਰਥੀ ਵੀ ਵੱਡੀ ਗਿਣਤੀ 'ਚ ਹੁੰਦੇ ਹਨ, ਜੋ ਕਿ ਐਮ.ਬੀ.ਬੀ.ਐਸ. ਤੇ ਹੋਰ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਕ ਪਾਸੇ ਤਾਂ ਭਾਰਤ ਵਿੱਚ ਸਿੱਖਿਆ ਸੰਸਥਾਵਾਂ, ਸਰਕਾਰੀ ਤੇ ਨਿੱਜੀ ਯੂਨੀਵਰਸਿਟੀਆਂ, ਮੈਡੀਕਲ ਕਾਲਜਾਂ ਦਾ ਹੜ੍ਹ ਆਇਆ ਹੋਇਆ ਹੈ, ਇਸ ਦੇ ਬਾਵਜੂਦ ਭਾਰਤ ਤੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਦੁਨੀਆਂ ਦੇ 86 ਦੇਸ਼ਾਂ 'ਚ ਜਾ ਰਹੇ ਹਨ, ਇਹਨਾਂ ਦੇਸ਼ਾਂ 'ਚ ਬੰਗਲਾਦੇਸ਼ ਵੀ ਸ਼ਾਮਲ ਹੈ। ਬੰਗਲਾਦੇਸ਼ ਦੇ ਮੁਕਾਬਲੇ ਭਾਰਤ ਕਾਫ਼ੀ ਅਮੀਰ ਮੁਲਕ ਹੈ, ਪਰ ਫਿਰ ਵੀ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਬੰਗਲਾ ਦੇਸ਼ ਵਿੱਚ ਮੈਡੀਕਲ ਸਿੱਖਿਆ ਅਤੇ ਹੋਰ ਉਚੇਰੀ ਪੜ੍ਹਾਈ ਲਈ ਜਾ ਰਹੇ ਹਨ, ਜਿਸ ਤੋਂ ਭਾਰਤ ਵਿੱਚ ਦਿੱਤੀ ਜਾਂਦੀ ਸਿੱਖਿਆ ਦੇ ਮਿਆਰ ਦਾ ਪਤਾ ਲੱਗ ਜਾਂਦਾ ਹੈ।



ਕੇਂਦਰ ਸਰਕਾਰ ਨੇ ਕੁਝ ਸਮਾਂ ਪਹਿਲਾਂ ਦੱਸਿਆ ਕਿ ਵਿਦੇਸ਼ਾਂ ਵਿੱਚ ਲਗਭਗ 12 ਲੱਖ ਭਾਰਤੀ ਵਿਦਿਆਰਥੀ ਅਧਿਐਨ ਕਰ ਰਹੇ ਹਨ, ਜੋ ਸਿੱਖਿਆ ਨਾਲ ਸਬੰਧਤ ਸਾਰੇ ਕੋਰਸਾਂ ਨੂੰ ਕਵਰ ਕਰਦੇ ਹਨ। ਇਹ ਜਾਣਕਾਰੀ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਭਾਰਤੀ ਪ੍ਰਵੀਨ ਪਵਾਰ ਨੇ ਲੋਕ ਸਭਾ ਵਿੱਚ ਐਂਟਨੀ ਐਂਟਨੀ, ਕ੍ਰਿਪਾਲ ਬਾਲਾਜੀ ਤੁਮਾਨੇ ਅਤੇ ਭਾਵਨਾ ਗਵਲੀ ਦੇ ਸਵਾਲਾਂ ਦੇ ਲਿਖਤੀ ਜਵਾਬ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 12 ਲੱਖ ਦੇ ਕਰੀਬ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ, ਜਿਨ੍ਹਾਂ ਵਿੱਚ ਸਿੱਖਿਆ ਨਾਲ ਸਬੰਧਤ ਸਾਰੇ ਕੋਰਸ ਸ਼ਾਮਲ ਹਨ। ਉਸ ਨੇ ਇਹ ਵੀ ਕਿਹਾ ਕਿ ਹਾਲਾਂਕਿ ਵਿਦੇਸ਼ਾਂ ਵਿੱਚ ਮੈਡੀਕਲ ਕੋਰਸ ਕਰ ਰਹੇ ਭਾਰਤੀ ਵਿਦਿਆਰਥੀਆਂ ਬਾਰੇ ਖਾਸ ਅੰਕੜੇ ਉਪਲਬਧ ਨਹੀਂ ਹਨ।

ਭਾਰਤ ਦੇ ਕੇਂਦਰੀ ਮੰਤਰੀ ਵੀ ਮੁਰਲੀਧਰਨ ਵੱਲੋਂ 22 ਜੁਲਾਈ ਨੂੰ ਇੱਕ ਸਵਾਲ ਦੇ ਜਵਾਬ ਵਿੱਚ ਸੰਸਦ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਕੈਨੇਡਾ ਵਿੱਚ ਸਭ ਤੋਂ ਵੱਧ 2,15,720 ਵਿਦਿਆਰਥੀ ਪੜ੍ਹ ਰਹੇ ਹਨ। ਅਮਰੀਕਾ ਵਿੱਚ ਦੋ ਲੱਖ 11 ਹਜ਼ਾਰ 930 ਵਿਦਿਆਰਥੀ ਸਨ। 92 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਆਸਟ੍ਰੇਲੀਆ ਵਿੱਚ ਅਤੇ ਲਗਭਗ 81 ਹਜ਼ਾਰ ਸਾਊਦੀ ਅਰਬ ਵਿਚ ਪੜ੍ਹ ਰਹੇ ਹਨ। 10 ਭਾਰਤੀ ਵਿਦਿਆਰਥੀ ਸੂਡਾਨ ਵਿੱਚ ਅਤੇ ਸਭ ਤੋਂ ਘੱਟ 4 ਬ੍ਰਾਜ਼ੀਲ ਵਿੱਚ ਮੌਜੂਦ ਸਨ।

ਸਰਕਾਰੀ ਅੰਕੜਿਆਂ ਅਨੁਸਾਰ ਸਾਲ 2017 'ਚ 4,54,010 ਭਾਰਤੀ ਵਿਦਿਆਰਥੀ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਲਈ ਵਿਦੇਸ਼ ਗਏ ਸਨ, ਸਾਲ 2018 'ਚ 5,18,015 ਵਿਦਿਆਰਥੀ, ਸਾਲ 2019 'ਚ 5,86,337 ਵਿਦਿਆਰਥੀ, ਸਾਲ 2020 'ਚ 2,59,655 ਵਿਦਿਆਰਥੀ, 4. ਸਾਲ 2021 ਵਿੱਚ 44,553 ਵਿਦਿਆਰਥੀ ਅਤੇ ਸਾਲ 2022 ਵਿੱਚ 7,50,365 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਸਨ।

ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਦੇ ਕੌਮਾਂਤਰੀ ਵਿਦਿਆਰਥੀਆਂ ਦੇ 2022-23 (ਅੱਧੇ ਸਾਲ ਤੱਕ ਦੇ) ਅੰਕੜਿਆਂ 'ਤੇ ਜੇਕਰ ਨਜ਼ਰ ਮਾਰੀ ਜਾਵੇ ਤੋਂ 2 ਲੱਖ 83 ਹਜ਼ਾਰ 573 ਵਿਦਿਆਰਥੀ ਵੀਜ਼ੇ ਗਰਾਂਟ ਕੀਤੇ ਗਏ ਜੋ ਕਿ ਪਿਛਲੇ ਸਾਲ 2021-22 ਦੇ ਇਸ ਸਮੇਂ ਤੱਕ ਅੰਕੜਿਆਂ ਤੋਂ 203 ਪ੍ਰਤੀਸ਼ਤ ਜ਼ਿਆਦਾ ਸਨ।

ਜਾਰੀ ਹੋਏ ਕੁਲ ਸਟੂਡੈਂਟ ਵੀਜ਼ੇ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਦੇ ਅੰਕੜਿਆਂ ਮੁਤਾਬਕ 2022-23 ਪ੍ਰੋਗਰਾਮ ਸਾਲ ਦੇ ਪਹਿਲੇ ਅੱਧ ਵਿੱਚ, ਵੀਜ਼ਾ ਗਰਾਂਟ ਲਈ ਚੋਟੀ ਦੇ ਪੰਜ ਦੇਸ਼ ਵਿੱਚ ਭਾਰਤ ਤੋਂ 52 ਹਜ਼ਾਰ 159, ਚੀਨ ਤੋਂ 42 ਹਜ਼ਾਰ 742, ਨੇਪਾਲ 21 ਹਜ਼ਾਰ 587, ਕੋਲੰਬੀਆ ਤੋਂ 18 ਹਜ਼ਾਰ 318 ਅਤੇ ਬ੍ਰਾਜ਼ੀਲ 12 ਹਜ਼ਾਰ 745 ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ ਗਏ।

### ਅਮਰੀਕਾ ਅਤੇ ਕੈਨੇਡਾ ਵਿੱਚ 55% ਭਾਰਤੀ ਵਿਦਿਆਰਥੀ

ਸਰਕਾਰੀ ਅੰਕੜਿਆਂ ਅਨੁਸਾਰ ਵਿਦੇਸ਼ਾਂ ਵਿੱਚ ਪੜ੍ਹ ਰਹੇ 553440 ਭਾਰਤੀ ਵਿਦਿਆਰਥੀਆਂ ਵਿੱਚੋਂ 206708 ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਹਨ, ਜੋ ਕਿਸੇ ਵੀ ਦੇਸ਼ ਲਈ ਸਭ ਤੋਂ ਵੱਧ ਹੈ। ਕੈਨੇਡਾ 100000 ਵਿਦਿਆਰਥੀਆਂ ਦੇ ਨਾਲ ਸੂਚੀ ਵਿੱਚ ਦੂਜੇ ਸਥਾਨ 'ਤੇ ਹੈ ਜਦਕਿ ਆਸਟ੍ਰੇਲੀਆ 63283 ਵਿਦਿਆਰਥੀਆਂ ਨਾਲ ਤੀਜੇ ਸਥਾਨ 'ਤੇ ਹੈ। ਇਹ ਸਿਰਫ 3 ਦੇਸ਼ ਹਨ ਜਿਨ੍ਹਾਂ ਵਿੱਚ 50000 ਤੋਂ ਵੱਧ ਭਾਰਤੀ ਵਿਦਿਆਰਥੀ ਹਨ ਅਤੇ ਇਹ ਵਿਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦਾ 2/3 ਹਿੱਸਾ ਹਨ। ਦੱਸਣਯੋਗ ਹੈ ਕਿ ਅਮਰੀਕਾ ਅਤੇ ਯੂ.ਕੇ. ਦੇ ਅੰਕੜੇ 2015-16 ਦੇ ਹਨ।ਵਿਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀ ਸਿਖਰਲੇ ਦੇਸ਼ਾਂ ਵਿੱਚ ਹਨ।

### ਭਾਰਤੀ ਵਿਦਿਆਰਥੀ ਕਿਉਂ ਜਾਂਦੇ ਹਨ ਵਿਦੇਸ਼ ?

ਪ੍ਰਚਾਰ ਕੰਪਨੀ 'ਲੰਡਨ ਐਂਡ ਪਾਰਟਨਰਸ' ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਬ੍ਰਿਟੇਨ ਦੀ ਅਰਥਵਿਵਸਥਾ 'ਚ ਭਾਰਤੀ ਵਿਦਿਆਰਥੀਆਂ ਦਾ ਯੋਗਦਾਨ ਚੀਨ ਅਤੇ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਹਰ ਸਾਲ 4.5 ਲੱਖ ਤੋਂ ਵੱਧ ਚੀਨੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾ ਰਹੇ ਹਨ। ਚੀਨ ਤੋਂ ਬਾਅਦ ਭਾਰਤ ਦਾ ਸਥਾਨ ਹੈ, ਜਿੱਥੇ ਇਹ ਅੰਕੜਾ ਤਿੰਨ ਲੱਖ ਤੱਕ ਪਹੁੰਚ ਗਿਆ ਹੈ।

ਇੱਕ ਹੋਰ ਵੱਡਾ ਕਾਰਨ ਮਹਿੰਗਾਈ ਹੈ, ਜੋ ਵਿਦਿਆਰਥੀਆਂ ਨੂੰ ਯੂਕਰੇਨ ਵਰਗੇ ਛੋਟੇ ਦੇਸ਼ਾਂ ਵਿੱਚ ਜਾਣ ਲਈ ਮਜਬੂਰ ਕਰਦੀ ਹੈ। ਅਮਰੀਕਾ 'ਚ ਡਾਕਟਰੀ ਦੀ ਪੜ੍ਹਾਈ ਕਰਨ ਲਈ 18 ਤੋਂ 30 ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਬ੍ਰਿਟੇਨ ਦੀ ਕਿਸੇ ਚੰਗੀ ਯੂਨੀਵਰਸਿਟੀ ਤੋਂ ਡਾਕਟਰੀ ਦੀ ਪੜ੍ਹਾਈ ਕਰਨ ਲਈ 20 ਤੋਂ 25 ਲੱਖ ਰੁਪਏ ਲੱਗਦੇ ਹਨ। ਲੈਸਟਰ ਯੂਨੀਵਰਸਿਟੀ ਵਿਦੇਸ਼ੀ ਵਿਦਿਆਰਥੀਆਂ ਤੋਂ 12 ਲੱਖ ਰੁਪਏ ਸਾਲਾਨਾ ਵਸੂਲਦੀ ਹੈ। ਇਸ ਦੇ ਉਲਟ ਭਾਰਤ ਵਿੱਚ ਜੇਕਰ ਇੱਕ ਵਿਦਿਆਰਥੀ ਨੂੰ ਸਰਕਾਰੀ ਕਾਲਜ ਵਿੱਚ ਦਾਖਲਾ ਨਹੀਂ ਮਿਲਦਾ ਤਾਂ 1 ਤੋਂ 1.5 ਕਰੋੜ ਵਿੱਚ ਵੀ ਇੱਕ ਪ੍ਰਾਈਵੇਟ ਕਾਲਜ ਵਿੱਚ ਸੀਟ ਮਿਲਣੀ ਮਾਣ ਵਾਲੀ ਗੱਲ ਹੋਵੇਗੀ। ਜਦੋਂ ਕਿ ਯੂਕਰੇਨ, ਚੀਨ, ਰੂਸ, ਜਾਰਜੀਆ ਆਦਿ ਵਿੱਚ ਵੱਧ ਤੋਂ ਵੱਧ 17 ਲੱਖ ਤੋਂ 45 ਲੱਖ ਰੁਪਏ ਤੱਕ ਦਾ ਕੰਮ ਕੀਤਾ ਜਾਂਦਾ ਹੈ।

### 86 ਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀ



ਸਰਕਾਰੀ ਅੰਕੜਿਆਂ ਅਨੁਸਾਰ ਕੁੱਲ 86 ਦੇਸ਼ ਅਜਿਹੇ ਹਨ ਜਿੱਥੇ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਵਿਚੋਂ 36 ਏਸ਼ੀਆ ਤੋਂ, 32 ਯੂਰਪ ਤੋਂ, 8 ਅਫਰੀਕਾ ਤੋਂ, 6 ਦੱਖਣੀ ਅਮਰੀਕਾ ਤੋਂ ਅਤੇ 2 ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਤੋਂ ਹਨ। 50% ਤੋਂ ਵੱਧ ਭਾਰਤੀ ਵਿਦਿਆਰਥੀ ਉੱਤਰੀ ਅਮਰੀਕਾ ਵਿੱਚ ਪੜ੍ਹਦੇ ਹਨ। 90000 ਤੋਂ ਵੱਧ ਭਾਰਤੀ ਵਿਦਿਆਰਥੀ ਏਸ਼ੀਆ ਦੇ ਨਾਲ-ਨਾਲ ਆਸਟ੍ਰੇਲੀਆ ਵਿੱਚ ਪੜ੍ਹਦੇ ਹਨ। ਭਾਵੇਂ ਭਾਰਤੀ ਵਿਦਿਆਰਥੀ ਯੂਰਪ ਦੇ 32 ਵੱਖ-ਵੱਖ ਦੇਸ਼ਾਂ ਵਿੱਚ ਹਨ, ਪਰ ਉਨ੍ਹਾਂ ਦੀ ਗਿਣਤੀ ਸਿਰਫ਼ 52116 ਹੈ।

### ਅਧਿਐਨ ਦੀ ਗੁਣਵੱਤਾ

ਇੱਕ ਹੋਰ ਕਾਰਕ ਜੋ ਭਾਰਤੀ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਨ ਲਈ ਉਤਸ਼ਾਹਿਤ ਕਰ ਰਿਹਾ ਹੈ ਉਹ ਹੈ ਸਿੱਖਿਆ ਦੀ ਗੁਣਵੱਤਾ। ਯੂਨੈਸਕੋ ਦੀ ਪਿਛਲੇ ਸਾਲ ਦੀ ਸਾਇੰਸ ਰਿਪੋਰਟ ਅਨੁਸਾਰ ਭਾਰਤ ਵਿੱਚ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਦੀ ਸਿੱਖਿਆ ਦੀ ਗੁਣਵੱਤਾ ਬਹੁਤ ਚਿੰਤਾ ਦਾ ਵਿਸ਼ਾ ਹੈ। ਇਸ ਰਿਪੋਰਟ ਦੇ ਅਨੁਸਾਰ, 2019 ਵਿੱਚ ਸਿਰਫ 47 ਪ੍ਰਤੀਸ਼ਤ ਵਿਦਿਆਰਥੀ ਰੁਜ਼ਗਾਰ ਯੋਗ ਸਨ। ਯਾਨੀ ਅੱਧੇ ਤੋਂ ਵੱਧ ਵਿਦਿਆਰਥੀ ਅਜਿਹੇ ਸਨ ਜਿਨ੍ਹਾਂ ਨੂੰ ਪੜ੍ਹਾਈ ਕਰਨ ਦੇ ਬਾਵਜੂਦ ਨੌਕਰੀ ਕਰਨ ਦਾ ਗਿਆਨ ਨਹੀਂ ਹੈ।

### ਚੰਗੇ ਵਿਸ਼ਿਆਂ ਦਾ ਅਧਿਐਨ

ਇਸ ਨਾਲ ਜੁੜਿਆ ਇੱਕ ਮੁੱਦਾ ਚੰਗੇ ਵਿਸ਼ਿਆਂ ਦਾ ਅਧਿਐਨ ਵੀ ਹੈ। ਭਾਰਤੀ ਸਿੱਖਿਆ ਪ੍ਰਣਾਲੀ ਅਜੇ ਵੀ ਰਵਾਇਤੀ ਵਿਸ਼ਿਆਂ ਦੁਆਲੇ ਕੇਂਦਰਿਤ ਹੈ। ਕੇਂਦਰ ਸਰਕਾਰ ਮੁਤਾਬਕ ਭਾਰਤ ਵਿੱਚ 1000 ਤੋਂ ਵੱਧ ਯੂਨੀਵਰਸਿਟੀਆਂ ਹਨ ਪਰ ਇਨ੍ਹਾਂ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ੇ ਸਿਰਫ਼ ਆਮ ਹਨ। ਜਿਸ ਤਰ੍ਹਾਂ ਨੌਕਰੀਆਂ ਲਈ ਹੁਨਰ ਦੀਆਂ ਲੋੜਾਂ ਬਦਲੀਆਂ ਹਨ, ਭਾਰਤ ਵਿੱਚ ਸਿੱਖਿਆ ਵਿੱਚ ਉਸੇ ਤਰ੍ਹਾਂ ਬਦਲਾਅ ਨਹੀਂ ਆਇਆ ਹੈ। ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚੋਂ, 522 ਜਨਰਲ ਹਨ, 177 ਤਕਨੀਕੀ ਹਨ, 63 ਖੇਤੀਬਾੜੀ ਯੂਨੀਵਰਸਿਟੀਆਂ ਹਨ, 66 ਮੈਡੀਕਲ ਯੂਨੀਵਰਸਿਟੀਆਂ ਹਨ, 23 ਲਾਅ ਸਕੂਲ ਹਨ, ਜਦੋਂ ਕਿ 12 ਸੰਸਕ੍ਰਿਤ ਯੂਨੀਵਰਸਿਟੀਆਂ ਹਨ।

'ਹਾਇਰ ਐਜੂਕੇਸ਼ਨ ਐਬਰੋਡ' 'ਤੇ ਆਪਣੀ ਤਾਜ਼ਾ ਰਿਪੋਰਟ ਵਿੱਚ, ਸਲਾਹਕਾਰ ਫਰਮ ਰੈਡਸੀਰ ਨੇ ਅੰਦਾਜ਼ਾ ਲਗਾਇਆ ਹੈ ਕਿ 2024 ਤੱਕ, ਲਗਭਗ 20 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹੋਣਗੇ। ਰਿਪੋਰਟ 'ਚ ਪਾਇਆ ਗਿਆ ਕਿ ਇਹ ਗਿਣਤੀ ਲਗਾਤਾਰ ਵਧ ਰਹੀ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਦੇਸ਼ਾਂ 'ਚ ਪੜ੍ਹਾਈ ਕਰਨ ਜਾਣਾ ਭਾਰਤੀ ਵਿਦਿਆਰਥੀਆਂ ਦਾ ਸ਼ੌਂਕ ਨਹੀਂ ਸਗੋਂ ਇੱਕ ਮਜਬੂਰੀ ਬਣ ਰਿਹਾ ਹੈ। ਭਾਰਤ ਵਿੱਚ ਹਰ ਤਰਾਂ ਦੀ ਸਿੱਖਿਆ ਏਨੀ ਜਿਆਦਾ ਮਹਿੰਗੀ ਹੈ ਕਿ ਇਹ ਹੁਣ ਆਮ ਵਰਗ ਦੇ ਵਿਦਿਆਰਥੀਆਂ ਤੋਂ ਦੂਰ ਹੁੰਦੀ ਜਾ ਰਹੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿੱਚ ਹੀ ਸਿਖਿਆ ਹਰ ਵਰਗ ਦੇ ਲੋਕਾਂ ਲਈ ਸਸਤੇ ਰੂਪ ਵਿੱਚ ਮੁਹਾਈਆ ਕਰਵਾਏ ਤਾਂ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਸਿਖਿਆ ਲਈ ਪਰਦੇਸੀ ਨਾ ਹੋਣਾ ਪਵੇ।





# ਕੈਨੇਡਾ ’ਚ ਪ੍ਰਵਾਸੀਆਂ ਲਈ ਵਧ ਰਹੀਆਂ ਨੇ ਸਮੱਸਿਆਵਾਂ

ਪ੍ਰਿੰਸੀਪਲ ਵਿਜੈ ਕੁਮਾਰ

ਕੈਨੇਡਾ ਵਿੱਚ ਵੇਖਣ ਨੂੰ ਇਹ ਮਿਲਦਾ ਹੈ ਕਿ ਇੱਥੇ ਉਨ੍ਹਾਂ ਦੇਸ਼ਾਂ ਦੇ ਲੋਕ ਹੀ ਆ ਕੇ ਰਹਿੰਦੇ ਹਨ ਜਿਨ੍ਹਾਂ ਦੀ ਆਰਥਿਕ ਦਸ਼ਾ ਚੰਗੀ ਜ਼ਿੰਦਗੀ ਜਿਊਣ ਦੇ ਮੇਚ ਦੀ ਨਹੀਂ। ਕੈਨੇਡਾ ਵਿੱਚ ਜ਼ਿਆਦਾਤਰ ਭਾਰਤ, ਪਾਕਿਸਤਾਨ, ਚੀਨ, ਨਾਈਜੀਰੀਆ, ਮੈਕਸਿਕੋ, ਕੋਰੀਆ ਅਤੇ ਹੋਰ ਛੋਟੇ-ਮੋਟੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਇੱਥੇ ਸਾਡੇ ਦੇਸ਼ ਦੇ ਲੰਬੇ ਸਮੇਂ ਤੋਂ ਰਹਿੰਦੇ ਲੋਕ ਆਰਥਿਕ ਪੱਖੋਂ ਬਹੁਤ ਸੌਖੇ ਹਨ ਤੇ ਮਿਆਰੀ ਜ਼ਿੰਦਗੀ ਬਸਰ ਕਰ ਰਹੇ ਹਨ।

ਜਿਨ੍ਹਾਂ ਪੰਜਾਬੀਆਂ ਦਾ ਦੁੱਧ, ਦਹੀਂ, ਮੱਖਣ, ਹੋਟਲ, ਸਟੋਰਾਂ, ਟਰੱਕਾਂ, ਟੈਕਸੀਆਂ ਅਤੇ ਸੈਲੂਨਾਂ ਦਾ ਕਾਰੋਬਾਰ ਹੈ, ਉਹ ਲੋਕ ਪੜ੍ਹਾਈ ਦੇ ਬਹਾਨੇ ਰੁਜ਼ਗਾਰ ਦੀ ਭਾਲ ਵਿੱਚ ਆਏ ਸਾਡੇ ਦੇਸ਼ ਦੇ ਮੁੰਡੇ-ਕੁੜੀਆਂ ਲਈ ਵਰਦਾਨ ਹਨ ਕਿਉਂਕਿ ਇਹ ਉਨ੍ਹਾਂ ਨੂੰ ਸੌਖੇ ਹੀ ਰੁਜ਼ਗਾਰ ਦੇ ਦਿੰਦੇ ਹਨ। ਇਸ ਮੁਲਕ ਵਿੱਚ ਹਰ ਬੰਦਾ ਪ੍ਰਾਪਰਟੀ ਡੀਲਰ ਦਾ ਕੰਮ ਨਹੀਂ ਕਰ ਸਕਦਾ। ਰੀਅਲ ਅਸਟੇਟ ਦਾ ਕਾਰੋਬਾਰ ਕਰਨ ਲਈ ਇੱਥੋਂ ਦੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਜਿਨ੍ਹਾਂ ਕੋਲ ਇਸ ਦਾ ਸਰਟੀਫਿਕੇਟ ਹੁੰਦਾ ਹੈ, ਉਹੀ ਘਰ ਖ਼ਰੀਦ ਤੇ ਵੇਚ ਕੇ ਚੰਗੀ ਕਮਾਈ ਕਰਦੇ ਹਨ। ਘਰ ਖ਼ਰੀਦਣਾ ਹਰ ਬੰਦੇ ਦੇ ਵਸ ਦੀ ਗੱਲ ਨਹੀਂ ਹੈ। ਬਿਨਾਂ ਯੋਗਤਾ ਤੋਂ ਇਸ ਮੁਲਕ ਵਿੱਚ ਪਹੁੰਚਣ ਲਈ ਬਹੁਤ ਹੱਥ-ਪੈਰ ਮਾਰਨੇ ਪੈਂਦੇ ਹਨ। ਬਿਨਾਂ ਵਰਕ ਪਰਮਿਟ ਤੋਂ ਇਸ ਮੁਲਕ ਵਿੱਚ ਕੰਮ ਨਹੀਂ ਮਿਲਦਾ। ਸੁਣਿਆ ਇਹ ਵੀ ਹੈ ਕਿ ਇੱਥੋਂ ਦੇ ਚੰਗੇ ਕਾਰੋਬਾਰੀ ਵਰਕ ਪਰਮਿਟ ਲਈ ਬੰਦੇ ਦੀ ਲੋੜ ਹੈ, ਲਿਖ ਕੇ ਦੇਣ ਲਈ ਮੁੰਡਿਆਂ-ਕੁੜੀਆਂ ਤੋਂ ਹਜ਼ਾਰਾਂ ਡਾਲਰ ਲੈਂਦੇ ਹਨ।

ਲੁਕ-ਛਿਪ ਕੇ ਕੰਮ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ। ਪੱਕੀ ਨਾਗਰਿਕਤਾ ਲੈਣ ਲਈ ਬਹੁਤ ਪਾਪੜ ਵੇਲਣੇ ਪੈਂਦੇ ਹਨ। ਪੱਕੀ ਨਾਗਰਿਕਤਾ ਲੈ ਕੇ ਆਏ ਵਿਅਕਤੀਆਂ ਨੂੰ ਵੀ ਰੁਜ਼ਗਾਰ ਪ੍ਰਾਪਤ ਕਰਨ ਲਈ ਇਸ ਮੁਲਕ ਦੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਆਈਟੀ ਸੈਕਟਰ ਵਿੱਚ ਚੰਗੀ ਯੋਗਤਾ ਰੱਖਣ ਵਾਲੇ ਬੱਚਿਆਂ ਨੂੰ ਕਾਫ਼ੀ ਚੰਗੀ ਤਨਖ਼ਾਹ ਮਿਲਦੀ ਹੈ। ਡਾਕਟਰ, ਵਕੀਲ, ਆਰਕੀਟੈਕਟ, ਬੈਂਕਰ, ਬੀਮਾ ਮਾਹਰ ਤੇ ਇੰਜੀਨੀਅਰ ਜੇਕਰ ਇਸ ਮੁਲਕ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ ਤਾਂ ਉਨ੍ਹਾਂ ਨੂੰ ਟਰੱਕਾਂ ਅਤੇ ਟੈਕਸੀਆਂ ਦੀ ਡਰਾਈਵਰੀ ਕਰਨੀ ਪੈਂਦੀ ਹੈ।





ਬਿਜਲੀ ਮਕੈਨਿਕ, ਪਲੰਬਰ, ਡਰਾਈਵਰੀ ਅਤੇ ਹੋਰ ਛੋਟੇ-ਮੋਟੇ ਧੰਦਿਆਂ ਵਿੱਚ ਕਮਾਈ ਚੰਗੀ ਹੈ। ਇੱਥੋਂ ਦੀ ਸਰਕਾਰ ਲੋਕਾਂ ਤੋਂ 15 % ਤੋਂ ਲੈ ਕੇ 33% ਤਕ ਟੈਕਸ ਲੈਂਦੀ ਹੈ। ਇਕੱਠੇ ਕੀਤੇ ਟੈਕਸ ਦੀ ਦੁਰਵਰਤੋਂ ਕਰਨ ਦੀ ਬਜਾਏ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜ਼ਿਆਦਾਤਰ ਅਦਾਇਗੀ ਕ੍ਰੈਡਿਟ ਕਾਰਡ ਨਾਲ ਹੁੰਦੀ ਹੈ ਪਰ ਟੈਕਸ ਬਚਾਉਣ ਲਈ ਨਕਦ ਪੈਸੇ ਵੀ ਲਏ ਜਾਂਦੇ ਹਨ। ਇਸ ਮੁਲਕ ਵਿਚ ਨਵੇਂ ਸਿਰੇ ਤੋਂ ਆ ਕੇ ਜ਼ਿੰਦਗੀ ਸ਼ੁਰੂ ਕਰਨ ਵਾਲੇ ਲੋਕਾਂ ਨੂੰ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਘਰ ਕਿਰਾਏ ਉੱਤੇ ਲੈ ਕੇ ਰਹਿਣਾ ਹਰ ਬੰਦੇ ਦੇ ਵਸ ਦੀ ਗੱਲ ਨਹੀਂ।



ਇਸ ਲਈ ਜ਼ਿਆਦਾਤਰ ਲੋਕਾਂ ਨੂੰ ਮਜਬੂਰਨ ਘਰਾਂ ਦੀਆਂ ਬੇਸਮੈਂਟਾਂ ਵਿੱਚ ਰਹਿਣਾ ਪੈਂਦਾ ਹੈ। ਚੰਗੀ ਜ਼ਿੰਦਗੀ ਦੇ ਸੁਪਨੇ ਪੂਰੇ ਕਰਨ ਲਈ ਲੋਕਾਂ ਨੂੰ ਲੰਬਾ ਸਮਾਂ ਸੰਘਰਸ਼ ਕਰਨਾ ਪੈਂਦਾ ਹੈ। ਦੂਜੇ ਦੇਸ਼ਾਂ ਤੋਂ ਆਉਣ ਵਾਲੀਆਂ ਚੀਜ਼ਾਂ ਵਿੱਚ ਨਾ ਮਿਲਾਵਟ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਕੁਆਲਿਟੀ ਮਾੜੀ ਹੁੰਦੀ ਹੈ ਕਿਉਂਕਿ ਇੱਥੇ ਮਿਲਾਵਟ ਵਾਲੀ ਅਤੇ ਘਟੀਆ ਚੀਜ਼ ਵਿਕਦੀ ਹੀ ਨਹੀਂ। ਪੁਰਾਣੇ ਘਰਾਂ ਨੂੰ ਬੰਗਲੇ ਕਹਿੰਦੇ ਹਨ। ਉਨ੍ਹਾਂ ਦਾ ਸਾਰਾ ਕੁਝ ਥੱਲੇ ਹੈ ਪਰ ਨਵੇਂ ਘਰਾਂ ਦੀ ਰਿਹਾਇਸ਼ ਉੱਪਰ ਹੈ, ਬਾਕੀ ਸਾਰਾ ਕੁਝ ਥੱਲੇ ਹੁੰਦਾ ਹੈ। ਘਰ ਬਣਾਉਣ ਲਈ 75% ਲੱਕੜੀ ਦੀ ਵਰਤੋਂ ਕੀਤੀ ਜਾਂਦੀ ਹੈ। ਘਰਾਂ ਦੇ ਬਾਹਰ ਤੇ ਅੰਦਰ ਸੂਰਜੀ ਬਿਜਲੀ ਦਾ ਪ੍ਰਯੋਗ ਕਾਫ਼ੀ ਕੀਤਾ ਜਾਂਦਾ ਹੈ। ਚੰਗੀ ਮਾਲੀ ਹਾਲਤ ਵਾਲੇ ਲੋਕ ਵਰਤੋਂ ਦੀਆਂ ਨਵੀਆਂ ਚੀਜ਼ਾਂ ਲੈਣ ਲਈ ਪੁਰਾਣੀਆਂ ਚੀਜ਼ਾਂ ਘਰਾਂ ਦੇ ਬਾਹਰ ਰੱਖ ਦਿੰਦੇ ਹਨ, ਜਿਨ੍ਹਾਂ ਨੂੰ ਲੋੜਵੰਦ ਲੋਕ ਲੈ ਜਾਂਦੇ ਹਨ। ਘਰਾਂ ਦੀ ਸਫ਼ਾਈ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ।

ਹਰ ਘਰ ਦੇ ਬਾਹਰ ਬੂਟਾ ਲੱਗਿਆ ਹੁੰਦਾ ਹੈ। ਬੂਟੇ ਨੂੰ ਵੇਖ ਕੇ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਘਰ ਕਿੰਨਾ ਪੁਰਾਣਾ ਹੋ ਸਕਦਾ ਹੈ। ਚਾਰੇ ਪਾਸੇ ਇੱਕੋ ਜਿਹੇ ਰੁੱਖ ਅਤੇ ਹਰਿਆਲੀ ਵਿਖਾਈ ਦੇਵੇਗੀ। ਘਰਾਂ ਵਿੱਚ ਰਸੋਈ ਤੋਂ ਲੈ ਕੇ ਸਫ਼ਾਈ ਤਕ ਸਾਰਾ ਕੰਮ ਬਿਜਲੀ ਦੇ ਉਪਕਰਨਾਂ ਨਾਲ ਹੁੰਦਾ ਹੈ। ਨਗਰ ਕੌਂਸਲ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਕੰਮ ਨਹੀਂ ਕਰਵਾਇਆ ਜਾ ਸਕਦਾ।

ਪਿੰਡ ਵੀ ਸ਼ਹਿਰਾਂ ਵਰਗੇ ਹੀ ਹਨ। ਵਿਦੇਸ਼ੀ ਲੋਕਾਂ ਦੀਆਂ ਮਾੜੀਆਂ ਆਦਤਾਂ ਨੂੰ ਵੇਖ ਕੇ ਇਸ ਦੇਸ਼ ਦੇ ਗੋਰੇ ਇਧਰ-ਉਧਰ ਜਾ ਕੇ ਵਸ ਰਹੇ ਹਨ। ਨਿਯਮ ਸਖ਼ਤ ਹਨ। ਜੁਰਮਾਨੇ ਦੀ ਰਕਮ ਕਾਫ਼ੀ ਹੁੰਦੀ ਹੈ। ਨਸ਼ੇ ਦੁਕਾਨਾਂ ’ਤੇ ਮਿਲਦੇ ਹਨ। ਵਿਗੜੇ ਹੋਏ ਬੱਚੇ ਨਸ਼ੇ ਕਰਦੇ ਹਨ। ਕੈਨੇਡਾ ਆਪਣੇ ਨਾਗਰਿਕਾਂ ਨੂੰ ਉਨ੍ਹਾਂ ਦੇ ਬੁਢਾਪੇ ਤਕ ਪੈਨਸ਼ਨ ਦੇ ਕੇ ਰੋਟੀ ਦੇਣ ਦੀ ਜ਼ਿੰਮੇਵਾਰੀ ਲੈਂਦਾ ਹੈ। ਬਾਹਰਲੇ ਦੇਸ਼ਾਂ ਤੋਂ ਆ ਕੇ ਵਸੇ ਹੋਏ ਲੋਕਾਂ ਨੂੰ ਡਾਲਰਾਂ ਦੀ ਕਮਾਈ ਦੀ ਚਮਕ ਤੇ ਲਲਕ ਹਰ ਵੇਲੇ ਦੌੜਾਈ ਰੱਖਦੀ ਹੈ। ਇਹ ਮੁਲਕ ਆਪਣੇ ਨਾਗਰਿਕਾਂ ਦਾ ਸੰਕਟ ਵੇਲੇ ਵੀ ਸਾਥ ਦਿੰਦਾ ਹੈ। ਇੱਥੋਂ ਦੇ ਡਾਲਰ ਜੇ ਇੱਥੇ ਕਮਾ ਕੇ ਇੱਥੇ ਹੀ ਖ਼ਰਚਣੇ ਹੋਣ ਤਾਂ ਸਾਡੇ ਦੇਸ਼ ਵਾਂਗ ਗੁਜ਼ਾਰਾ ਹੀ ਹੁੰਦਾ ਹੈ। ਚੰਗੇ ਗੁਜ਼ਾਰੇ ਲਈ ਪਰਿਵਾਰ ਦੇ ਸਾਰੇ ਜੀਆਂ ਨੂੰ ਕਮਾਉਣਾ ਪੈਂਦਾ ਹੈ। ਘਰਾਂ ਵਿੱਚ ਕੰਮ ਕਰਨ ਲਈ ਨੌਕਰਾਣੀ ਅਮੀਰ ਲੋਕ ਹੀ ਰੱਖ ਸਕਦੇ ਹਨ ਕਿਉਂਕਿ ਸਾਡੇ ਦੇਸ਼ ਦੀ ਤਰ੍ਹਾਂ ਉਸ ਨੂੰ ਘੱਟ ਤਨਖ਼ਾਹ ’ਤੇ ਨਹੀਂ ਰੱਖਿਆ ਜਾ ਸਕਦਾ। ਇੱਥੋਂ ਦੇ ਬੰਦੇ ਤੇ ਮੌਸਮ ਵੱਖਰੀ ਤਰ੍ਹਾਂ ਦੇ ਹਨ।





ਕੈਨੇਡਾ ਦੀ ਭੂਗੋਲਿਕ ਸਥਿਤੀ ਅਨੁਸਾਰ ਧਰੁਵ ਕੋਲ ਹੋਣ ਕਾਰਨ ਵਰਖਾ ਅਤੇ ਸਰਦੀ ਜ਼ਿਆਦਾ ਪੈਂਦੀ ਹੈ। ਹਵਾ ਵਿੱਚ ਨਮੀ ਜ਼ਿਆਦਾ ਅਤੇ ਧੁੱਪ ਵਿੱਚ ਸੇਕ ਨਾ ਹੋਣ ਕਾਰਨ ਇੱਥੋਂ ਦੇ ਲੋਕ ਡਾਕਟਰਾਂ ਦੀ ਸਲਾਹ ਨਾਲ ਵਿਟਾਮਿਨ ਖਾਂਦੇ ਹਨ। ਡਾਕਟਰੀ ਇਲਾਜ ਮਹਿੰਗਾ ਅਤੇ ਔਖਾ ਹੈ। ਬਾਹਰਲੇ ਦੇਸ਼ਾਂ ਤੋਂ ਆ ਕੇ ਵਸੇ ਕੁਝ ਪ੍ਰਤੀਸ਼ਤ ਲੋਕਾਂ ਨੂੰ ਛੱਡ ਕੇ ਲੋਕਾਂ ਨੂੰ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਆਦਤ ਹੈ।

ਸੜਕਾਂ ’ਤੇ ਪੈਦਲ ਚੱਲਣ ਵਾਲਿਆਂ ਲਈ ਵੱਖਰਾ ਰਸਤਾ ਹੈ। ਸਾਡੇ ਦੇਸ਼ ਵਾਂਗ ਕੈਨੇਡਾ ਦੇ ਨੇਤਾ ਸੁਰੱਖਿਆ ਦਸਤਿਆਂ ਨਾਲ ਨਾ ਤਾਂ ਜਨਤਕ ਥਾਂਵਾਂ ’ਤੇ ਨਜ਼ਰ ਆਉਂਦੇ ਹਨ ਤੇ ਨਾ ਹੀ ਉਦਘਾਟਨ ਕਰਦੇ ਹਨ। ਇਸ ਦੇਸ਼ ਵਿੱਚ ਸਿਆਸੀ ਜਲਸੇ-ਜਲੂਸ ਵੀ ਨਜ਼ਰ ਨਹੀਂ ਆਉਂਦੇ। ਇਹ ਲੋਕਤੰਤਰੀ ਮੁਲਕ ਹੈ। ਹਰ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਦਾ ਪ੍ਰਚਾਰ ਕਰਨ ਦਾ ਅਧਿਕਾਰ ਹੈ। ਸਰਕਾਰੀ ਮੁਲਾਜ਼ਮ ਆਪਣੇ ਅਧਿਕਾਰਾਂ ਲਈ ਹੜਤਾਲ ਕਰਦੇ ਹਨ ਪਰ ਸਾਡੇ ਦੇਸ਼ ਦੇ ਮੁਲਾਜ਼ਮਾਂ ਵਾਂਗ ਨਹੀਂ। ਲੋਕ ਕੁੱਤਿਆਂ ਨੂੰ ਘੁਮਾਉਂਦੇ ਹੋਏ ਸਾਫ਼-ਸਫ਼ਾਈ ਦਾ ਬਹੁਤ ਧਿਆਨ ਰੱਖਦੇ ਹਨ। ਜਨਤਕ ਥਾਂਵਾਂ ਦੀ ਸਾਫ਼-ਸਫ਼ਾਈ ਵੇਖਣ ਵਾਲੀ ਹੈ। ਕੁਦਰਤੀ ਸਰੋਤਾਂ ਦੀ ਨਾ ਦੁਰਵਰਤੋਂ ਕੀਤੀ ਜਾਂਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਬਰਬਾਦ ਕੀਤਾ ਜਾਂਦਾ ਹੈ। ਕੈਨੇਡਾ ਦੀ ਆਬਾਦੀ ਸਿਰਫ਼ 4 ਕੁ ਕਰੋੜ ਹੈ ਪਰ ਖੇਤਰਫਲ ਸਾਡੇ ਦੇਸ਼ ਨਾਲੋਂ 4 ਗੁਣਾ ਜ਼ਿਆਦਾ ਹੈ। ਸਾਡੇ ਦੇਸ਼ ਤੋਂ ਇਸ ਮੁਲਕ ਵਿੱਚ ਆ ਕੇ ਨੌਕਰੀ ਕਰਦੇ ਮੁੰਡਿਆਂ-ਕੁੜੀਆ ਦੇ ਬੱਚੇ ਪਾਲਣ ਲਈ ਆਏ ਬਜ਼ੁਰਗ ਪਾਰਕਾਂ ’ਚ ਤਾਸ਼ ਖੇਡਦੇ ਨਜ਼ਰ ਆਉਂਦੇ ਹਨ। ਇੱਥੋਂ ਦੇ ਵਸਨੀਕ ਗੋਰੇ 5 ਦਿਨ ਕੰਮ ਕਰਦੇ ਹਨ ਤੇ 2 ਦਿਨ ਜ਼ਿੰਦਗੀ ਦਾ ਮਜ਼ਾ ਲੈਂਦੇ ਹਨ। ਇਹ ਲੋਕ ਕੇਵਲ ਆਪਣੇ ਕੰਮ ਨਾਲ ਮਤਲਬ ਰੱਖਦੇ ਹਨ। ਸਾਡੇ ਦੇਸ਼ ਦੇ ਲੋਕਾਂ ਵਾਂਗ ਇਨ੍ਹਾਂ ਕੋਲ ਚੁਗਲੀਆਂ ਕਰਨ ਤੇ ਇਧਰ-ਉਧਰ ਦੀਆਂ ਗੱਲਾਂ ਮਾਰਨ ਦਾ ਸਮਾਂ ਨਹੀਂ ਹੁੰਦਾ। ਵਿਦੇਸ਼ਾਂ ਤੋਂ ਆ ਕੇ ਵਸੇ ਲੋਕ ਨਾ ਆਪਣੇ ਦੇਸ਼ ਜੋਗੇ ਰਹੇ ਹਨ ਤੇ ਨਾ ਹੀ ਕੈਨੇਡਾ ਜੋਗੇ। ਕਈ ਸ਼ਹਿਰਾਂ ’ਚ ਪੰਜਾਬੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਉਹ ਪੰਜਾਬ ਦੇ ਸ਼ਹਿਰ ਹੀ ਲੱਗਦੇ ਹਨ।

ਪੜ੍ਹਾਈ ਕਰਨ ਆਏ ਬੱਚੇ ਪਾਸ ਬਣਾ ਕੇ ਬੱਸਾਂ ’ਚ ਸਫ਼ਰ ਕਰਦੇ ਹਨ। ਸਕੂਲੀ ਪੜ੍ਹਾਈ ਬੱਚਿਆਂ ਦੇ ਮਾਪਿਆਂ ਉੱਤੇ ਬੋਝ ਨਹੀਂ। ਕੈਥੋਲਿਕ ਸਕੂਲਾਂ ਵਿੱਚ ਕੇਵਲ ਕੈਥੋਲਿਕ ਲੋਕਾਂ ਦੇ ਬੱਚਿਆਂ ਨੂੰ ਹੀ ਦਾਖ਼ਲਾ ਮਿਲਦਾ ਹੈ। ਪ੍ਰਾਈਵੇਟ ਸਕੂਲਾਂ ’ਚ ਅਮੀਰ ਲੋਕਾਂ ਦੇ ਬੱਚੇ ਹੀ ਪੜ੍ਹ ਸਕਦੇ ਹਨ ਕਿਉਂਕਿ ਉਨ੍ਹਾਂ ਦੀ ਫ਼ੀਸ ਮਹੀਨੇ ਦੀ ਇਕ ਹਜ਼ਾਰ ਡਾਲਰ ਹੈ। ਬੱਚੇ 14 ਸਾਲ ਦੀ ਉਮਰ ਤੋਂ ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਈਮ ਨੌਕਰੀ ਕਰਨ ਲੱਗ ਪੈਂਦੇ ਹਨ। ਕਾਲਜ ਦੀ ਪੜ੍ਹਾਈ ਬਹੁਤ ਮਹਿੰਗੀ ਹੈ। ਇਸ ਮੁਲਕ ’ਚ ਜ਼ਿਆਦਾਤਰ ਚੀਜ਼ਾਂ ਬਾਹਰਲੇ ਮੁਲਕਾਂ ਤੋਂ ਆਉਂਦੀਆਂ ਹਨ। ਇੱਥੇ ਗੰਨਾ ਤੇ ਮੱਕੀ ਦੀਆਂ ਫ਼ਸਲਾਂ ਹੁੰਦੀਆਂ ਹਨ। ਜਿਸ ਤਰ੍ਹਾਂ ਕੈਨੇਡਾ ’ਚ ਵਿਦੇਸ਼ ਵਿੱਚੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਜੇ ਉਸ ਮੁਤਾਬਕ ਲੋੜਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇੱਥੇ ਸਮੱਸਿਆਵਾਂ ਤੇ ਚੁਣੌਤੀਆਂ ਵਧਦੀਆਂ ਜਾਣਗੀਆਂ।



# ਸਰਬਤ ਦੇ ਭਲੇ ਲਈ ਸਮਰਪਿਤ ਸਿੱਖ ਸੇਵਾਦਾਰ ਦੀ ਸ਼ਹਾਦਤ

## ‘ਬੁਲਿਟ’ ਦਾ ਜਵਾਬ ‘ਬੈਲਟ’ ਰਾਹੀਂ ਦੇਣ ਵਾਲੇ ਨਾਗਰਿਕ ਲਈ ‘ਬੁਲਿਟ’ ਦੀ ਵਰਤੋਂ : ਕਾਇਰਤਾ ਦਾ ਸਿਖ਼ਰ

ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ
ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550

ਕੈਨੇਡਾ ਦੀ ਧਰਤੀ ’ਤੇ ਵੱਖਰੇ ਦੇਸ਼ ਲਈ ਰਾਇਸ਼ੁਮਾਰੀ ਦੀ ਮੰਗ ਕੋਈ ਨਵੀਂ ਗੱਲ ਨਹੀਂ। ਇੱਥੋਂ ਦੇ ਕਿਓਬੈਕ ਸੂਬੇ ਨੂੰ ਵੱਖਰਾ ਦੇਸ਼ ਬਣਾਉਣ ਦੀ ਮੰਗ ਨੂੰ ਕਦੇ ਵੀ ਸਰਕਾਰ ਨੇ ਗਲਤ ਕਰਾਰ ਨਹੀਂ ਦਿੱਤਾ ਅਤੇ ਨਾ ਹੀ ਕੋਈ ਪਾਬੰਦੀ ਲਾਈ ਹੈ। ਪਰ ਪਿਛਲੇ ਦਿਨੀਂ ਕੈਨੇਡਾ ਵਿੱਚ ਖਾਲਿਸਤਾਨੀ ਰਾਇਸ਼ੁਮਾਰੀ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿੱਖ ਆਗੂ ਅਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਨੂੰ ਕਾਇਰਤਾ ਪੂਰਨ ਢੰਗ ਨਾਲ ਕਤਲ ਕਰ ਦਿੱਤਾ ਗਿਆ। ਕੈਨੇਡੀਅਨ ਪੁਲਿਸ ਨੇ ਅਜੇ ਤੱਕ ਇਸ ਹੱਤਿਆ ਦੇ ਮਾਮਲੇ ਵਿੱਚ ਸਿੱਧੇ ਤੌਰ ’ਤੇ ਦੋਸ਼ ਆਇਦ ਨਹੀਂ ਕੀਤੇ ਅਤੇ ਨਾ ਹੀ ਅਜੇ ਤਕ ਕੋਈ ਗ੍ਰਿਫਤਾਰੀ ਹੋਈ ਹੈ। ਭਾਈ ਨਿੱਝਰ ਭਾਰਤ ਵਿੱਚ ਸੰਨ1984 ਤੋਂ ਲੈ ਕੇ ਲਗਾਤਾਰ ਸਿੱਖਾਂ ਦੇ ਕਤਲੇਆਮ ਦੇ ਖ਼ਿਲਾਫ਼, ਰਾਏ-ਸ਼ੁਮਾਰੀ ਦਾ ਤਰੀਕਾ ਅਪਣਾ ਕੇ ਸ਼ਾਂਤਮਈ ਢੰਗ ਰਾਹੀਂ ਆਵਾਜ਼ ਉਠਾ ਰਹੇ ਸਨ।

ਸਿਤਮਜ਼ਰੀਫੀ ਇਹ ਹੈ ਕਿ ‘ਬੁਲਿਟ’ ਦਾ ਜਵਾਬ ‘ਬੈਲਟ’ ਰਾਹੀਂ ਦੇਣ ਵਾਲੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਲਈ ‘ਬੁਲਿਟ’ ਦੀ ਵਰਤੋਂ ਕਰਨਾ ਕਾਇਰਤਾ ਦਾ ਸਿਖਰ ਹੈ। ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਭਾਰਸਿੰਘਪੁਰਾ ਵਿੱਚ ਜਨਮੇ ਭਾਈ ਨਿੱਝਰ 1997 ਤੋਂ ਕੈਨੇਡਾ ਰਹਿ ਰਹੇ ਸਨ, ਜਿੱਥੇ ਉਨ੍ਹਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਸੀ, ਬੇਸ਼ੱਕ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਉਹਨਾਂ ਦੇ ਸਿਰ ਦਾ 10 ਲੱਖ ਮੁੱਲ ਰੱਖਿਆ ਗਿਆ ਸੀ ਅਤੇ ਖ਼ੂੰਖਾਰ ਅੱਤਵਾਦੀ ਐਲਾਨਿਆ ਸੀ। ਭਾਈ ਹਰਦੀਪ ਸਿੰਘ ਲਗਾਤਾਰ ਇਨ੍ਹਾਂ ਦੋਸ਼ਾਂ ਨੂੰ ਨਕਾਰਦੇ ਰਹੇ ਸਨ ਅਤੇ ਕਿਸੇ ਵੀ ਅਦਾਲਤ ਵਿੱਚ ਉਨ੍ਹਾਂ ’ਤੇ ਕੋਈ ਦੋਸ਼ ਸਿੱਧ ਨਹੀਂ ਹੋਏ। ਇਸ ਦੇ ਬਾਵਜੂਦ ‘ਭਾਰਤੀ ਮੀਡੀਆ ਟ੍ਰਾਇਲ ਚਲਾ ਕੇ’ ਉਹਨਾਂ ਨੂੰ ਮਰਨ ਉਪਰੰਤ ਵੀ ‘ਦਹਿਸ਼ਤਗਰਦ’ ਸ਼ਬਦ ਨਾਲ ਸੰਬੋਧਨ ਕਰ ਰਿਹਾ ਹੈ, ਜੋ ਕਿ ਸ਼ਰਮਨਾਕ ਵਰਤਾਰਾ ਹੈ।

ਕੈਨੇਡਾ ਦੇ ਸਿੱਖ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ 4 ਸਤੰਬਰ 1914 ਨੂੰ ਕੈਨੇਡਾ ਦੇ ਗੁਰਦੁਆਰੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਉਸ ਸਮੇਂ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਦਾ, ਉਸ ਸਮੇਂ ਦੇ ਬ੍ਰਿਟਿਸ਼ ਭਾਰਤੀ ਸਰਕਾਰ ਨੇ ਖ਼ੁਫ਼ੀਆ ਏਜੰਸੀਆਂ ਤੇ ਭਾੜੇ ਦੇ ਜਾਸੂਸ ਵਿਲੀਅਮ ਹੌਪਕਿਨਸਸਨ ਦੇ ਇਸ਼ਾਰੇ ’ਤੇ, ਕੌਮ ਦੇ ਗੱਦਾਰ ਅਤੇ ਮੁਖ਼ਬਰ ਬੇਲੇ ਜਿਆਣ ਰਾਹੀਂ ਕਤਲ ਕਰਵਾਇਆ ਸੀ। 109 ਸਾਲ ਬਾਅਦ ਫਿਰ ਇਤਿਹਾਸ ਦੁਹਰਾਇਆ ਗਿਆ ਹੈ, ਜਦੋਂ ਕਿ ਗੁਰਦੁਆਰਾ ਗੁਰੂ ਨਾਨਕ ਗੁਰਦੁਆਰਾ ਸਰੀ-ਡੈਲਟਾ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਨੂੰ ਇੰਡੀਅਨ ਇੰਟੈਲੀਜੈਂਸੀ ਦੇ ਇਸ਼ਾਰੇ ’ਤੇ ਭਾੜੇ ਦੇ ਕਾਤਲਾਂ ਰਾਹੀਂ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਮਾਰ ਕੇ ਸ਼ਹੀਦ ਕਰਵਾਉਣ ਦੇ ‘ਗੰਭੀਰ ਦੋਸ਼’, ਕੈਨੇਡਾ ਵਸਦੇ ਸਿੱਖ ਭਾਈਚਾਰੇ ਵੱਲੋਂ ਲਾਏ ਗਏ ਹਨ। ਉਹ ਕੈਨੇਡਾ ਦੀ ਧਰਤੀ ’ਤੇ ਸੇਵਾ ਦੌਰਾਨ ਸ਼ਹੀਦ ਹੋਣ ਵਾਲੇ ਦੂਜੇ ਪ੍ਰਧਾਨ ਸਨ। ਗੁਰਦੁਆਰੇ ਦੀ ਸੇਵਾ ਸੰਭਾਲ ਦੇ ਪ੍ਰਸੰਗ ਵਿੱਚ ਉਨ੍ਹਾਂ ਵੱਡੇ-ਵਡੇਰਿਆਂ ਵਾਲਾ ਗੌਰਵਮਈ ਇਤਿਹਾਸ ਦੁਹਰਾਇਆ।

ਭਾਈ ਹਰਦੀਪ ਸਿੰਘ ਨਿੱਝਰ ਕੈਨੇਡਾ ਦੇ ਮੋਢੀ ਸਿੱਖ ਪ੍ਰਿੰਸੀਪਲ ਸੰਤ ਤੇਜਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ ਵਾਲੇ ਸਨ। ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ‘ਸੰਤ ਤੇਜਾ ਸਿੰਘ ਐਲਾਨਨਾਮਾ’ ਸਤਿਕਾਰ ਸਹਿਤ ਸਵੀਕਾਰ ਕੀਤਾ। ਇਸ ਤੋਂ ਇਲਾਵਾ ਕੈਨੇਡਾ



ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ।



ਸ਼ਹੀਦ ਭਾਈ ਨਿੱਝਰ ਪਰਿਵਾਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਗੋਲਡ ਮੈਡਲ ਨਾਲ ਸਨਮਾਨਤ ਕੀਤੇ ਜਾਣ ਦਾ ਦ੍ਰਿਸ਼।



ਮਨੁੱਖੀ ਅਧਿਕਾਰ ਕਾਰਕੁੰਨਾਂ, ਸਾਹਿਤਕਾਰਾਂ ਅਤੇ ਭਾਰਤੀ ਮੂਲ ਵਾਸੀਆਂ ਲਈ ਹਾਅ ਦਾ ਨਾਅਰਾ ਮਾਰਦਿਆਂ ਅਤੇ ਕੈਨੇਡਾ ਦੇ ਮੂਲਵਾਸੀਆਂ ਦਾ ਸਨਮਾਨ ਕਰਦੇ ਹੋਏ ਭਾਈ ਨਿੱਝਰ ਦੀਆਂ ਪੁਰਾਣੀਆਂ ਤਸਵੀਰਾਂ।

ਦੇ ਮੋਢੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਲਈ ਸਿਟੀ ਕੌਂਸਲ ਨਿਊ ਵੈਸਟਮਿਨਸਟਰ ਦੇ ਕੌਂਸਲਰ ਚੱਕਪੱਕਮਾਯੇਰ ਵੱਲੋਂ ਜਾਰੀ ਐਲਾਨਨਾਮੇ ਲਈ ਭਾਈ ਨਿੱਝਰ ਨੇ ਕੌਂਸਲਰ ਚੱਕਪੱਕਮਾਯੇਰ ਨੂੰ ਸਨਮਾਨ ਦਿੱਤਾ। ਦਰਅਸਲ ਭਾਈ ਮੇਵਾ ਸਿੰਘ ਲੋਪੋਕੇ ਜਿੱਥੇ ਕੈਨੇਡਾ ਦੇ ਸੁਚੇਤ ਪੱਧਰ ’ਤੇ ਪਹਿਲੇ ਸ਼ਹੀਦ ਸਨ, ਉਥੇ ਭਾਈ ਹਰਦੀਪ ਸਿੰਘ ਨਿੱਝਰ ਉਸੇ ਤਰਾਂ ਹੀ ਸੁਚੇਤ ਮਨ ਨਾਲ ਸ਼ਹੀਦੀ ਪਾਉਣ ਵਾਲੇ ਸਿੱਖ ਯੋਧੇ ਸਨ। ਇਹੀ ਕਾਰਨ ਸੀ ਕਿ ਭਾਈ ਸਾਹਿਬ ਦੀ ਸ਼ਹੀਦੀ ਮਗਰੋਂ ਉਨ੍ਹਾਂ ਦੇ ਮਾਤਾ ਪਿਤਾ, ਸੁਪਤਨੀ ਅਤੇ ਦੋਹਾਂ ਪੁੱਤਰਾਂ ਨੂੰ ‘ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਗੋਲਡ ਮੈਡਲ’ ਨਾਲ ਸਿੱਖ ਪੰਥ ਵੱਲੋਂ ਸਨਮਾਨਿਤ ਕੀਤਾ ਗਿਆ। ਭਾਈ ਸਾਹਿਬ ਦੀ ਤਸਵੀਰ ਲੰਗਰ ਹਾਲ ਸਜਾਈ ਗਈ ਅਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸ਼ਹੀਦ ਭਾਈ ਹਰਦੀਪ ਸਿੰਘ ਦੀ ਤਸਵੀਰ ਸਜਾਉਣ ਲਈ, ਸਾਂਝੇ ਤੌਰ ’ਤੇ ਪੰਥ ਵੱਲੋਂ ਮੰਗ ਕੀਤੀ ਗਈ।

ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਵਿਖੇ ਸੇਵਾਦਾਰ ਵਜੋਂ ਡਿਊਟੀ ਨਿਭਾਉਂਦਿਆਂ ਹੋਣਾ ਵੀ ਇਤਿਹਾਸਕ ਮਹੱਤਵ ਰੱਖਦਾ ਹੈ। ਡਿਊਟੀ ’ਤੇ ਜਾਨ ਦੇਣ ਵਾਲੇ ਲੋਕਾਂ ਦਾ ਇੱਥੇ ਬੇਹੱਦ ਸਤਿਕਾਰ ਹੁੰਦਾ ਹੈ। ਮਾਪਿਆਂ ਦੇ ਨੌਜਵਾਨ ਪੁੱਤਰ, ਦੋ ਪੁੱਤਰਾਂ ਦੇ ਪਿਤਾ ਅਤੇ ਇੱਕ ਸੁਚੱਜ ਜੀਵਨ ਸਾਥੀ ਨੂੰ, ‘ਪਿਤਾ ਦਿਹਾੜੇ’ ’ਤੇ, ਗੁਰਦੁਆਰਾ ਤੋਂ ਘਰ ਪਰਤਣ ਲੱਗਿਆਂ ਪਿੱਛੋਂ ਹਮਲਾ ਕਰਕੇ ਮਾਰ ਦੇਣਾ ਅੱਤ ਦਰਜੇ ਦੀ ਕਾਇਰਤਾ ਕਹੀ ਜਾ ਸਕਦੀ ਹੈ। ਭਾਈ ਨਿੱਝਰ ਜਿੱਥੇ ਕਿੱਤੇ ਵਜੋਂ ਪਲੰਬਰ ਸਨ, ਉਥੇ ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਹੱਥੀਂ ਕਿਰਤ ਕਰਕੇ ਤੇ ਸਾਥੀਆਂ ਨਾਲ ਮਿਲ ਕੇ ਵਿਸ਼ਾਲ ਹਾਲ ਬਣਾਇਆ, ਜਿਸ ਦਾ ਨਾਂ ਹੁਣ ‘ਸ਼ਹੀਦ ਭਾਈ ਹਰਦੀਪ ਸਿੰਘ ਯਾਦਗਾਰੀ ਹਾਲ’ ਰੱਖਿਆ ਗਿਆ ਹੈ। ਲਗਾਤਾਰ ਮਿਹਨਤ ਸਦਕਾ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਨੁਹਾਰ ਬਦਲ ਦਿੱਤੀ ਅਤੇ ਆਪਣੀ ਕਿਰਤ ਕਮਾਈ ਗੁਰਦੁਆਰਾ ਸਾਹਿਬ ਨੂੰ ਸਮਰਪਿਤ ਕਰ ਦਿੱਤੀ। ਕੌੜੀ ਸਚਾਈ ਹੈ ਕਿ ਜਿੱਥੇ ਆਮ ਤੌਰ ’ਤੇ ਅਹੁਦੇ ਅਤੇ ਪਦਵੀਆਂ ਵਰਤ ਕੇ ਬਹੁਤ ਸਾਰੇ ਗੁਰਦੁਆਰਾ ਪ੍ਰਬੰਧਕ ਹਿੰਦੁਸਤਾਨੀ ਜਾਂ ਪੱਛਮੀ ਸਟੇਟਾਂ ਦੇ ਸੰਦ ਬਣ ਜਾਂਦੇ ਹਨ, ਉਥੇ ਭਾਈ ਨਿੱਝਰ ਵਲੋਂ ਚਲਾਇਆ ਪ੍ਰਬੰਧ ‘ਸਿੱਖ ਸਟੇਟ’ ਦੀ ਬੁਨਿਆਦ ਵਜੋਂ ਪੰਥਕ ਅਜ਼ਾਦੀ ਦਾ ਪ੍ਰਤੀਕ ਬਣਿਆ ਹੈ। ਗੁਰੂ ਪੰਥ ਦੇ ਨਿਸ਼ਾਨ ਹੇਠ ਤੇ ਪਾਤਸ਼ਾਹੀ ਦਾਅਵੇ ਸਿੱਖ ਰਵਾਇਤ ਅਨੁਸਾਰ ਸਮੁੱਚਾ ਪ੍ਰਬੰਧ ਚਲਾਉਣ ਦੀ ਮਿਸਾਲ ਭਾਈ ਹਰਦੀਪ ਸਿੰਘ ਨਿੱਝਰ ਨੇ ਕਾਇਮ ਕੀਤੀ ਹੈ।

ਜਿਸ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਕਿਸੇ ਸਮੇਂ ਭਾਰਤੀ ਰਾਜ ਦੇ ਝੰਡੇ ਝੁਲਾਏ ਜਾਂਦੇ ਸਨ, ਉਥੇ ਇਲਾਹੀ ਪਾਤਸ਼ਾਹੀ ਅਤੇ ਸਿੱਖਾਂ ਦੀ ਖੁਦ-ਮੁਖਤਿਆਰੀ ਦੇ ਖ਼ਾਲਸਾਈ ਪਰਚਮ ਝੁਲਾਉਣ ਦਾ ਸਿਹਰਾ ਭਾਈ ਹਰਦੀਪ ਸਿੰਘ ਨਿੱਝਰ ਦੇ ਸਿਰ ਬੱਝਦਾ ਹੈ। ਉਨ੍ਹਾਂ ਨੂੰ ਦੋ ਵਾਰ ਸਰੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ। ਭਾਈ ਨਿੱਝਰ ਦੀ ਆਖਰੀ ਚੋਣ ਸਰਬਸੰਮਤੀ ਨਾਲ ਹੋਈ ਸੀ। ਉਨ੍ਹਾਂ ਗੁਰਦੁਆਰੇ ਦੀ ਸੇਵਾ ਪ੍ਰਧਾਨ ਬਣ ਕੇ ਨਹੀਂ, ਬਲਕਿ ਸੇਵਾਦਾਰ ਬਣ ਕੇ ਨਿਭਾਈ ਤੇ ਆਪਣੇ ਆਪ ਵਿੱਚ ਉਹ ਇਤਿਹਾਸ ਸਿਰਜਿਆ, ਜੋ ਅਸੀਂ ਕੇਵਲ ਇਤਿਹਾਸ ਵਿੱਚ ਸੁਣਦੇ ਹਾਂ। ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਨੂੰ, ਸੰਸਾਰ ਭਰ ਵਿੱਚ ਸਿੱਖ ਪੰਥ ਦੀ ਅਜ਼ਾਦ ਖੁਦ ਮੁਖਤਿਆਰ ਹੋਂਦ ਵਾਲੇ ਕੇਂਦਰੀ ਸਥਾਨ ਵਜੋਂ ਜਦੋਂ ਵੀ ਚੇਤੇ ਕੀਤਾ ਜਾਵੇਗਾ, ਤਾਂ ਉਸ ਵੇਲੇ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਦੀ ਬਾਤ ਪਾਈ ਜਾਇਆ ਕਰੇਗੀ।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਭਾਈ ਹਰਦੀਪ ਸਿੰਘ ਨਿੱਝਰ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨੂੰ ਮੁੱਖ ਰੱਖਣ ਦੇ ਨਾਲ-ਨਾਲ, ਕੈਨੇਡਾ ਦੇ ਮੂਲ ਵਾਸੀਆਂ ਦੀ ਮਦਦ ਲਈ ਅੱਗੇ ਹੋ ਕੇ ਹਾਅ ਦਾ ਨਾਹਰਾ ਮਾਰਦੇ ਰਹੇ। ਭਾਰਤ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਬੰਦ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ ਐਨ ਸਾਈ ਬਾਬਾ ਦੀ ਰਿਹਾਈ ਲਈ ਪਟੀਸ਼ਨਾਂ ਦਸਤਖ਼ਤ ਕਰਵਾਉਣ ਦਾ ਸਿਹਰਾ ਵੀ ਭਾਈ ਨਿੱਝਰ ਦੇ ਸਿਰ ਬੱਝਦਾ ਹੈ। ਮਨੁੱਖੀ ਹੱਕਾਂ ਦੇ ਕਾਰਕੁੰਨਾਂ ਗੌਤਮ ਨਵਲੱਖਾ, ਤੀਸਤਾ ਸੀਤਲਵਾੜ, ਰਾਣਾ ਆਯੂਬ, ਆਨੰਦ ਤਲਤੁੰਬੜੇ, ਸਟੈਨ ਸੁਆਮੀ ਅਤੇ ਅਨੇਕਾਂ ਹੋਰਨਾਂ ਬਾਰੇ ਜਦੋਂ ਵੀ ਕੋਈ ਰੋਸ ਮੁਜ਼ਾਹਰਾ ਰੱਖਿਆ ਜਾਂਦਾ, ਉਹ ਅਗ੍ਹਾਂਹ ਹੋ ਕੇ ਸ਼ਮੂਲੀਅਤ ਕਰਦੇ।

ਭਾਈ ਹਰਦੀਪ ਸਿੰਘ ਨਿੱਝਰ ਜਿੱਥੇ ਭਾਰਤੀ ਜੇਲ੍ਹਾਂ ਵਿੱਚ ਉਮਰ ਕੈਦ ਦੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਅਵਾਜ਼ ਉਠਾਉਂਦੇ, ਉਥੇ ਉਹ ਮਨੁੱਖੀ ਹੱਕਾਂ ਲਈ ਜੂਝ ਰਹੇ ਹਰ ਮੁਲਕ, ਰੰਗ, ਨਸਲ, ਧਰਮ, ਫ਼ਿਰਕੇ ਦੇ ਲੋਕਾਂ ਲਈ ਆਵਾਜ਼ ਬੁਲੰਦ ਕਰਦੇ। ਚਾਹੇ ਮਨੁੱਖੀ ਹੱਕਾਂ ਦੀ ਵਕਾਲਤ ਕਰਨ ਵਾਲੇ ਉੱਘੇ ਐਡਵੋਕੇਟ ਰੰਜਨ ਲਖਣ ਪਾਲ ਹੋਣ ਅਤੇ ਚਾਹੇ ਸਿਆਟਲ ਵਿੱਚ ਜਾਤੀ ਵਿਤਕਰੇ ਖ਼ਿਲਾਫ਼ ਮਤਾ ਲਿਆਉਣ ਵਾਲੀ ਸ਼ਾਮਾ ਸਾਵੰਤ ਹੋਵੇ, ਚਾਹੇ ਕੈਨੇਡਾ ਵਿੱਚ ਪੰਜਾਬੀ ਲਈ ਸੇਵਾਵਾਂ ਨਿਭਾਉਣ ਵਾਲੀ ਕੋਈ ਵੀ ਸਾਹਿਤ ਸਭਾ ਦੇ ਲੇਖਕ ਹੋਣ ਅਤੇ ਚਾਹੇ ਪਾਕਿਸਤਾਨ ਵਿੱਚ ਸਿੱਖ ਇਤਿਹਾਸ ਅਤੇ ਪੰਜਾਬੀ ਦੀ ਸੇਵਾ ਸੰਭਾਲ ਲਈ ਕੰਮ ਕਰ ਰਹੇ ਲਿਖਾਰੀ ਹੋਣ, ਭਾਈ ਹਰਦੀਪ ਸਿੰਘ ਨਿੱਝਰ ਅਥਾਹ ਨਿਮਰਤਾ ਸਹਿਤ, ਸਭ ਦਾ ਸਨਮਾਨ ਕਰਦੇ। ਇਸ ਰੱਬੀ ਰੂਹ ਵਲੋਂ ਨਿਸ਼ਕਾਮ ਸੇਵਾ ਅਧੀਨ ਹੋਰ ਵੀ ਬਹੁਤ ਕਾਰਜ ਕੀਤੇ ਗਏ ਹਨ, ਜੋ ਆਪਣੇ ਆਪ ਵਿੱਚ ਮਿਸਾਲ ਹਨ।

ਭਾਈ ਹਰਦੀਪ ਸਿੰਘ ਨਿੱਝਰ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਹੋਣ ਦੇ ਨਾਲ-ਨਾਲ, ਮਾਨਵੀ ਸੇਵਾਵਾਂ ਦੇ ਵੀ ਅਲੰਬਰਦਾਰ ਸਨ। ਜਿਥੇ ਇਕ ਪਾਸੇ ਉਹ ਸਿੱਖ ਸੰਘਰਸ਼ ਦੇ ਨਾਇਕ ਹਨ, ਉਥੇ ਦੂਜੇ ਪਾਸੇ ਉਹਨਾਂ ਨਿਸ਼ਕਾਮ ਸੇਵਾ ਅਧੀਨ ਬਹੁਤ ਕਾਰਜ ਕੀਤੇ ਗਏ ਹਨ। ਤਿੰਨ ਸਾਲ ਪਹਿਲਾਂ ਕੈਨੇਡਾ ਆਏ ਅੰਤਰ ਰਾਸ਼ਟਰੀ ਭਾਰਤੀ ਵਿਦਿਆਰਥੀਆਂ ਨੂੰ ਖਾਣੇ ਸਬੰਧੀ ਦਰਪੇਸ਼ ਸਮੱਸਿਆਵਾਂ ਦੇ ਮਦਦ ਨਜ਼ਰ, ਉਨ੍ਹਾਂ ਨੂੰ ਲੰਗਰ ’ਚੋ ਪੈਕ ਖਾਣਾ ਘਰ ਲਿਜਾਉਣ ਦੀ ਸ਼ੁਰੂਆਤ ਭਾਈ ਹਰਦੀਪ ਸਿੰਘ ਨਿੱਝਰ ਨੇ ਹੀ ਕਰਵਾਈ ਸੀ। ਗੁਰਦੁਆਰਾ ਸਾਹਿਬ ਅੰਦਰ ਸਿੱਖ ਰਵਾਇਤ ਅਨੁਸਾਰ ਲੋੜਵੰਦ ਲਈ ਰਿਹਾਇਸ਼, ਦਵਾ-ਦਾਰੂ ਅਤੇ ਆਰਥਿਕ ਮਦਦ ਆਦਿ ਦਾ ਪ੍ਰਬੰਧ ਕਾਇਮ ਕੀਤਾ ਸੀ। ਉਹਨਾਂ ਨੇ ਸੂਬੇ ਵਿੱਚ ਹੜ੍ਹਾਂ, ਜੰਗਲੀ ਅੱਗਾਂ ਅਤੇ ਕਰੋਨਾ ਕਾਲ ਦੌਰਾਨ ਮਾਨਵੀ ਸੇਵਾਵਾਂ ਸਭ ਤੋਂ ਮੋਹਰੀ ਰੋਲ ਨਿਭਾਇਆ।

ਬੇਸ਼ੱਕ ਭਾਰਤ ਦਾ ਗੋਦੀ ਮੀਡੀਆ ਏਜੰਸੀਆਂ ਦੇ ਇਸ਼ਾਰੇ ’ਤੇ ਭਾਈ ਹਰਦੀਪ ਸਿੰਘ ਨਿੱਝਰ ਬਾਰੇ ਜੋ ਮਰਜ਼ੀ ਲਿਖੇ, ਪਰ ਕੈਨੇਡਾ ਦੇ ਮੀਡੀਏ ਨੇ ਬਿਆਨ ਕੀਤਾ ਹੈ ਕਿ ਇਤਿਹਾਸ ਵਿੱਚ ਕਿਸੇ ਵਿਅਕਤੀ ਨੂੰ, ਉਸ ਦੇ ਮਰਨ ਉਪਰੰਤ ਹਜ਼ਾਰਾਂ ਦੀ ਤਾਦਾਦ ਵਿੱਚ ਲੋਕ ਸ਼ਰਧਾ ਦੇ ਫੁੱਲ ਭੇਟ ਕਰਨ, ਵੱਡੀ ਗੱਲ ਹੈ। ਇਸ ਤੋਂ ਇਲਾਵਾ ਕੈਨੇਡਾ ਦੇ ਮੀਡੀਏ ਨੇ ਇਹ ਗੱਲ ਵੀ ਬਿਆਨ ਕੀਤੀ ਹੈ ਕਿ ਸਿੱਖ ਭਾਈਚਾਰਾ ਭਾਈ ਨਿੱਝਰ ਦੇ ਸਾਜ਼ਿਸ਼ੀ ਢੰਗ ਨਾਲ ਕਤਲ ਪਿੱਛੇ ਵਿਦੇਸ਼ੀ ਏਜੰਸੀਆਂ, ਖਾਸ ਕਰ ਕੇ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਜਾਂਚ ਦੀ, ਕੈਨੇਡਾ ਸਰਕਾਰ ਤੋਂ ਮੰਗ ਕਰਦਾ ਹੈ, ’ਤੇ ਗੌਰ ਕਰਨੀ ਜ਼ਰੂਰੀ ਹੈ। ਗੋਦੀ ਮੀਡੀਆ ਵੱਲੋਂ ਖਾਲਸਾ ਸਕੂਲਾਂ ਦੇ ਸੰਸਥਾਪਕ ਰਿਪਦੁਮਨ ਸਿੰਘ ਮਲਿਕ ਦੇ ਪਿਛਲੇ ਸਾਲ ਹੋਏ ਕਤਲ ਵਿੱਚ, ਹਰਦੀਪ ਸਿੰਘ ਨਿੱਝਰ ਦਾ ਨਾਮ ਜੋੜਿਆ ਜਾਂਦਾ ਰਿਹਾ ਹੈ, ਪਰ ਸਥਾਨਕ ਪੁਲਿਸ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ। ਭਾਈ ਨਿੱਝਰ ਨੂੰ ਕਈ ਮਹੀਨਿਆਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸੀ, ਜਿਨ੍ਹਾਂ ਬਾਰੇ ਉਨ੍ਹਾਂ ਦਾ ਸਪੱਸ਼ਟ ਕਹਿਣਾ ਸੀ ਕਿ ਇਹ ਧਮਕੀਆਂ ਉਨ੍ਹਾਂ ਨੂੰ ਭਾਰਤੀ ਏਜੰਸੀਆਂ ਤੋਂ ਮਿਲ ਰਹੀਆਂ ਹਨ। 18 ਜੂਨ 2023 ਨੂੰ ਉਨ੍ਹਾਂ ਦੀ ਹੱਤਿਆ ਤੋਂ ਮਗਰੋਂ ਕੈਨੇਡਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਸੁਸਾਇਟੀਆਂ ਨੇ ਸਾਂਝੇ ਰੂਪ ਵਿੱਚ ਭਾਰਤੀ ਏਜੰਸੀਆਂ ਨੂੰ ਭਾਈ ਨਿੱਝਰ ਦੀ ਹੱਤਿਆ ਲਈ ਜ਼ਿੰਮੇਵਾਰ ਕਰਾਰ ਦਿੱਤਾ ਹੈ।

ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਲੀਡਰ ਜਗਮੀਤ ਸਿੰਘ ਅਤੇ ਕਈ ਹੋਰਨਾਂ ਨੇ ਵਿਦੇਸ਼ੀ ਏਜੰਸੀਆਂ ਦੀ ਦਖ਼ਲ-ਅੰਦਾਜ਼ੀ ਦੀ ਮੁਕੰਮਲ ਜਾਂਚ ਬਾਰੇ ਆਵਾਜ਼ ਉਠਾਈ ਹੈ। ਜੇ ਇੱਕ ਪਾਸੇ ਕੈਨੇਡਾ ਦੀ ਏਜੰਸੀ ਸੀਸਿਜ਼ ਭਾਈ ਹਰਦੀਪ ਸਿੰਘ ਨਿੱਝਰ ’ਤੇ ਹਮਲੇ ਦਾ ਖਦਸ਼ਾ ਪ੍ਰਗਟ ਕਰ ਰਹੇ ਸਨ, ਤਾਂ ਇਸ ਤੋਂ ਸਪੱਸ਼ਟ ਹੁੰਦਾ ਹੈ ਉਨ੍ਹਾਂ ਨੂੰ ਇਲਮ ਸੀ ਕਿ ਇਹ ਹਮਲਾ ਕਿਸ ਵੱਲੋਂ ਹੋ ਸਕਦਾ ਹੈ। ਸਵਾਲ ਇਹ ਉੱਠਦਾ ਹੈ ਕਿ ਉਨ੍ਹਾਂ ਅਜਿਹੇ ਹਮਲੇ ਨੂੰ ਰੋਕਣ ਲਈ ਕੀ ਕੀਤਾ? ਫੌਰੀ ਅਪਰਾਧਿਕ ਜਾਂਚ ਤੋਂ ਇਲਾਵਾ, ਕੈਨੇਡੀਅਨ ਖੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਨੂੰ ਇਹ ਵੀ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਭਾਰਤੀ ਖ਼ੁਫ਼ੀਆ ਅਧਿਕਾਰੀਆਂ ਦੀ ਅਪਰਾਧ ਵਿੱਚ ਕਿਹੋ ਜਿਹੀ ਭੂਮਿਕਾ ਸੀ? ਕੀ ਅਜਿਹੀਆਂ ਏਜੰਸੀਆਂ ਜਾਂ ਵਿਦੇਸ਼ੀ ਕਰਿੰਦੇ, ਹੱਤਿਆ ਮਗਰੋਂ ਦੇ ਮੀਡੀਆ ਚਿਤਰਣ ਜਾਂ ਰਾਜਨੀਤਿਕ ਪ੍ਰਚਾਰ ਨੂੰ ਪ੍ਰਭਾਵਿਤ ਕਰਨ ਵਿੱਚ ਸ਼ਾਮਲ ਹਨ?

ਕੈਨੇਡਾ ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਬਾਰੇ ਜਨਤਕ ਖੇਤਰ ਦੇ ਸਰੋਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਮਹੱਤਵਪੂਰਨ ਸਬੂਤ ਮੌਜੂਦ ਹਨ, ਜੋ ਇਹ ਸਥਾਪਿਤ ਕਰਦੇ ਹਨ ਕਿ ‘ਵਿਦੇਸ਼ੀ ਅਧਿਕਾਰੀਆਂ ਅਤੇ ਖ਼ੁਫ਼ੀਆ ਕਾਰਜਕਰਤਾਵਾਂ’ ਨੇ, ਕਈ ਦਹਾਕਿਆਂ ਤੋਂ ਕੈਨੇਡਾ ਅੰਦਰ ਮੀਡੀਆ ਆਊਟਲੇਟਾਂ ਤੱਕ ਨੂੰ ਆਪਣੀ ਰਿਪੋਰਟਿੰਗ ਨੂੰ ਪ੍ਰਭਾਵਿਤ ਕਰਨ ਲਈ ਵੱਖ-ਵੱਖ ਹੱਥਕੰਡਿਆਂ ਦੀ ਵਰਤੋਂ ਕੀਤੀ ਹੈ ਅਤੇ ਕਈ ਦਹਾਕਿਆਂ ਤੋਂ ਨਿਸ਼ਾਨੇ ਸਾਧਦਿਆਂ, ਇਸ ਨੂੰ ਹੋਰ ਵਧਾਇਆ ਹੈ। ਵੱਖ-ਵੱਖ ਰਿਪੋਰਟਾਂ ਇਹ ਦਰਸਾ ਰਹੀਆਂ ਹਨ ਕਿ ਇਹ ਸਿੱਖ ਵਿਰੋਧੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ ਹੈ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੀਮਤ ’ਤੇ ਹੋਇਆ ਹੈ। 1988 ਦੀ ਗਲੋਬ ਐਂਡ ਮੇਲ ਦੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਖ਼ੁਫ਼ੀਆ ਏਜੰਟਾਂ ਨੇ 1980 ਦੇ ਦਹਾਕੇ ਤੋਂ ਹੀ ਇਸ ਮਕਸਦ ਨੂੰ ਅੱਗੇ ਵਧਾਉਣ ਲਈ, ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਘੁਸਪੈਠ ਕਰਨ ਲਈ ਵੱਡੇ-ਵੱਡੇ ਭੁਗਤਾਨ ਕੀਤੇ ਸਨ ਅਤੇ ਮੁਖ਼ਬਰਾਂ ਅਤੇ ਭੜਕਾਊ ਲੋਕਾਂ ਦਾ ਇੱਕ ‘ਨੈਟਵਰਕ’ ਸਥਾਪਤ ਕੀਤਾ ਸੀ।

ਕੈਨੇਡੀਅਨ ਸੰਸਦ ਦੀ ਰਾਸ਼ਟਰੀ ਸੁਰੱਖਿਆ ਅਤੇ ਖ਼ੁਫ਼ੀਆ ਕਮੇਟੀ ਨੇ, ਵਿਦੇਸ਼ੀ ਦਖਲ ਨਾਲ ਸਬੰਧਿਤ ਕਈ ਰਿਪੋਰਟਾਂ ਪ੍ਰਕਾਸ਼ਿਤ (ਬਾਕੀ ਸਫ਼ਾ 30 ’ਤੇ)

# ਭਾਰਤ 'ਚ ਰਸਾਇਣਕ ਖਾਦਾਂ ਦੀ ਪ੍ਰਤੀ ਹੈਕਟੇਅਰ ਖਪਤ ਪੰਜਾਬ 'ਚ ਸਭ ਤੋਂ ਵੱਧ

## ਭਾਰਤ ਦੀ 30 ਫ਼ੀਸਦੀ ਜ਼ਮੀਨ ਰਸਾਇਣਕ ਖਾਦਾਂ ਦੀ ਵਧਦੀ ਵਰਤੋਂ ਕਾਰਨ ਬੰਜਰ ਹੋਣ ਦੇ ਕੰਢੇ

## ਖੇਤੀ 'ਚ ਰਸਾਇਣਕ ਖਾਦਾਂ ਦੀ ਵਧ ਰਹੀ ਵਰਤੋਂ ਕਾਰਨ ਵਧ ਰਿਹੈ ਮਨੁੱਖਤਾ ਲਈ ਖ਼ਤਰਾ





ਤੇਜ਼ੀ ਨਾਲ ਵੱਧ ਰਹੀ ਆਬਾਦੀ ਦੀਆਂ ਖ਼ੁਰਾਕੀ ਲੋੜਾਂ ਨੂੰ ਪੂਰਾ ਕਰਨ ਲਈ ਖੇਤੀ ਵਿੱਚ ਰਸਾਇਣਕ ਖਾਦਾਂ ਦੀ ਵੱਧ ਰਹੀ ਵਰਤੋਂ ਆਮ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪਾ ਰਹੀ ਹੈ। ਇਸ ਮੁੱਦੇ 'ਤੇ ਮਾਹਿਰਾਂ ਦੀਆਂ ਸਾਰੀਆਂ ਚਿਤਾਵਨੀਆਂ ਹੁਣ ਤੱਕ ਬੇਅਸਰ ਰਹੀਆਂ ਹਨ। ਖ਼ੁਰਾਕ ਮਾਹਿਰ ਰਸਾਇਣਕ ਖਾਦਾਂ ਦੀ ਬਜਾਏ ਜੈਵਿਕ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦੇ ਰਹੇ ਹਨ।

**ਰਸਾਇਣਕ ਖਾਦਾਂ ਤੋਂ ਵੱਧ ਰਿਹਾ ਖ਼ਤਰਾ**

ਖੇਤੀ ਵਿਗਿਆਨੀ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਨਾ ਸਿਰਫ਼ ਫ਼ਸਲ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਇਹ ਮਿੱਟੀ ਦੀ ਸਿਹਤ, ਇਸ ਤੋਂ ਪੈਦਾ ਹੋਈਆਂ ਫ਼ਸਲਾਂ ਨੂੰ ਖਾਣ ਵਾਲੇ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਦੇ ਨਾਲ-ਨਾਲ ਵਾਤਾਵਰਨ 'ਤੇ ਵੀ ਮਾੜਾ ਅਸਰ ਪਾਉਂਦੀ ਹੈ। ਇਹ ਜ਼ਹਿਰ ਅਨਾਜ ਅਤੇ ਸਬਜ਼ੀਆਂ ਰਾਹੀਂ ਲੋਕਾਂ ਦੇ ਸਰੀਰ ਵਿੱਚ ਪਹੁੰਚਣ ਕਾਰਨ ਉਹ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

**ਧਰਤੀ ਅਤੇ ਕਿਸਾਨਾਂ ਨੂੰ ਵੀ ਮਾਰ ਰਹੇ ਨੇ ਕੀਟਨਾਸ਼ਕ**

ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ ਦੀ ਰਿਪੋਰਟ ਮੁਤਾਬਕ ਭਾਰਤ ਦੀ 30 ਫੀਸਦੀ ਜ਼ਮੀਨ ਰਸਾਇਣਕ ਖਾਦਾਂ ਦੀ ਵਧਦੀ ਵਰਤੋਂ ਕਾਰਨ ਬੰਜਰ ਹੋਣ ਦੇ ਕੰਢੇ 'ਤੇ ਹੈ। ਸਾਲ 2004 ਵਿੱਚ, ਸਰਕਾਰ ਨੇ ਯੂਰੀਆ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਦਾ ਅਧਿਐਨ ਕਰਨ ਲਈ ਸੁਸਾਇਟੀ ਫਾਰ ਕੰਜ਼ਰਵੇਸ਼ਨ ਆਫ਼ ਨੇਚਰ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਯੂਰੀਆ ਨੂੰ ਧਰਤੀ ਦੀ ਸਿਹਤ ਲਈ ਘਾਤਕ ਵੀ ਕਿਹਾ ਸੀ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਮਦਦ ਨਾਲ ਖੇਤੀ ਦੀ ਸ਼ੁਰੂਆਤ ਯੂਰਪ ਵਿੱਚ ਉਦਯੋਗਿਕ ਕ੍ਰਾਂਤੀ ਦੇ ਨਾਲ ਸ਼ੁਰੂ ਹੋਈ ਸੀ। ਇਸ ਦਾ ਮਕਸਦ ਘੱਟ ਜ਼ਮੀਨ 'ਤੇ ਵੱਧ ਝਾੜ ਪ੍ਰਾਪਤ ਕਰਨਾ ਸੀ। ਬਾਅਦ ਵਿੱਚ ਵਿਕਾਸਸ਼ੀਲ ਦੇਸ਼ ਵੀ ਉਦਯੋਗੀਕਰਨ ਅਤੇ ਆਧੁਨਿਕ ਖੇਤੀ ਨੂੰ ਵਿਕਾਸ ਦਾ ਸਮਾਨਾਰਥੀ ਮੰਨਣ ਲਗੇ। ਰਸਾਇਣਕ ਖਾਦਾਂ ਦੀ ਖਪਤ ਵਧਣ ਨਾਲ ਜਿੱਥੇ ਲਾਗਤ ਵਧੀ ਹੈ, ਉਥੇ ਦੂਜੇ ਪਾਸੇ ਉਤਪਾਦਕਤਾ ਘਟਣ ਕਾਰਨ ਕਿਸਾਨਾਂ ਦਾ ਮੁਨਾਫ਼ਾ ਵੀ ਘਟਿਆ ਹੈ।

ਯੂਰੀਆ ਦੀ ਜ਼ਿਆਦਾ ਵਰਤੋਂ ਨੇ ਨਾਈਟ੍ਰੋਜਨ ਚੱਕਰ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਾਈਟ੍ਰੋਜਨ ਵਿਗੜਨ ਦਾ ਮਾੜਾ ਪ੍ਰਭਾਵ ਸਿਰਫ਼ ਮਿੱਟੀ ਅਤੇ ਪਾਣੀ ਤੱਕ ਹੀ ਸੀਮਤ ਨਹੀਂ ਰਿਹਾ। ਨਾਈਟਰਸ ਆਕਸਾਈਡ ਦੇ ਰੂਪ ਵਿੱਚ ਇੱਕ ਗ੍ਰੀਨਹਾਊਸ ਗੈਸ ਵੀ ਹੈ ਅਤੇ ਵਿਸ਼ਵ ਜਲਵਾਯੂ ਪਰਿਵਰਤਨ ਵਿੱਚ ਇੱਕ ਵੱਡਾ ਯੋਗਦਾਨ ਹੈ।

ਕੇਂਦਰੀ ਰਸਾਇਣ ਅਤੇ ਖਾਦ ਮੰਤਰਾਲੇ ਦੀ ਰਿਪੋਰਟ ਅਨੁਸਾਰ 1950-51 ਵਿੱਚ ਭਾਰਤੀ ਕਿਸਾਨਾਂ ਨੇ ਸਿਰਫ਼ ਸੱਤ ਲੱਖ ਟਨ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਸੀ। ਇਹ ਹੁਣ ਕਈ ਗੁਣਾ ਵਧ ਕੇ 335 ਲੱਖ ਟਨ ਹੋ ਗਈ ਹੈ। ਵਿਦੇਸ਼ਾਂ ਤੋਂ ਰਸਾਇਣਕ ਖਾਦ 75 ਲੱਖ ਟਨ ਦਰਾਮਦ ਕੀਤੀ ਜਾਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਰਸਾਇਣਕ ਖਾਦਾਂ ਦੀ ਵੱਧ ਰਹੀ ਵਰਤੋਂ ਕਾਰਨ ਉਤਪਾਦਨ ਵਧਿਆ ਹੈ। ਪਰ ਇਸ ਦੇ ਨਾਲ ਹੀ ਖੇਤੀ ਅਤੇ ਵਾਤਾਵਰਨ 'ਤੇ ਵੀ ਇਸ ਦਾ ਮਾੜਾ ਅਸਰ ਪਿਆ ਹੈ।ਇੰਟਰਨੈਸ਼ਨਲ ਪੱਧਰ ਉਪਰ ਸਨਮਾਨਿਤ ਖੇਤੀ ਵਿਗਿਆਨੀ ਪ੍ਰੋਫੈਸਰ ਦਲਜੀਤ ਸਿੰਘ ਵਿਰਕ ਯੂਕੇ ਦਾ ਕਹਿਣਾ ਹੈ ਕਿ ਜੇਕਰ ਰਸਾਇਣਕ ਖਾਦਾਂ ਦੀ ਵਰਤੋਂ ਵਿੱਚ ਕਟੌਤੀ ਨਾ ਕੀਤੀ ਗਈ ਤਾਂ ਇਸ ਦੇ ਮਨੁੱਖੀ ਜੀਵਨ 'ਤੇ ਬਹੁਤ ਮਾੜੇ ਪ੍ਰਭਾਵ ਪੈਣਗੇ। ਉਨ੍ਹਾਂ ਅਨੁਸਾਰ ਅਨਾਜ ਦੇ ਉਤਪਾਦਨ ਵਿੱਚ ਵਾਧੇ ਦੀ ਮੌਜੂਦਾ ਦਰ ਨਾਲ ਸਾਲ 2025 ਤੱਕ ਭਾਰਤ ਦੀ ਆਬਾਦੀ ਦਾ ਢਿੱਡ ਭਰਨਾ ਮੁਸ਼ਕਲ ਹੋ ਜਾਵੇਗਾ। ਇਸ ਦੇ ਲਈ ਮੌਜੂਦਾ 253 ਮੀਟ੍ਰਿਕ ਟਨ ਅਨਾਜ ਉਤਪਾਦਨ ਨੂੰ ਵਧਾ ਕੇ 300 ਮੀਟ੍ਰਿਕ ਟਨ ਤੋਂ ਪਾਰ ਲਿਜਾਣਾ ਹੋਵੇਗਾ।

ਪਿਛਲੇ ਪੰਜ ਸਾਲਾਂ ਦੌਰਾਨ ਦੇਸ਼ ਵਿੱਚ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਵੀ ਵਾਧਾ ਹੋਇਆ ਹੈ। ਸਾਲ 2015-16 ਦੌਰਾਨ ਜਿੱਥੇ ਦੇਸ਼ ਵਿੱਚ ਕਰੀਬ 57 ਹਜ਼ਾਰ ਮੀਟ੍ਰਿਕ ਟਨ ਅਜਿਹੇ ਕੀਟਨਾਸ਼ਕਾਂ ਦੀ ਵਰਤੋਂ ਹੋਈ ਸੀ, ਉੱਥੇ ਹੁਣ ਇਹ ਗਿਣਤੀ ਵਧ ਕੇ 65 ਹਜ਼ਾਰ ਮੀਟ੍ਰਿਕ ਟਨ ਦੇ ਕਰੀਬ ਹੋਣ ਦੀ ਸੰਭਾਵਨਾ ਹੈ।

ਇਸ ਮਾਮਲੇ ਵਿੱਚ ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਸਭ ਤੋਂ ਉੱਪਰ ਹਨ। ਪੰਜਾਬ ਦੇ ਕਿਸਾਨ ਫਸਲਾਂ ਦਾ ਵੱਧ ਝਾੜ ਲੈਣ ਲਈ ਅੰਨ੍ਹੇਵਾਹ ਖਾਦਾਂ ਦੀ ਵਰਤੋਂ ਕਰ ਰਹੇ ਹਨ। ਪੰਜਾਬ ਨੇ ਖਾਦਾਂ ਇਸਤੇਮਾਲ ਕਰਨ ਦੇ ਰਿਕਾਰਡ ਤੋੜ ਦਿੱਤੇ ਹਨ। ਖੇਤੀ ਮੰਤਰਾਲੇ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਪੰਜਾਬ ਖਾਦਾਂ ਵਰਤਣ ਵਿੱਚ ਦੇਸ਼ ਭਰ 'ਚ ਨੰਬਰ ਵਨ ਹੈ। ਰਿਪੋਰਟ ਮੁਤਾਬਕ ਫ਼ਸਲਾਂ ਦੇ ਵੱਧ ਝਾੜ ਨੂੰ ਬਰਕਰਾਰ ਰੱਖਣ ਲਈ ਪੰਜਾਬ ਵਿੱਚ ਪਿਛਲੇ 5 ਸਾਲਾਂ ਤੋਂ ਰਸਾਇਣਕ ਖਾਦਾਂ ਦੀ ਵਰਤੋਂ ਔਸਤਨ 240 ਕਿਲੋ ਪ੍ਰਤੀ ਹੈਕਟੇਅਰ ਹੋ ਰਹੀ ਹੈ। ਇਸ ਤਰ੍ਹਾਂ ਭਾਰਤ ਵਿਚ ਰਸਾਇਣਕ ਖਾਦਾਂ ਦੀ ਪ੍ਰਤੀ ਹੈਕਟੇਅਰ ਖ਼ਪਤ ਪੰਜਾਬ ਵਿੱਚ ਸਭ ਤੋਂ ਵੱਧ ਹੈ।

ਪੌਸ਼ਟਿਕ ਤੱਤਾਂ ਦੁਆਰਾ ਖਾਦਾਂ ਦੀ ਖਪਤ

2021-22 ਲਈ ਸੂਬੇ ਵਿੱਚ ਪੌਸ਼ਟਿਕ ਤੱਤਾਂ (ਨਾਈਟ੍ਰੋਜਨ, ਫਾਸਫੇਟ ਤੇ ਪੋਟਾਸ਼) ਦੁਆਰਾ ਖਾਦਾਂ ਦੀ ਖਪਤ 253.94 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਰਹੀ। ਇਸ ਤੋਂ ਬਾਅਦ ਹਰਿਆਣਾ ਦਾ ਨੰਬਰ ਆਉਂਦਾ ਹੈ, ਜਿੱਥੇ ਰਸਾਇਣਕ ਖਾਦਾਂ ਦੀ ਖਪਤ 210.10 ਕਿਲੋਗ੍ਰਾਮ ਹੈ। ਤੇਲੰਗਾਨਾ (206 ਕਿਲੋਗ੍ਰਾਮ) ਤੀਜੇ ਸਥਾਨ 'ਤੇ, ਆਂਧਰਾ ਪ੍ਰਦੇਸ਼ (199.67 ਕਿਲੋਗ੍ਰਾਮ) ਚੌਥੇ ਸਥਾਨ 'ਤੇ ਅਤੇ ਉੱਤਰ ਪ੍ਰਦੇਸ਼ 5ਵੇਂ ਸਥਾਨ 'ਤੇ ਹੈ।

**ਜੈਵਿਕ ਖਾਦਾਂ ਦੀ ਵਰਤੋਂ ਲਈ ਕਿਸਾਨਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ**

ਜੈਵਿਕ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 3 ਸਾਲਾਂ ਲਈ 50,000 ਰੁਪਏ ਪ੍ਰਤੀ ਹੈਕਟੇਅਰ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਸ ਵਿੱਚੋਂ 31,000 ਰੁਪਏ ਸਿੱਧੇ ਡੀਬੀਟੀ ਰਾਹੀਂ ਕਿਸਾਨਾਂ ਨੂੰ ਦਿੱਤੇ ਜਾਂਦੇ ਹਨ ਪਰ ਫਿਰ ਵੀ ਕਿਸਾਨ ਇਸ ਪ੍ਰਤੀ ਉਤਸ਼ਾਹਿਤ ਨਹੀਂ ਹਨ। ਗੋਆ ਅਤੇ ਪੁਡੂਚੇਰੀ ਵਰਗੇ ਛੋਟੇ ਰਾਜ ਇਸ ਮਾਮਲੇ ਵਿੱਚ ਸਭ ਤੋਂ ਹੇਠਾਂ ਹਨ। ਇਨ੍ਹਾਂ ਤੋਂ ਇਲਾਵਾ ਸਿੱਕਮ ਅਤੇ ਮੇਘਾਲਿਆ ਵਰਗੇ ਉੱਤਰ-ਪੂਰਬੀ ਰਾਜਾਂ ਨੂੰ ਜੈਵਿਕ ਰਾਜ ਦਾ ਦਰਜਾ ਮਿਲਿਆ ਹੈ।

(ਬਾਕੀ ਸਫ਼ਾ 31 'ਤੇ)






ਦੰਦ ਕਥਾ ਹੈ ਕਿ ਕੇਰਾਂ ਇੱਕ ਬੰਦੇ ਨੇ ਕਿਸੇ ਮਹਾਂਪੁਰਖ ਦੀ ਬਹੁਤ ਸੇਵਾ ਕੀਤੀ ਤਾਂ ਮਹਾਂਪੁਰਖ ਨੇ ਤੁਰਨ ਤੋਂ ਪਹਿਲਾਂ ਉਸ ਨੂੰ ਚਾਰ ਦੀਵੇ ਦੇ ਕੇ ਆਖਿਆ ਕਿ ਜੇ ਕਦੇ ਜ਼ਿੰਦਗੀ ਵਿੱਚ ਦੌਲਤ ਦੀ ਘਾਟ ਪੈ ਜਾਵੇ ਤਾਂ ਪਹਿਲਾ ਦੀਵਾ ਜਗਾ ਕੇ ਪੂਰਬ ਵੱਲ ਨੂੰ ਤੁਰ ਪਈਂ, ਜਿੱਥੇ ਜਾ ਕੇ ਦੀਵਾ ਬੁੱਝ ਜਾਵੇ, ਉੱਥੋਂ ਧਰਤੀ ਪੁੱਟ ਲਈਂ ਤਾਂ ਤੇਰਾ ਕੰਮ ਸਾਰਨ ਜੋਗੀ ਦੌਲਤ ਤੈਨੂੰ ਉੱਥੋਂ ਮਿਲ ਜਾਵੇਗੀ. ਉਸ ਮਗਰੋਂ ਜੇ ਕਿਤੇ ਫਿਰ ਲੋੜ ਪਵੇ ਤਾਂ ਦੂਜਾ ਦੀਵਾ ਜਗਾ ਉੱਤਰ ਵੱਲ ਤੁਰ ਜਾਵੀਂ, ਤੈਨੂੰ ਬੇਅੰਤ ਦੌਲਤ ਮਿਲ ਜਾਵੇਗੀ, ਉਸ ਮਗਰੋਂ ਲੋੜ ਤਾਂ ਤੈਨੂੰ ਪੈਣੀ ਨਹੀਂ ਪਰ ਜੇ ਕਿਸੇ ਕਾਰਣ ਵੱਸ ਉਹ ਵੀ ਮੁੱਕ ਜਾਵੇ ਤਾਂ ਤੀਜਾ ਦੀਵਾ ਜਗਾ ਦੱਖਣ ਵੱਲ ਚਲਾ ਜਾਈਂ, ਉੱਥੇ ਜਾਣ ਮਗਰੋਂ ਤਾਂ ਤੈਨੂੰ ਕਦੇ ਦੌਲਤ ਦੀ ਘਾਟ ਨਹੀਂ ਰਹਿਣੀ ਪਰ ਯਾਦ ਰੱਖੀਂ ਕਿ ਚੌਥਾ ਦੀਵਾ ਜਗਾ ਪੱਛਮ ਦਿਸ਼ਾ ਵੱਲ ਕਦੇ ਵੀ ਨਹੀਂ ਜਾਣਾ, ਪਹਿਲੀਆਂ ਤਿੰਨ ਦਿਸ਼ਾਵਾਂ ਵੱਲ ਵੀ ਲੋੜ ਪੈਣ 'ਤੇ ਹੀ ਜਾਣਾ ਹੈ।

ਬੰਦਾ ਬਹੁਤ ਖੁਸ਼ ਹੋਇਆ, ਕੁਝ ਦਿਨਾਂ ਮਗਰੋਂ ਉਸ ਨੇ ਸੋਚਿਆ ਕਿ ਜਦੋਂ ਮਹਾਂਪੁਰਖਾਂ ਨੇ ਦੀਵੇ ਦੇ ਹੀ ਦਿੱਤੇ ਹਨ ਤਾਂ ਦੌਲਤ ਤਾਂ ਮੇਰੀ ਹੀ ਹੈ ਚੱਲੋ, ਦੌਲਤ ਕੱਢ ਕੇ ਨਹੀਂ ਲਿਆਵਾਂਗਾ, ਦੇਖ ਕੇ ਤਾਂ ਆਉਣਾ ਚਾਹੀਦਾ ਹੈ ਤਾਂ ਕਿ ਲੋੜ ਪੈਣ 'ਤੇ ਪਤਾ ਤਾਂ ਹੋਵੇ ਤੇ ਉਹ ਪਹਿਲਾ ਦੀਵਾ ਲੈ ਪੂਰਬ ਦਿਸ਼ਾ ਵੱਲ ਤੁਰ ਪਿਆ, ਜਿੱਥੇ ਜਾ ਕੇ ਦੀਵਾ ਬੁੱਝਿਆ, ਉਹ ਥਾਂ ਖੋਦੀ ਤਾਂ ਉਸ ਨੂੰ ਚਾਂਦੀ ਦੇ ਭਰੇ ਇੰਨੇ ਘੜੇ ਲੱਭੇ ਕਿ ਕਈ ਪੁਸ਼ਤਾਂ ਕੋਲ਼ੋਂ ਨਾ ਮੁੱਕਣ ਉਹ ਬੰਦਾ ਬਹੁਤ ਖੁਸ਼ ਹੋਇਆ, ਉੱਥੋਂ ਬਿਨਾਂ ਕੁਝ ਲੈਣ ਤੋਂ, ਥਾਂ ਦੀ ਨਿਸ਼ਾਨੀ ਲਗਾ ਬੰਦਾ ਮੁੜ ਮਿੱਟੀ ਪਾ ਵਾਪਸ ਆ ਗਿਆ।

ਕੁਝ ਦਿਨਾਂ ਬਾਅਦ ਉਸ ਨੂੰ ਦੂਜੀ ਥਾਂ ਵੇਖਣ ਦੀ ਲਾਲਸਾ ਵੀ ਜਾਗ ਪਈ, ਉਸ ਸੋਚਿਆ ਕਿ ਪਹਿਲੀ ਥਾਂ ਤੋਂ ਕਿਹੜਾ ਮੈਂ ਕੁਝ ਲਿਆਂਦਾ ਹੈ। ਇਸ ਲਈ ਉੱਤਰ ਵੱਲ ਵੀ ਵੇਖ ਲਵਾਂ ਕਿ ਮੇਰੀ ਕਿੰਨੀ ਕੁ ਦੌਲਤ ਹੈ। ਦੂਜਾ ਦੀਵਾ ਲੈ ਕੇ ਗਏ ਬੰਦੇ ਨੂੰ ਸੋਨੇ ਦੇ ਭਰੇ ਘੜੇ ਮਿਲੇ, ਉਹ ਹੋਰ ਵੀ ਖੁਸ਼ ਹੋਇਆ ਪਹਿਲਾਂ ਵਾਂਗ ਹੀ ਉਸ ਥਾਂ 'ਤੇ ਮੁੜ ਮਿੱਟੀ ਪਾ, ਨਿਸ਼ਾਨੀ ਲਾ ਘਰ ਨੂੰ ਮੁੜ ਆਇਆ। ਦੂਜੇ ਖ਼ਜ਼ਾਨੇ ਨੂੰ ਜਾਣਨ ਮਗਰੋਂ ਹੁਣ ਉਹ ਉੱਡਦਾ ਹੀ ਫਿਰਦਾ ਸੀ।

ਇਸੇ ਤਰ੍ਹਾਂ ਉਹ ਦੱਖਣ ਵੱਲ ਜਾਣ ਤੋਂ ਵੀ ਆਪਣੇ ਆਪ ਨੂੰ ਰੋਕ ਨਾ ਸਕਿਆ ਤੀਜਾ ਦੀਵਾ ਬੁੱਝਣ ਵਾਲੀ ਥਾਂ ਤੋਂ ਉਸ ਨੂੰ ਹੀਰਿਆਂ ਦਾ ਏਡਾ ਖ਼ਜ਼ਾਨਾ ਮਿਲਿਆ ਕਿ ਉਹ ਜੇ ਚਾਹਵੇ ਤਾਂ ਪੂਰਾ ਮੁਲਕ ਹੀ ਖਰੀਦ ਲਵੇ। ਆਪ ਰੱਜੇ ਤੇ ਲੋਕਾਈ ਵੀ ਰਜਾ ਦੇਵੇ।

ਪਰ ਉਸ ਦਾ ਮਨ ਤਿੰਨ ਖ਼ਜ਼ਾਨਿਆਂ ਨੂੰ ਪ੍ਰਾਪਤ ਕਰਕੇ ਵੀ ਨਾ ਰੱਜਿਆ। ਲੋਭ ਵੱਸ ਹੋਇਆ ਉਹ ਸੋਚਣ ਲੱਗਾ ਕਿ ਮਹਾਂਪੁਰਖਾਂ ਨੇ ਪੱਛਮ ਵੱਲ ਜਾਣ ਤੋਂ ਕਿਉਂ ਵਰਜਿਆ ਸੀ, ਸ਼ਾਇਦ ਓਧਰ ਉਹਨਾਂ ਦਾ ਆਪਣਾ ਖ਼ਜ਼ਾਨਾ ਹੋਵੇਗਾ ਜੋ ਪਹਿਲੇ ਤਿੰਨਾਂ ਨਾਲੋਂ ਕਿਤੇ ਵੱਡਾ ਹੋਵੇਗਾ। ਉਸ ਨੇ ਸੋਚਿਆ ਕਿ ਪਹਿਲੇ ਖ਼ਜ਼ਾਨਿਆਂ ਵਿੱਚੋਂ ਕਿਹੜਾ ਮੈਂ ਕੁਝ ਲਿਆ ਹੈ, ਇਸੇ ਤਰ੍ਹਾਂ ਚੌਥੇ ਨੂੰ ਵੇਖਣ ਮਗਰੋਂ ਮੁੜ ਆਵਾਂਗਾ ਤੇ ਉਹ ਚੌਥੇ ਵਰਜਿਤ ਦੀਵੇ ਨੂੰ ਜਗਾ ਪੱਛਮ ਵੱਲ ਤੁਰ ਪਿਆ। ਜਿੱਥੇ ਜਾ ਦੀਵਾ ਬੁੱਝਿਆ, ਉਸ ਥਾਂ ਨੂੰ ਖੋਦਣ 'ਤੇ ਉਸ ਨੂੰ ਬੰਦ ਦਰਵਾਜ਼ਾ ਮਿਲਿਆ, ਜਿਸ ਨੂੰ ਖੋਲ੍ਹਣ 'ਤੇ ਥੱਲੇ ਨੂੰ ਪਉੜੀਆਂ ਉੱਤਰ ਰਹੀਆਂ ਸਨ। ਉਤਸੁਕਤਾ ਵੱਸ ਉਹ ਪਉੜੀਆਂ ਰਾਹੀਂ ਥੱਲੇ ਗਿਆ ਤਾਂ ਹੈਰਾਨ ਰਹਿ ਗਿਆ। ਸਾਰਾ ਢਾਂਚਾ, ਕੰਧਾਂ, ਛੱਤਾਂ, ਥੰਮ੍ਹ ਆਦਿ ਸੋਨੇ ਦੀਆਂ ਬਣੀਆਂ ਹੋਈਆਂ ਸਨ। ਹੀਰੇ, ਲਾਲ, ਜਵਾਹਰਾਤਾਂ ਨਾਲ ਕਮਰੇ ਭਰੇ ਹੋਏ ਸਨ। ਜ਼ਮੀਨ ਵੀ ਸੋਨੇ ਤੇ ਹੀਰਿਆਂ ਨਾਲ ਮੜ੍ਹੀ ਹੋਈ, ਰੌਸ਼ਨੀ ਦੇ ਮੀਂਹ ਵਿੱਚ ਇੰਨੇ ਖ਼ਜ਼ਾਨੇ ਦੇ ਅੰਬਾਰ ਨੇ ਉਸ ਬੰਦੇ ਦੀਆਂ ਅੱਖਾਂ ਚੁੰਧਿਆ ਦਿੱਤੀਆਂ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕਰੇ ਤੇ ਕਿੱਧਰ ਜਾਵੇ ਇਸ ਦੌਰਾਨ ਹੀ ਉਸ ਨੂੰ ਕਿਸੇ ਕਮਰੇ ਵਿੱਚੋਂ ਇੱਕ ਆਵਾਜ਼ ਸੁਣਾਈ ਦਿੱਤੀ ਤੇ ਜਦੋਂ ਉਹ ਆਵਾਜ਼ ਦੀ ਦਿਸ਼ਾ ਵੱਲ ਗਿਆ ਤਾਂ ਉਸ ਵੇਖਿਆ ਕਿ ਇੱਕ ਬੰਦਾ ਜੋ ਸੋਨੇ ਦੇ ਸ਼ਤੀਰ ਥੱਲੇ ਸਿਰ ਦੇਈਂ ਖੜ੍ਹਾ ਸੀ, ਉਸ ਨੂੰ ਬੁਲਾ ਰਿਹਾ ਸੀ।

ਇਹ ਉਸ ਕੋਲ ਪਹੁੰਚਿਆ ਤਾਂ ਸ਼ਤੀਰ ਚੁੱਕੀ ਖੜ੍ਹਾ ਬੰਦਾ ਆਖਣ ਲੱਗਾ, ਤੈਨੂੰ ਮਹਾਂਪੁਰਖਾਂ ਨੇ ਭੇਜਿਆ ਹੈ, ਜੋ ਤੂੰ ਵੇਖ ਵੇਖ ਹੈਰਾਨ ਹੋ ਰਿਹਾ, ਇਹ ਤਾਂ ਕੁਝ ਵੀ ਨਹੀਂ ਮੈਂ ਤੈਨੂੰ ਅਜਿਹੀ ਵਸਤੂ ਦਿਆਂਗਾ ਕਿ ਤੂੰ ਆਪਣੇ ਮਹਿਲ ਇਸ ਨਾਲੋਂ ਵੀ ਵਧੀਆ ਬਣਾ ਲਵੇਂਗਾ। ਜ਼ਿੰਦਗੀ ਦੀ ਹਰ ਖੁਸ਼ੀ ਤੇਰੀ ਮੁੱਠੀ ਵਿੱਚ ਆ ਜਾਵੇਗੀ । ਹੈਰਾਨ ਬੰਦਾ ਹੋਰ ਵਿਸਮਾਦਿਤ ਹੋ ਗਿਆ। ਸ਼ਤੀਰ ਵਾਲਾ ਬੰਦਾ ਮੁੜ ਬੋਲਿਆ, ਤੂੰ ਇੱਧਰ ਆ ਕੇ ਆਹ ਸ਼ਤੀਰ ਥੱਲੇ ਸਿਰ ਦੇ ਤਾਂ ਕਿ ਇਹ ਡਿੱਗੇ ਨਾ, ਮੈਂ ਤੈਨੂੰ ਹੁਣੇ ਉਹ ਵਸਤੂ ਲਿਆ ਕੇ ਦਿੰਨਾ। ਇਸ ਨੇ ਤੁਰੰਤ ਜਾ ਕੇ ਸੋਨੇ ਦੇ ਸ਼ਤੀਰ ਥੱਲੇ ਆਪਣਾ ਸਿਰ ਦੇ ਕੇ ਸਾਰਾ ਭਾਰ ਸੰਭਾਲ ਲਿਆ। ਸ਼ਤੀਰ ਥੱਲਿਓਂ ਦੂਜਾ ਬੰਦਾ ਨਿਕਲ ਠਹਾਕਾ ਮਾਰ ਉੱਚੀ ਹੱਸਿਆ ਤੇ ਗੁਫ਼ਾ ਵਿੱਚੋਂ ਬਾਹਰ ਨਿਕਲਦਾ ਬੋਲਿਆ, ਮੈਂ ਵੀ ਤੇਰੇ ਵਾਂਗੂ ਚੌਥਾ ਦੀਵਾ ਲੈ ਕੇ ਇੱਥੇ ਪਹੁੰਚਿਆ ਸੀ, ਹੁਣ ਆਹ ਸ਼ਤੀਰ ਨਾ ਛੱਡੀ, ਜੇ ਇਹ ਛੱਡਿਆ ਤਾਂ ਗੁਫ਼ਾ ਡਿੱਗ ਪਵੇਗੀ ਤੇ ਤੂੰ ਮਾਰਿਆ ਜਾਵੇਗਾ। ਹੁਣ ਤੂੰ ਇਹਦੇ ਥੱਲੇ ਖੜ੍ਹਾ ਆਪਣੇ ਵਰਗੇ ਕਿਸੇ ਹੋਰ ਮੂਰਖ ਨੂੰ ਉਡੀਕ, ਜਿਵੇਂ ਮੈਂ ਤੈਨੂੰ ਉਡੀਕਿਆ ਸੀ। ਆਹ ਵੇਖ ਮੈਂ ਬਿਨਾਂ ਕੁਝ ਇੱਥੋਂ ਲਏ ਖਾਲੀ ਹੱਥ ਜਾ ਰਿਹਾ ਆਪਣੇ ਘਰ ਤੈਨੂੰ ਵੀ ਇਸ ਸ਼ਤੀਰ ਦੇ ਭਾਰ ਥੱਲੇ ਖੜ੍ਹੇ ਖੜ੍ਹੇ ਨੂੰ ਇਸ ਦੌਲਤ ਦੇ ਅੰਬਾਰ ਤੋਂ ਨਫ਼ਰਤ ਹੋ ਜਾਵੇਗੀ।

ਠੀਕ ਇਸੇ ਤਰ੍ਹਾਂ ਅਸੀਂ ਵੀ ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥ ਸਾਨੂੰ ਵੀ ਚਾਰ ਦੀਵੇ ਮਿਲੇ। ਪਹਿਲਾ ਮਨੁੱਖਾ ਜਨਮ ਲੈਣ ਦਾ, ਦੂਜਾ ਬਾਬੇ ਨਾਨਕ ਦੀ ਪਸੰਦੀਦਾ ਧਰਤੀ ਪੰਜਾਬ ਵਿੱਚ ਜਨਮ ਲੈਣ ਦਾ, ਤੀਜਾ ਦੀਵਾ ਲੋਕ ਪ੍ਰਲੋਕ ਦੀ ਦੌਲਤ ਨਾਲ ਭਰਿਆ ਸਿੱਖਾਂ ਦੇ ਘਰ ਜਨਮ ਲੈਣ ਦਾ ਤੇ ਨਾਲ ਹੀ ਚੌਥਾ ਦੀਵਾ ਦੁਨਿਆਵੀ ਲਾਲਸਾ ਦਾ। ਅਸੀਂ ਤਿੰਨੇ ਦੀਵੇ ਭੁੱਲ-ਭੁਲਾ ਚੌਥਾ ਦੀਵਾ ਜਗਾ ਪੱਛਮ ਵੱਲ ਤੁਰ ਪਏ ਤੇ ਇੱਥੇ ਸ਼ਤੀਰਾਂ ਥੱਲੇ ਸਾਡੇ ਸਿਰ ਅਜਿਹੇ ਆਏ ਹਨ ਕਿ ਹੁਣ ਕੋਈ ਮੂਰਖ-ਸਿਆਣਾ ਸਾਨੂੰ ਇੱਥੋਂ ਕੱਢ ਨਹੀਂ ਸਕਦਾ।

ਤਸਵੀਰ ਵਿੱਚ ਦਿੱਤਾ ਖਾਕਾ ਵੇਖਣ ਤੇ ਹੈਰਾਨਕੁੰਨ ਤੱਥ ਸਾਹਮਣੇ ਆਉਂਦੇ ਨੇ ਕਿ ਉਸ ਖ਼ਿੱਤੇ ਵਿੱਚ ਜਿਨ੍ਹਾਂ ਕੋਲ ਸਿਰਫ਼ ਇੱਕ ਦੀਵਾ ਹੈ, ਉਹ ਤਾਂ ਟਿਕੇ ਬੈਠੇ ਹਨ ਤੇ ਅਸੀਂ ਤਿੰਨ-ਤਿੰਨ ਦੀਵਿਆਂ ਦੀ ਦੌਲਤ ਦੇ ਭੰਡਾਰ ਦੇ ਮਾਲਕ ਹੋਣ ਦੇ ਬਾਵਜੂਦ ਬਾਕੀ ਸਾਰਿਆਂ ਨਾਲੋਂ ਕਿਤੇ ਜ਼ਿਆਦਾ ਗਿਣਤੀ ਵਿੱਚ ਚੌਥੇ ਦੀਵੇ ਨੂੰ ਲੈ ਪੱਛਮ ਵੱਲ ਭੱਜ ਤੁਰੇ ਹਾਂ। ਪੰਜਾਬ ਦੇ ਜੰਮਿਆਂ ਨੂੰ ਤਾਂ ਯੁੱਗਾਂ ਤੋਂ ਹੀ ਨਿੱਤ ਮੁਹਿੰਮਾਂ ਰਹੀਆਂ ਸਨ ਪਰ ਇਸ ਤਰ੍ਹਾਂ ਦੇ ਸਮੂਹਿਕ ਪ੍ਰਵਾਸ ਦਾ ਪੰਜਾਬ ਨੇ ਪਹਿਲਾਂ ਕਦੇ ਵੀ ਪ੍ਰਗਟਾਵਾ ਨਹੀਂ ਸੀ ਕੀਤਾ।




ਹੁਣ ਖ਼ਾਕੇ ਦੇ ਅੰਕੜਿਆਂ 'ਤੇ ਵੀ ਝਾਤੀ ਮਾਰ ਲਈਏ, ਲੋਕ ਸਭਾ ਵਿੱਚ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਇਹ ਅੰਕੜੇ ਪੇਸ਼ ਕੀਤੇ ਗਏ ਸਨ। ਇਹਨਾਂ ਵਿੱਚ 2016-21 ਦੌਰਾਨ ਹਰੇਕ ਸੂਬੇ ਦੇ ਸਿਰਫ਼ ਵਿਦਿਆਰਥੀ ਵੀਜ਼ੇ 'ਤੇ ਵਿਦੇਸ਼ ਗਏ ਲੋਕਾਂ ਦੀ ਗਿਣਤੀ ਹੈ। ਪਹਿਲੀ ਨਜ਼ਰ ਵਿੱਚ ਵੇਖੀਏ ਤਾਂ ਪ੍ਰਤੀ ਲੱਖ ਪਿੱਛੇ ਵਿਦੇਸ਼ ਜਾਣ ਦੀ ਇਸ ਗਿਣਤੀ ਵਿੱਚ ਚੰਡੀਗੜ੍ਹ ਤੋਂ ਬਾਅਦ ਦੂਜੇ ਨੰਬਰ 'ਤੇ ਪੰਜਾਬ ਹੈ, ਲੱਖ ਪਿੱਛੇ 859! ਅੱਠ ਸੌ ਦਾ ਅੰਕੜਾ ਵੀ ਪੰਜਾਬ ਤੋਂ ਬਗੈਰ ਸਿਰਫ਼ ਦਿੱਲੀ ਨੇ ਹੀ ਪਾਰ ਕੀਤਾ ਹੈ (ਸ਼ਾਇਦ ਓਥੇ ਵੀ ਪੰਜਾਬੀਆਂ, ਖਾਸ ਕਰ ਸਿੱਖਾਂ ਕਰਕੇ ਹੀ ਇਹ ਗਿਣਤੀ ਇੰਨੀ ਵਧੀ ਹੋਵੇ), ਬਾਕੀ ਰਾਜਾਂ ਵਿੱਚੋਂ ਕੋਈ ਪੰਜ ਸੌ ਦੇ ਵੀ ਨੇੜੇ ਤੇੜੇ ਨਹੀਂ ਪੁੱਜਾ, ਬਹੁਤੇ ਸੌ ਤੋਂ ਵੀ ਥੱਲੇ ਹਨ। ਇਸ ਅੰਕੜੇ ਦੇ ਮੋਟੇ ਜਿਹੇ ਹਿਸਾਬ ਨਾਲ ਤਿੰਨ ਕਰੋੜ ਦੇ ਪੰਜਾਬ ਵਿੱਚੋਂ ਢਾਈ ਲੱਖ ਮੁੰਡੇ-ਕੁੜੀਆਂ ਪੰਜ ਸਾਲਾਂ ਵਿੱਚ ਪੜ੍ਹਾਈ ਦਾ ਵੀਜ਼ਾ ਲੈ ਕੇ ਵਿਦੇਸ਼ ਉੱਡ ਗਏ, ਯਾਨੀ 50 ਹਜ਼ਾਰ ਹਰੇਕ ਸਾਲ ਵਿੱਚ। ਯਾਦ ਰਹੇ ਕਿ ਇਹਨਾਂ ਵਿੱਚ ਏਜੰਟਾਂ ਰਾਹੀਂ, ਰਿਸ਼ਤੇਦਾਰਾਂ/ਪਤੀ/ਪਤਨੀਆਂ ਦੀਆਂ ਪਟੀਸ਼ਨਾਂ ਰਾਹੀਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਸ਼ਾਮਲ ਨਹੀਂ।

ਹੁਣ ਡੂੰਘੀ ਨਜ਼ਰ ਇਹਨਾਂ ਅੰਕੜਿਆਂ 'ਤੇ ਮਾਰਨ ਨਾਲ, ਚੰਡੀਗੜ੍ਹ ਦਾ ਸਥਾਨ 10 ਹਜ਼ਾਰ ਪ੍ਰਤੀ ਲੱਖ ਤੋਂ ਵੀ ਉੱਤੇ ਗਿਆ ਹੋਣ ਕਰਕੇ ਸਵਾਲ ਪੈਦਾ ਹੋਵੇਗਾ ਕਿ ਇਸ ਹਿਸਾਬ ਨਾਲ ਤਾਂ ਚੰਡੀਗੜ੍ਹ ਤਾਂ ਉੱਜੜਿਆ ਹੀ ਲਓ। ਇਸ ਸਵਾਲ ਦਾ ਜਵਾਬ ਇਹਨਾਂ ਅੰਕੜਿਆਂ ਵਾਲੇ ਖ਼ਾਕੇ ਵਿੱਚੋਂ ਹੀ ਮਿਲੇਗਾ ਜੋ ਪੰਜਾਬ ਦੇ 859 ਵਾਲੇ ਅੰਕੜਿਆਂ ਤੋਂ ਕਿਤੇ ਭਿਆਨਕ ਹੈ।

ਚੰਡੀਗੜ੍ਹ ਦੇ ਅੰਕੜੇ ਬਾਰੇ ਗੱਲ ਕਰਨ ਤੋਂ ਪਹਿਲਾਂ ਨਕਸ਼ੇ ਦੇ ਦੂਜੇ ਪਾਸੇ 13 ਅੰਕੜੇ ਵਾਲੇ ਬਿਹਾਰ ਦੀ ਬਾਤ ਵੀ ਪਾ ਲਈਏ। ਅਸੀਂ ਤਿੰਨ ਦੀਵਿਆਂ ਦੇ ਮਾਲਕਾਂ ਨੇ ਪੱਛਮ ਵੱਲ ਮੂੰਹ ਕਰ ਲਿਆ ਪਰ ਮਨੁੱਖਾ ਦੇਹੀ ਦੇ ਇੱਕ ਦੀਵੇ ਵਾਲੇ ਬਿਹਾਰੀ, ਸਾਡੇ ਦੂਜੇ ਦੀਵੇ ਪੰਜਾਬ ਵੱਲ ਵਹੀਰਾਂ ਘੱਤ ਆ ਰਹੇ ਹਨ। ਜਿਵੇਂ ਇੱਥੇ ਸਾਡੇ ਬੱਚੇ ਆਪਸ ਵਿੱਚ ਗੱਲਬਾਤ ਕਰਨ ਲਈ ਅੰਗਰੇਜ਼ੀ ਨੂੰ ਪਹਿਲ ਦਿੰਦੇ ਹਨ, ਠੀਕ ਉਸੇ ਤਰ੍ਹਾਂ ਬਿਹਾਰੀਆਂ ਦੇ ਪੰਜਾਬ ਵਿੱਚ ਜੰਮੇ ਬੱਚਿਆਂ ਨੇ ਵੀ ਸਾਡੇ ਦੂਜੇ ਦੀਵੇ ਦੀ ਲੋਅ, ਪੰਜਾਬੀ ਮਾਂ ਬੋਲੀ ਦੀ ਰੌਸ਼ਨੀ ਨੂੰ ਅਪਣਾਅ ਲਿਆ ਹੈ। ਇਹਨਾਂ ਬਿਹਾਰੀਆਂ ਵਿੱਚੋਂ ਕਈਆਂ ਨੇ ਤੀਜੇ ਦੀਵੇ, ਸਿੱਖੀ ਸਰੂਪ ਦੀ ਰੌਸ਼ਨੀ ਵਿੱਚ ਆਪਣੇ ਆਪ ਨੂੰ ਢਾਲ ਕੇ ਸਰਦਾਰ ਜੀ ਅਤੇ ਖੰਡੇ ਬਾਟੇ ਵਰਗੇ ਹੀਰਿਆਂ ਦਾ ਖ਼ਜ਼ਾਨਾ ਵੀ ਪ੍ਰਾਪਤ ਕਰ ਲਿਆ ਹੈ। ਖ਼ੈਰ ਆਪਾਂ ਮੁੜੀਏ ਹੁਣ ਚੰਡੀਗੜ੍ਹ ਵੱਲ!

ਚੰਡੀਗੜ੍ਹ ਦਾ 10150 ਪ੍ਰਤੀ ਲੱਖ ਵਿਦੇਸ਼ ਜਾਣ ਦਾ ਅੰਕੜਾ, ਸਿਰਫ਼ ਚੰਡੀਗੜ੍ਹ ਸ਼ਹਿਰ ਦੀ ਆਬਾਦੀ ਦਾ ਪ੍ਰਵਾਸ ਹੀ ਨਹੀਂ ਦੱਸ ਰਿਹਾ। ਅਸਲ ਵਿੱਚ ਇਹ ਅੰਕੜਾ ਚੰਡੀਗੜ੍ਹ ਪਾਸਪੋਰਟ ਦਫ਼ਤਰ ਵਿੱਚੋਂ ਜਾਰੀ ਹੋਏ ਪਾਸਪੋਰਟਾਂ ਦੀ ਗਿਣਤੀ ਦੇ ਅੰਕੜਿਆਂ ਦੀ ਕਹਾਣੀ ਪਾ ਰਿਹਾ ਹੈ।

ਚੰਡੀਗੜ੍ਹ ਪਾਸਪੋਰਟ ਦੇ ਦਫ਼ਤਰ ਹੇਠ ਚੰਡੀਗੜ੍ਹ ਸ਼ਹਿਰ, ਪੰਜਾਬ ਦੇ ਗਿਆਰਾਂ ਜ਼ਿਲ੍ਹੇ, ਹਰਿਆਣਾ ਦੇ ਬਾਰਾਂ ਜ਼ਿਲ੍ਹੇ ਆਉਂਦੇ ਹਨ। ਚੰਡੀਗੜ੍ਹ ਦਫ਼ਤਰ ਵਿੱਚੋਂ ਹਰਿਆਣੇ ਅਤੇ ਪੰਜਾਬ ਨੂੰ ਜਾਰੀ ਹੋਏ ਪਾਸਪੋਰਟਾਂ ਦੀ ਦਰ, ਖੋਜ ਕਰਨ ਦੇ ਬਾਵਜੂਦ ਵੀ ਪ੍ਰਾਪਤ ਨਾ ਹੋ ਸਕੀ, ਹਾਂ ਇੰਨਾ ਕੁ ਸਾਹਮਣੇ ਜ਼ਰੂਰ ਆਇਆ ਹਵਾ ਕਿ ਮੌਜੂਦਾ ਦੌਰ ਵਿੱਚ ਚੰਡੀਗੜ੍ਹ ਦਫ਼ਤਰ ਹੇਠ ਆਉਂਦੇ ਪੰਜਾਬ-ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਪਾਸਪੋਰਟ ਲਈ ਅਰਜ਼ੀਆਂ ਸਭ ਤੋਂ ਜ਼ਿਆਦਾ ਲੁਧਿਆਣੇ ਜ਼ਿਲ੍ਹੇ ਵਿੱਚੋਂ ਆ ਰਹੀਆਂ ਹਨ। ਜਿੰਨੇ ਰੱਬ ਦੀਆਂ ਦਾਤਾਂ ਦੇ ਦੀਵੇ ਜ਼ਿਆਦਾ, ਉੱਨੀ ਹੀ ਲਾਲਸਾ ਜ਼ਿਆਦਾ।

ਜੇ ਪੰਜਾਬ-ਹਰਿਆਣੇ ਦੇ ਵੀਜ਼ਿਆਂ ਦੀ ਅਨੁਪਾਤ (859 ਤੇ 149) ਮੁਤਾਬਕ ਆਪਾਂ ਚੰਡੀਗੜ੍ਹ ਤੇ ਹਰਿਆਣੇ ਨੂੰ ਕੱਢ ਮੋਟਾ ਜਿਹਾ ਹਿਸਾਬ ਲਾਈਏ ਤਾਂ 10150 ਦੇ ਅੰਕੜੇ ਵਿੱਚੋਂ 8000 ਪੰਜਾਬ ਦੇ ਹਿੱਸੇ ਪਵੇਗਾ। ਜੇ ਸਾਡਾ ਹਿਸਾਬ ਹਕੀਕਤ ਦੇ ਨੇੜੇ ਤੇੜੇ ਹੈ ਤਾਂ ਪਹਿਲੇ 859 ਜੋੜ, 8859 ਪ੍ਰਤੀ ਲੱਖ ਦੇ ਹਿਸਾਬ ਨਾਲ ਬੱਚੇ ਸਟੂਡੈਂਟ ਵੀਜ਼ੇ ਲੈ ਕੇ ਪੰਜਾਬ ਛੱਡ ਗਏ। ਮਤਲਬ 26 ਲੱਖ ਬੱਚੇ ਪੰਜ ਸਾਲ ਵਿੱਚ ਸਵਾ 5 ਲੱਖ ਬੱਚੇ ਹਰੇਕ ਸਾਲ 44 ਹਜ਼ਾਰ ਬੱਚੇ ਹਰੇਕ ਮਹੀਨੇ ਤਕਰੀਬਨ 1500 ਬੱਚੇ ਹਰੇਕ ਦਿਨ!

ਸਾਡੇ ਅੰਕੜੇ ਗਲਤ ਵੀ ਹੋ ਸਕਦੇ ਹਨ, ਇਸ ਲਈ ਇੱਕ ਹੋਰ ਸਹਾਰਾ ਲੱਭਦੇ ਹਾਂ। ਪੰਜਾਬ ਵਿੱਚ ਇੱਕ ਫ਼ਰਮ ਹੈ ਜਿਸ ਦਾ ਕੰਮ ਉਂਗਲਾਂ ਦੇ ਨਿਸ਼ਾਨ ਬਗੈਰਾ ਮੁਹੱਈਆ ਕਰਵਾਉਣਾ ਹੈ। ਇਸ ਦੇ ਪੰਜਾਬ ਵਿੱਚ ਤਿੰਨ ਦਫ਼ਤਰ ਹਨ ਤੇ ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਨ ਵਾਲੇ ਤਕਰੀਬਨ ਤਕਰੀਬਨ ਹਰ ਪੰਜਾਬੀ ਦਾ ਡੈਟਾ ਇਸੇ ਕੰਪਨੀ ਹੱਥੋਂ ਲੰਘਦਾ ਹੈ। ਉਹਨਾਂ ਦੇ ਮੁਤਾਬਕ ਇਹਨਾਂ ਦੇ ਜਲੰਧਰ ਦਫ਼ਤਰ ਵਿੱਚ ਹੀ ਹਰੇਕ ਮਹੀਨੇ 60 ਤੋਂ 70 ਹਜ਼ਾਰ ਦੇ ਕਰੀਬ ਫਿੰਗਰ ਪ੍ਰਿੰਟਸ ਦੀਆਂ ਅਰਜ਼ੀਆਂ ਆਉਂਦੀਆਂ ਹਨ। ਹਾਂ ਇਹ ਵੀ ਜ਼ਰੂਰੀ ਨਹੀਂ ਕਿ ਹਰ ਅਰਜ਼ੀ ਦੇਣ ਵਾਲੇ ਨੂੰ ਵੀਜ਼ਾ ਲੱਗ ਜਾਂਦਾ ਹੈ ਪਰ ਸੌ ਹੱਥ ਰੱਸਾ ਸਿਰੇ 'ਤੇ ਗੰਢ ਚੌਥਾ ਦੀਵਾ ਚੁੱਕ ਸ਼ਤੀਰ ਥੱਲੇ ਸਿਰ ਦੇਣ ਦੀ ਹੋੜ ਲੱਗੀ ਹੋਈ ਹੈ ਤੇ ਸਾਨੂੰ ਪੱਛਮ ਦੀ ਚਮਕ-ਦਮਕ ਅਤੇ ਸੁੱਖ-ਸਹੂਲਤਾਂ ਵਿੱਚ ਸ਼ਤੀਰ ਦੇ ਭਾਰ ਦਾ ਅਹਿਸਾਸ ਵੀ ਨਹੀਂ ਹੋ ਰਿਹਾ, ਰਾਜ-ਭਾਗ ਦੂਰ ਰਿਹਾ, ਪਿੱਛੇ ਸਾਡੇ ਉੱਜੜੇ ਗਰਾਂ ਦੇ ਪਟਵਾਰੀ ਵੀ ਗਾਲ੍ਹੜ ਹੀ ਬਣਨਗੇ!



# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਚੇਤ ਸੁਦੀ ਦੁਆਦਸ਼ੀ ਸੰਮਤ 1721 ਮੁਤਾਬਕ 10 ਮਾਰਚ ਸੰਨ 1644 ਨੂੰ ਪਿਤਾ ਭਾਈ ਸਾਈ ਦਾਸ ਅਤੇ ਮਾਤਾ ਬੀਬੀ ਮਾਧਰੀ ਬਾਈ ਦੇ ਕੁਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫ਼ਰਗੜ੍ਹ ਪੱਛਮੀ ਪੰਜਾਬ(ਪਾਕਿਸਤਾਨ) ਵਿੱਚ ਹੋਇਆ।

ਭਾਈ ਮਨੀ ਸਿੰਘ ਜਦ 13 ਸਾਲ ਦੀ ਉਮਰ ਦੇ ਹੋਏ ਤਾਂ ਸੰਨ 1657 ਵਿੱਚ ਇਹਨਾਂ ਦੇ ਪਿਤਾ ਇਹਨਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਹਰਿ ਰਾਏ ਜੀ ਪਾਸ ਕੀਰਤਪੁਰ ਸਾਹਿਬ ਚਲੇ ਗਏ। ਇਸ ਤਰਾਂ ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਪਹਿਲੀ ਵਾਰ ਸਬੰਧ ਹੋਇਆ। ਭਾਈ ਮਨੀ ਸਿੰਘ ਜੀ ਕੀਰਤਪੁਰ ਸਾਹਿਬ ਲੰਗਰ ਦੇ ਬਰਤਨ ਸਾਫ ਕਰਨ ਦੀ ਡਿਊਟੀ ਕਰਦੇ, ਵਿਹਲੇ ਸਮੇਂ ਵਿੱਚ ਗੁਰਬਾਣੀ ਦਾ ਪਾਠ ਕਰਦੇ। ਗੁਰੂ ਘਰ ਦੀ ਸੇਵਾ ਵਿੱਚ ਪਹਿਲੇ ਦੋ ਸਾਲ ਇਸ ਤਰਾਂ ਹੀ ਲੰਘ ਗਏ।

15 ਸਾਲ ਦੀ ਉਮਰ ਵਿੱਚ ਭਾਈ ਮਨੀ ਸਿੰਘ ਦਾ ਵਿਆਹ ਪਿੰਡ ਖੈਰਪੁਰ ਸਯਦਾ ਜ਼ਿਲ੍ਹਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਵਿਆਹ ਦੇ ਕੁਝ ਸਮਾਂ ਪਿਛੋਂ ਤੱਕ ਭਾਈ ਮਨੀ ਸਿੰਘ ਜੀ ਆਪਣੇ ਪਿੰਡ ਹੀ ਰਹਿੰਦੇ ਰਹੇ ਫਿਰ ਆਪਣੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਸਮੇਤ ਕੀਰਤਪੁਰ ਸਾਹਿਬ ਆ ਗਏ। ਇਹ ਤਿੰਨੇ ਭਰਾ ਇੱਥੇ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਜਦੋਂ ਸ੍ਰੀ ਹਰਿ ਕ੍ਰਿਸ਼ਨ ਜੀ ਦਿੱਲੀ ਗਏ ਤਾਂ ਇਹ ਤਿੰਨੇ ਭਰਾ ਗੁਰੂ ਜੀ ਦੇ ਨਾਲ ਹੀ ਸਨ। ਗੁਰੂ ਜੀ ਦਾ ਦਿੱਲੀ 'ਚ ਦੇਹਾਂਤ ਹੋ ਗਿਆ। ਗੁਰੂ ਜੀ ਦੀ ਅੰਤਿਮ ਹਦਾਇਤ ਮੁਤਾਬਕ ਜੋ ਜੱਥਾ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਤਿਲਕ ਦੇਣ ਗਿਆ ਸੀ, ਭਾਈ ਮਨੀ ਸਿੰਘ ਜੀ ਉਸ ਜਥੇ ਵਿੱਚ ਸ਼ਾਮਲ ਸਨ।

ਨੌਵੇਂ ਪਾਤਸ਼ਾਹ ਦੇ ਗੁਰ ਗੱਦੀ ਸੰਭਾਲਣ ਬਾਅਦ ਆਪ ਕੁਝ ਸਮੇਂ ਲਈ ਪਿੰਡ ਚਲੇ ਗਏ। ਉੱਥੇ ਫਿਰ ਚੇਤ ਸੰਮਤ 1719 ਮੁਤਾਬਕ ਮਾਰਚ 1672 ਵਿੱਚ ਅਨੰਦਪੁਰ ਸਾਹਿਬ ਚਲੇ ਗਏ। ਇੱਥੇ ਰਹਿੰਦਿਆਂ ਭਾਈ ਮਨੀ ਸਿੰਘ ਜੀ ਦਾ ਮੁੱਖ ਕੰਮ ਗੁਰਬਾਣੀ ਦੀਆਂ ਸੰਚੀਆਂ ਲਿਖਣ ਦਾ ਸੀ। ਜਦੋਂ ਸੰਨ 1675 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦ ਹੋਏ ਸਨ ਤਾਂ ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਬਾਲ ਗੋਬਿੰਦ ਜੀ ਪਾਸ ਸਨ। ਇਸ ਸਮੇਂ ਭਾਈ ਮਨੀ ਸਿੰਘ ਜੀ ਦੀ ਉਮਰ 35 ਸਾਲ ਦੀ ਸੀ।

ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਹੜੇ 52 ਕਵੀ ਸਨ ਭਾਈ ਮਨੀ ਸਿੰਘ ਜੀ ਵੀ ਉਹਨਾਂ ਵਿਚੋਂ ਇੱਕ ਵਿਦਵਾਨ ਸਨ ਸੰਨ 1691 ਵਿੱਚ ਨਦੌਣ ਦੀ ਲੜ੍ਹਾਈ ਵਿੱਚ ਵੀ ਭਾਈ ਮਨੀ ਸਿੰਘ ਜੀ ਨੇ ਹਿੱਸਾ ਲਿਆ। ਜੰਗ ਤੋਂ ਪਿਛੋਂ ਜਦੋਂ ਰਿਵਾਲਸਰ ਦੇ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰ ਵਿੱਚ ਪਹਾੜੀ ਰਾਜਿਆਂ ਦੀ ਸਾਂਝੀ ਕਾਨਫਰੰਸ ਹੋਈ ਤਾਂ ਉੱਥੇ ਗੁਰੂ ਜੀ ਨੇ ਆਪ ਨੂੰ ਦਿਵਾਨ ਦੀ ਪਦਵੀ ਬਖਸ਼ੀ।

ਭਾਈ ਮਨੀ ਸਿੰਘ ਜੀ ਇਕੱਲੇ ਹੀ ਯੁੱਧ ਵਿੱਚ ਨਹੀਂ ਜਾਂਦੇ ਸਨ ਉਹਨਾਂ ਦੇ ਪੰਜ ਪੁੱਤਰ ਵੀ ਨਾਲ ਹੁੰਦੇ ਸਨ। ਜਿਹੜਾ ਮਸਤ ਹਾਥੀ ਕਿਲ੍ਹਾ ਅਨੰਦਗੜ੍ਹ ਦੇ ਦਰਵਾਜ਼ਿਆਂ ਨੂੰ ਤੋੜਨ ਲਈ ਪਹਾੜੀ ਰਾਜਿਆਂ ਨੇ ਭੇਜਿਆ ਸੀ ਉਸ ਦਾ ਮੁਕਾਬਲਾ ਕਰਨ ਵਾਲਾ ਭਾਈ ਬਚਿੱਤਰ ਸਿੰਘ ਭਾਈ ਮਨੀ ਸਿੰਘ ਜੀ ਦਾ ਪੁੱਤਰ ਹੀ ਸੀ।

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡ ਕੇ ਸਾਬੋ ਕੀ ਤਲਵੰਡੀ ਦਮ ਦਮਾ ਸਾਹਿਬ ਪਹੁੰਚੇ ਤਾਂ ਇੱਥੇ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਨ 1705-1706 ਵਿੱਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ।

ਸੰਨ 1699 ਵਿੱਚ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਨਾ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜਿਆ।

ਸੰਨ 1734 ਵਿੱਚ ਭਾਈ ਮਨੀ ਸਿੰਘ ਨੇ ਲਾਹੌਰ ਦੇ ਗਵਰਨਰ ਨੂੰ ਇਕ ਬਿੰਨੇ ਪੱਤਰ ਰਾਹੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ 26 ਅਕਤੂਬਰ ਸੰਨ 1733 ਨੂੰ ਦੀਵਾਲੀ ਵਾਲੇ ਦਿਨ ਸਮਾਗਮ ਕਰਨ ਦੀ ਆਗਿਆ ਮੰਗੀ। ਸਰਕਾਰ ਨੇ ਭਾਈ ਮਨੀ ਸਿੰਘ ਜੀ ਨੂੰ ਸਮਾਗਮ ਕਰਨ ਦੀ ਆਗਿਆ ਦੇ ਦਿੱਤੀ ਅਤੇ ਨਾਲ ਹੀ ਕਹਿ ਦਿੱਤਾ ਸਮਾਗਮ ਸਮਾਪਤ ਹੋਣ 'ਤੇ ਟੈਕਸ ਵਜੋਂ 5000 ਰੁਪਏ ਜਮਾਂ ਕਰਵਾ ਦੇਣੇ। ਇਹ ਸਮਾਗਮ 10 ਦਿਨ ਤੱਕ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੋਚਿਆ ਕਿ ਇਹ ਰਕਮ ਸਿੱਖਾਂ ਦੀਆਂ ਭੇਟਾਵਾਂ ਵਿਚੋਂ ਭੇਟ ਕਰ ਦਿੱਤੀ ਜਾਵੇਗੀ।

ਭਾਈ ਮਨੀ ਸਿੰਘ ਨੇ ਸੰਗਤਾਂ ਨੂੰ ਆਉਣ ਦੇ ਸੱਦੇ ਪੱਤਰ ਭੇਜੇ ਤੇ ਸੰਗਤਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਪਰ ਗਵਰਨਰ ਨੇ ਲੱਖ ਪੱਤ ਰਾਏ ਦੀ ਅਗਵਾਈ ਵਿੱਚ ਅੰਮ੍ਰਿਤਸਰ ਨੂੰ ਫ਼ੌਜ ਭੇਜ ਦਿੱਤੀ ਜਿਸ ਨੇ ਰਾਮ ਤੀਰਥ ਦੇ ਅਸਥਾਨ 'ਤੇ ਆਪਣਾ ਡੇਰਾ ਲਾਉਣਾ ਸੀ ਅਤੇ ਸਿੱਖਾਂ ਦੇ ਚਲਦੇ ਸਮਾਗਮ ਵਿੱਚ ਅਤਿਆਚਾਰ ਕਰਨਾ ਸੀ। ਜਦ ਇਸ ਗੱਲ ਦੀ ਭਿਣਕ ਭਾਈ ਮਨੀ ਸਿੰਘ ਨੂੰ ਪਈ ਤਾਂ ਉਸ ਨੇ ਸਮਾਗਮ ਨੂੰ ਮੁਲਤਵੀ ਕਰ ਦਿੱਤਾ ਅਤੇ ਰਸਤੇ ਵਿੱਚ ਆ ਰਹੇ ਜਥਿਆਂ ਨੂੰ ਰੋਕ ਕੇ ਰਸਤੇ ਵਿਚੋਂ ਹੀ ਵਾਪਸ ਮੁੜ ਜਾਣ ਦੀ ਬੇਨਤੀ ਕਰ ਦਿੱਤੀ ਜੋ ਜਥੇ ਪਹੁੰਚ ਗਏ ਸਨ ਉਹ ਵੀ ਹਲਾਤਾਂ ਨੂੰ ਵੇਖ ਕੇ ਵਾਪਸ ਮੋੜ ਦਿੱਤੇ।

ਸਮਾਗਮ ਦੇ ਸਮੇਂ ਤੋਂ ਬਾਅਦ ਸਰਕਾਰ ਨੇ ਭਾਈ ਮਨੀ ਸਿੰਘ ਜੀ ਤੋਂ ਟੈਕਸ ਦੀ ਮੰਗ ਕੀਤੀ ਤਾਂ ਸੰਗਤਾਂ ਵੱਲੋਂ ਭੇਟਾ ਘੱਟ ਇਕੱਠੀ ਹੋਈ ਹੋਣ ਕਰਕੇ ਭਾਈ ਮਨੀ ਸਿੰਘ ਜੀ ਨੇ ਸਰਕਾਰ ਤੋਂ ਵਿਸਾਖੀ 1734 ਤੱਕ ਦੀ ਮੁਹਲਤ ਲੈ ਲਈ ਪਰ ਸਰਕਾਰ ਨੇ ਵਿਸਾਖੀ ਨੂੰ ਵੀ ਇਕੱਠ ਨਾ ਹੋਣ ਦਿੱਤਾ। ਭਾਈ ਮਨੀ ਸਿੰਘ ਜੀ ਟੈਕਸ ਦੀ ਰਕਮ ਨਾ ਦੇ ਸਕੇ। ਉਹਨਾਂ ਸਰਕਾਰ ਨੂੰ ਕਿਹਾ ਤੁਸੀਂ ਸੰਗਤਾਂ ਦਾ ਇਕੱਠ ਤਾਂ ਹੋਣ ਨਹੀਂ ਦਿੰਦੇ ਅਸੀਂ ਟੈਕਸ ਕਿਥੋਂ ਦੇਈਏ।

ਇਸ ਗੱਲ 'ਤੇ ਮੁਗਲਾਂ ਦਾ ਵਜ਼ੀਰ ਲਖ ਪਤ ਰਾਏ ਫ਼ੌਜ ਲੈ ਕੇ ਅੰਮ੍ਰਿਤਸਰ ਆਇਆ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਦੇ ਨਾਲ ਉਹਨਾਂ ਦੇ ਭਰਾ ਜਗਤ ਸਿੰਘ ਉਹਨਾਂ ਦੇ ਪੁੱਤਰ ਚਿੱਤਰ ਸਿੰਘ ਤੇ ਗੁਰਬਖਸ਼ ਸਿੰਘ, ਉਹਨਾਂ ਦੀ ਸਿੰਘਣੀ ਬੀਬੀ ਬਸੰਤ ਕੌਰ, ਗੁਲਜ਼ਾਰ ਸਿੰਘ , ਰਣ ਸਿੰਘ, ਭੂਪਤ ਸਿੰਘ ਅਤੇ ਉੱਥੇ ਮੌਜੂਦ ਸਾਰੇ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ।ਇਸ ਬਦਲੇ ਭਾਈ ਮਨੀ ਸਿੰਘ ਨੂੰ ਸਜਾਏ ਮੌਤ ਦੀ ਸਜਾ ਸੁਣਾਈ ਗਈ। ਉਹਨਾਂ ਨੂੰ ਕਿਹਾ ਜਾਂ ਤਾਂ ਮੌਤ ਕਬੂਲ ਕਰ ਲਵੋ ਜਾਂ ਇਸਲਾਮ ਧਰਮ ਕਬੂਲ ਕਰ ਲਵੋ। ਪਰ ਗੁਰੂ ਜੀ ਦੇ ਸਿਦਕਵਾਨ ਸਿੱਖ ਨੇ ਮੌਤ ਕਬੂਲ ਕਰ ਲਈ। 24 ਜੂਨ 1734 ਨੂੰ ਨਖਾਸ ਚੌਂਕ ਲਾਹੌਰ ਵਿਖੇ ਉਹਨਾਂ ਦੇ ਸਰੀਰ ਦਾ ਅੰਗ ਅੰਗ ਕੱਟ ਕੇ ਸ਼ਹੀਦ ਕਰ ਦਿੱਤਾ। ਉਹਨਾਂ ਦੇ ਸਿੰਘ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹੀ ਗਈ। ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਉਸ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਬਾਕੀ ਸਿੰਘਾਂ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਭਾਈ ਬਲੂ ਰਾਏ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿੱਚ ਜਰਨੈਲ ਰਹੇ ਅਤੇ ਮੁਗਲਾਂ ਨਾਲ ਲੜਦੇ ਲੜਦੇ ਸੰਨ 1628 ਨੂੰ ਅੰਮ੍ਰਿਤਸਰ ਵਿੱਚ ਸ਼ਹੀਦੀ ਪਾ ਗਏ। ਭਾਈ ਮਨੀ ਸਿੰਘ ਜੀ 12 ਭਰਾ ਸਨ ਇਹਨਾਂ ਵਿਚੋਂ 11 ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਦੇ 10 ਪੁੱਤਰ ਸਨ ਉਹਨਾਂ ਵਿਚੋਂ 7 ਸ਼ਹੀਦ ਹੋਏ ਦੂਸਰੇ ਭਰਾਵਾਂ ਦੇ ਪੋਤਿਆਂ ਸਮੇਤ ਭਾਈ ਮਨੀ ਸਿੰਘ ਜੀ ਦੇ 10 ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹਨਾਂ ਦੇ ਪਰਿਵਾਰ ਦੇ 29 ਮੈਂਬਰ ਸ਼ਹੀਦ ਹੋਏ। ਗੁਰੂ ਘਰ ਵਿੱਚ ਇਹਨਾਂ ਦੇ ਪਰਿਵਾਰ ਦੀ ਸ਼ਹੀਦੀ ਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ।

ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਮਣੇ ਰੇਲਵੇ ਸਟੇਸ਼ਨ ਲਾਹੌਰ ਹੈ ਇਸ ਮਹਾਨ ਸ਼ਹੀਦ ਦੀ ਜਗ੍ਹਾ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਈ ਇਸ ਕਰਕੇ ਅਸੀਂ ਇਸ ਜਗ੍ਹਾ 'ਤੇ ਨਤਮਸਤਕ ਹੋਣ ਤੋਂ ਵਾਂਝੇ ਹੋ ਗਏ।

# ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ

ਸ਼ਮਸ਼ੇਰ ਸਿੰਘ

ਅੰਮ੍ਰਿਤਸਰ ਦੀ ਪਵਿੱਤਰ ਧਰਤੀ, ਜਿਸ ਨੂੰ ਗੁਰੂ ਨਗਰੀ ਹੋਣ ਦਾ ਮਾਣ ਪ੍ਰਾਪਤ ਹੈ। ਅੰਮ੍ਰਿਤਸਰ ਤੋਂ ਥੋੜ੍ਹੀ ਹੀ ਦੂਰ ਪਿੰਡ ਹੈ ਗੁਰੂ ਕੀ ਵਡਾਲੀ। ਇਸ ਪਿੰਡ ਵਿੱਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਪ੍ਰਕਾਸ਼ ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਮੁਤਾਬਕ 19 ਜੂਨ 1595 ਈ ਨੂੰ ਜਨਮ ਲਿਆ। ਇਸੇ ਕਰਕੇ ਉਸ ਨਗਰ ਨੂੰ ਅੱਜ 'ਗੁਰੂ ਕੀ ਵਡਾਲੀ' ਕਿਹਾ ਜਾਂਦਾ ਹੈ।

ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਬਚਪਨ ਤੋਂ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਬਾਣੀ ਪੜ੍ਹਨ ਅਤੇ ਵਿਦਿਆ ਸਿੱਖਣ ਲਈ ਬਾਬਾ ਬੁੱਢਾ ਸਾਹਿਬ ਜੀ ਦੇ ਲੜ ਲਗਾ ਦਿੱਤਾ। ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ। ਸੰਨ 1603 ਵਿੱਚ (ਗੁਰੂ) ਹਰਗੋਬਿੰਦ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਲਈ ਬਾਬਾ ਬੁੱਢਾ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। ਸ਼ਸਤਰ ਵਿਦਿਆ ਦਾ ਆਪ ਜੀ ਨੂੰ ਬਹੁਤ ਸ਼ੌਂਕ ਸੀ ਅਤੇ ਜਲਦੀ ਹੀ ਇਸ ਕਲਾ ਵਿਚ ਨਿਪੁੰਨ ਹੋ ਗਏ। ਬਾਬਾ ਬੁੱਢਾ ਜੀ ਆਪ ਜੀ ਨੂੰ ਦੇਖ ਕੇ ਮਹਾਂਬਲੀ ਯੋਧਾ ਨਾਂ ਨਾਲ ਪੁਕਾਰਦੇ ਸਨ।

ਆਪ ਦਾ ਵਿਆਹ ਗੁਰੂ ਮਹਿਲ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂ ਦੇਵੀ (ਮਰਵਾਹੀ) ਨਾਲ ਹੋਇਆ। ਆਪ ਜੀ ਦੇ ਘਰ ਪੰਜ ਪੁੱਤਰਾਂ- ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤੇਗ ਮੱਲ ਜੀ (ਗੁਰੂ ਤੇਗ ਬਹਾਦਰ ਜੀ) ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਨੇ ਜਨਮ ਲਿਆ।

ਜੋ ਸਿੱਖ ਸ਼ਸਤਰ ਜਾਂ ਘੋੜਾ ਗੁਰੂ ਸਾਹਿਬ ਨੂੰ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਮੰਨੇ ਹੋਏ ਪੰਜ ਤਖ਼ਤਾਂ ਵਿਚੋਂ ਪਹਿਲਾ ਸਰਵ-ਉੱਚ ਤਖ਼ਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਉਸਾਰਿਆ। 6 ਸਾਵਣ ਸੰਮਤ 1663, 5 ਜੁਲਾਈ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ, ਜਿਨ੍ਹਾਂ ਵਿਚੋਂ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ:

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।

ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ ਕਿ ਗੁਰੂ-ਘਰ ਵਿੱਚ ਇਹ ਦੋਵੇਂ ਸ਼ਕਤੀਆਂ ਸੰਤ-(ਪੀਰੀ) ਤੇ ਸਿਪਾਹੀ (ਰਾਜਸੀ ਤਾਕਤ- ਮੀਰੀ) ਇਕੱਠੇ ਕੰਮ ਕਰਨਗੇ; ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ।

ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਹੋਵੇਗਾ ਬਲਕਿ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ।

1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਕੇ ਆਗਰੇ ਤੋਂ ਪੰਜਾਬ ਆ ਗਿਆ। ਤਿੰਨ ਕੁ ਹਫ਼ਤਿਆਂ ਬਾਅਦ ਉਹ ਦਰਿਆ ਝਨਾਂ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹਿੰਦੀ ਤੇ ਹੋਰ ਕੱਟੜਵਾਦੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

15 ਮਈ 1606 ਦੇ ਆਖ਼ਰੀ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਚਰਚਾ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ 11 ਕੁ ਸਾਲ ਦੀ ਸੀ। ਛੇਵੇਂ ਪਾਤਸ਼ਾਹ ਜੀ ਨੇ ਸੱਤਾ ਦੇ ਅਤਿਆਚਾਰਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਤੇ ਸ਼ਸਤਰ ਗੁਰੂ ਘਰ 'ਚ ਭੇਟ ਕਰਨ ਦੇ ਹੁਕਮਨਾਮੇ ਜਾਰੀ ਕੀਤੇ। ਸਿੱਖਾਂ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਸੱਤਾ ਦੇ ਮੁਕਾਬਲੇ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਸਿੱਖਾਂ ਨੂੰ ਸ਼ਿਕਾਰ ਅਤੇ ਸ਼ਸਤਰ ਵਿਦਿਆ ਸਿਖਾਉਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਵਰਗੇ ਚੋਣਵੇਂ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ। ਗੁਰੂ ਸਾਹਿਬ ਜੀ ਦੀ ਇਹ ਰੁਚੀ ਦੇਖ ਕੇ ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਕੋਈ ਪੰਜ ਸੌ ਨੌਜਵਾਨ ਆਪ ਦੀ ਸ਼ਰਨ ਵਿੱਚ ਇਕੱਠੇ ਹੋ ਗਏ। ਕਾਲ ਦੇ ਸਮੇਂ ਮੁਸਲਮਾਨ ਹਕੂਮਤ ਨੇ ਗਰੀਬਾਂ ਦੀ ਬਿਲਕੁਲ ਕੋਈ ਸਾਰ ਨਹੀਂ ਲਈ ਸੀ ਇਸ ਕਰਕੇ ਕਈ ਮੁਸਲਮਾਨ ਭੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫੌਜ ਵਿੱਚ ਭਰਤੀ ਹੋ ਗਏ।

ਗੁਰੂ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿੱਚ ਜਿੱਤ ਪ੍ਰਾਪਤ ਕੀਤੀ। ਪਹਿਲੀ ਜੰਗ 27 ਸਤੰਬਰ 1621 ਈ: ਨੂੰ ਰੁਹੇਲਾ 'ਤੇ ਹੋਈ, ਜਿਸ ਦਾ ਕਾਰਨ ਉਸ ਇਲਾਕੇ ਦੇ ਚੌਧਰੀ ਭਗਵਾਨ ਦਾਸ ਘੇਰੜ (ਚੰਦੂ ਦਾ ਕੁੜਮ) ਦਾ ਹੰਕਾਰ ਸੀ, ਜੋ ਗੁਰੂ ਜੀ ਦੇ ਜੇਲ੍ਹ ਜਾਣ ਉਪਰੰਤ ਗੁਰੂ ਘਰ ਦੀ ਜ਼ਮੀਨ ਦਾ ਮਾਲਕ ਬਣ ਬੈਠਾ ਸੀ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਦੀ ਚੁੱਕਣਾ 'ਤੇ ਜਲੰਧਰ ਦਾ ਫੌਜਦਾਰ ਅਬਦੁੱਲਾ ਖ਼ਾਨ ਫੌਜ ਸਮੇਤ ਗੁਰੂ ਜੀ 'ਤੇ ਚੜ੍ਹਾਈ ਕਰਕੇ ਆਇਆ ਤੇ ਗੁਰੂ ਜੀ ਨੂੰ ਇਲਾਕਾ ਛੱਡ ਜਾਣ ਲਈ ਕਿਹਾ, ਇਸ ਲੜਾਈ ਵਿੱਚ ਭਗਵਾਨ ਦਾਸ, ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਮਾਰੇ ਗਏ ।

28 ਅਕਤੂਬਰ 1627 ਨੂੰ ਜਹਾਂਗੀਰ ਦੀ ਮੌਤ ਹੋ ਗਈ। ਜਹਾਂਗੀਰ ਦਾ ਪੁੱਤਰ ਬਾਦਸ਼ਾਹ ਸ਼ਾਹਜਹਾਨ ਵੀ ਹੌਲ਼ੀ ਹੌਲ਼ੀ ਮੁਤੱਸਬੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਆ ਗਿਆ।ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ।

ਗੁਰੂ ਸਾਹਿਬ ਜੀ ਨੇ ਹਰ ਪਾਸੇ ਸਿੱਖੀ ਦਾ ਪਰਚਾਰ ਕੀਤਾ ਅਤੇ ਆਮ ਜਨਤਾ ਨੂੰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਕਢਿਆ। 1635 ਵਿੱਚ ਦਾਰਾ ਸ਼ਿਕੋਹ ਪੰਜਾਬ ਦਾ ਗਵਰਨਰ ਬਣਿਆ ਅਤੇ ਜੋ ਧਾਰਮਿਕ ਪੱਖ ਤੋਂ ਤੰਗ ਦਿਲ ਨਹੀਂ ਸੀ। ਸੋ 1644 ਤੱਕ ਅਮਨ ਸ਼ਾਂਤੀ ਦੇ ਸਮੇਂ ਸਿੱਖ ਧਰਮ ਦਾ ਪਰਚਾਰ ਜਾਰੀ ਰਿਹਾ। ਅੰਤ ਵੇਲਾ ਨੇੜੇ ਜਾਣਕੇ ਗੁਰੂ ਸਾਹਿਬ ਜੀ ਨੇ ਗੁਰਗੱਦੀ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਸੌਂਪੀ ਅਤੇ 3 ਮਾਰਚ 1644 ਨੂੰ 49 ਸਾਲ ਦੀ ਉਮਰ ਵਿੱਚ ਜੋਤੀ ਜੋਤਿ ਸਮਾ ਗਏ।

ਸ਼ਹਾਦਤ 'ਤੇ ਵਿਸ਼ੇਸ਼

# ਸ਼ਹੀਦ ਭਾਈ ਮਨੀ ਸਿੰਘ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਦ ਤੋਂ ਪੱਛਮੀ ਦੇਸ਼ਾਂ ਦੇ ਲੋਕ ਮੁਸਲਮਾਨ ਬਣੇ, ਉਹਨਾਂ ਦਾ ਸੰਸਾਰ ਵਿੱਚ ਬੋਲ ਬਾਲਾ ਸੀ। ਉਹ ਲੁੱਟ ਮਾਰ ਕਰਨ ਤੋਂ ਇਲਾਵਾ ਹਿੰਦੂਆਂ ਤੇ ਧਾਰਮਿਕ ਹੱਲੇ ਵੀ ਕਰਨ ਲੱਗੇ। ਦੌਲਤ ਲੁੱਟ ਲੈਣੀ, ਘਰ ਘਾਟ ਸਾੜ ਦੇਣੇ, ਮੰਦਰ ਢਾਹ ਦੇਣੇ, ਮਨੁੱਖਤਾ ਦਾ ਕਤਲੇਆਮ ਕਰ ਦੇਣਾ, ਬੰਦੀ ਬਣਾ ਕੇ ਜਬਰੀ ਧਰਮ ਪ੍ਰੀਵਰਤਨ ਕਰਵਾ ਲੈਣਾ। ਸੰਨ 1000 ਈਸਵੀ ਦੇ ਕਰੀਬ ਮਹਿਮੂਦ ਗ਼ਜ਼ਨਵੀ ਅਫ਼ਗਾਨਿਸਤਾਨ ਵਿੱਚ ਉਠਿਆ। ਉਸਨੇ ਇਸੇ ਨੀਤੀ ਹੇਠ ਕੰਮ ਕੀਤਾ ਤੇ ਹਿੰਦੁਸਤਾਨ ਨੂੰ ਸਤਾਰਾਂ ਵਾਰ ਲੁੱਟਿਆ।

ਬਾਰ੍ਹਵੀਂ ਸਦੀ ਦੇ ਅੰਤ ਵਿੱਚ ਪਠਾਣ ਮੁਹੰਮਦ ਗੋਰੀ ਆਇਆ, ਉਸਨੇ ਹਿੰਦੁਸਤਾਨ ਵਿੱਚ ਮੁਸਲਮਾਨੀ ਰਾਜ ਕਾਇਮ ਕਰਨਾ ਚਾਹਿਆ। ਉਸਨੇ ਪਠਾਣਾਂ ਦੀ ਫ਼ੌਜ ਨਾਲ ਕਈ ਹਮਲੇ ਕੀਤੇ। ਦਿੱਲੀ ਦੇ ਤਖ਼ਤ ਤੇ ਪ੍ਰਿਥੀਰਾਜ ਚੌਹਾਨ ਸੀ। ਉਹ ਬੜਾ ਅਣਖੀ ਰਾਜਪੂਤ ਯੋਧਾ ਸੀ। ਉਸ ਕੋਲ ਚੰਗਾ ਰਾਜ ਪ੍ਰਬੰਧ ਸੀ, ਉਸਨੇ ਈਨ ਨਹੀਂ ਮੰਨੀ। ਮੁਹੰਮਦ ਗੋਰੀ ਨੇ ਗਿਆਰਾਂ ਹੱਲੇ ਕੀਤੇ ਪਰ ਕਾਮਯਾਬੀ ਨਾ ਮਿਲੀ।

ਕਨੌਜ ਦਾ ਰਾਜਾ ਜੈ ਚੰਦਰ ਪ੍ਰਿਥੀਰਾਜ ਦੀ ਮਾਸੀ ਦਾ ਪੁੱਤ ਸੀ। ਉਹ ਘਰੋਗੀ ਝਗੜੇ ਨਾਲ ਵੈਰੀ ਨਾਲ ਮਿਲ ਗਿਆ। ਪ੍ਰਿਥੀਰਾਜ ਲੜਾਈ ਵਿੱਚ ਮਾਰਿਆ ਗਿਆ। ਮੁਹੰਮਦ ਗੋਰੀ ਨੇ ਦਿੱਲੀ ਤਖ਼ਤ 'ਤੇ ਕਬਜ਼ਾ ਕਰਕੇ ਹੋਲੀ ਹੋਲੀ ਜੈ ਚੰਦ ਤੇ ਹੋਰਨਾਂ ਹਿੰਦੂ ਰਾਜਿਆਂ ਨੂੰ ਮਾਰ ਮੁਕਾਇਆ। ਹਿੰਦੂ ਰਾਜ ਖਤਮ ਕਰਕੇ ਮੁਸਲਿਮ ਰਾਜ ਦੀ ਨੀਂਹ ਰੱਖੀ। ਹਿੰਦੂਆਂ ਦੀ ਰਾਜਪੂਤੀ ਅਣਖ, ਬਹਾਦਰੀ ਅਤੇ ਦੇਸ਼ ਪਿਆਰ ਖਤਮ ਹੋ ਗਿਆ। ਮੁਸਲਮਾਨਾਂ ਦੀਆਂ ਵਧੀਕੀਆਂ ਅੱਤਿਆਚਾਰ ਅਤੇ ਜ਼ੁਲਮ ਤੋਂ ਭਾਰਤ ਵਾਸੀ ਬੜੇ ਦੁਖੀ ਸਨ। ਸੋਲ੍ਹਵੀਂ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਗੁਰੂ ਸਾਹਿਬ ਨੇ ਵੇਖਿਆ ਕਿ ਲੋਕ ਨਿਰਬਲ, ਡਰੇ ਹੋਏ , ਬੇਅਣਖੇ ਅਤੇ ਖ਼ੁਦਗਰਜ਼ ਹੋ ਗਏ ਹਨ। ਗੁਰੂ ਸਾਹਿਬ ਜੀ ਨੇ ਪੂਰਬ ਪੱਛਮ ਵਿੱਚ ਯਾਤਰਾਵਾਂ ਕਰਕੇ ਲੋਕਾਂ ਨੂੰ ਸੱਚਾ ਸੁੱਚਾ ਜੀਵਨ ਉਪਦੇਸ਼ ਦਿੱਤਾ ਕਿ ਤੁਸੀਂ ਵਿਸ਼ੇ ਵਿਕਾਰਾਂ ਵਿੱਚ ਫਸਕੇ ਆਤਮਾ ਅਤੇ ਸਰੀਰ ਦਾ ਨਾਸ ਕਰ ਚੁੱਕੇ ਹੋ। ਸੁੱਖੀ ਜੀਵਨ ਵਾਸਤੇ ਅੰਦਰੋਂ ਬਲਵਾਨ ਹੋਣਾ ਜਰੂਰੀ ਹੈ। ਗੁਰੂ ਸਾਹਿਬ ਜੀ ਨੇ ਸੱਚ ਧਰਮ ਦਾ ਉਪਦੇਸ਼ ਘਰ ਘਰ ਪਹੁੰਚਾਇਆ। ਇਸ ਹੁਨਰ ਨੇ ਦਸ ਜਾਮਿਆ ਵਿੱਚ ਮਾਨਵਤਾ ਦੀ ਭਲਾਈ ਵਿੱਚ ਹਿੰਦੀਆਂ ਵਿੱਚ ਆਤਮ ਬਲ, ਅਣਖ, ਸੱਚਾਈ ਤੇ ਕੁਰਬਾਨੀ ਦੀ ਰੂਹ ਭਰੀ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਖ਼ਾਲਸੇ ਨੂੰ ਜਨਮ ਦਿੱਤਾ, ਬਲਵਾਨ ਫ਼ੌਜੀ ਬਣਾਇਆ, ਬੜੇ ਨਿਸ਼ਚੇ ਨਾਲ ਦ੍ਰਿੜ੍ਹ ਕਰਵਾਇਆ।

ਸਵਾ ਲਾਖ ਸੇ ਏਕੇ ਲੜਾਊਂ,
ਤਬੈ ਗੋਬਿੰਦ ਸਿੰਘ ਨਾਮ ਕਹਾਊਂ

ਇਸ ਨੂੰ ਪੂਰਾ ਕਰਨ ਲਈ ਭਾਈ ਮਨੀ ਸਿੰਘ ਸ਼ਹੀਦ ਵਰਗੇ ਅਨੇਕਾਂ ਸਿੰਘ ਹੋਏ ਹਨ, ਜਿੰਨਾਂ ਨੇ ਜਾਨਾਂ ਤਲੀ 'ਤੇ ਰੱਖ ਕੇ ਬੰਦ ਬੰਦ ਕਟਾਏ, ਚਰਖੜੀਆਂ 'ਤੇ ਚੜੇ ਧਰਮ ਹੇਠ ਕੁਰਬਾਨ ਹੋਏ। ਜ਼ੁਲਮ ਦੇ ਰਾਜ ਨੂੰ ਖਤਮ ਕਰਨ ਲਈ ਭਰਪੂਰ ਯੋਗਦਾਨ ਪਾਇਆ। ਸੱਤ ਸੋ ਵਰ੍ਹੇ ਬਾਅਦ ਹਿੰਦੀਆਂ ਦਾ ਆਪਣਾ ਰਾਜ ਕਾਇਮ ਹੋਇਆ।

ਪ੍ਰਿਥੀਰਾਜ ਦੇ ਸਮੇਂ ਦੇਸ਼ ਦਾ ਪ੍ਰਬੰਧ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਆਗਰੇ ਸੂਬੇ ਦਾ ਪ੍ਰਬੰਧ ਭਾਈ ਮਨੀ ਸਿੰਘ ਜੀ ਦੇ ਵਡੇਰੇ ਰਾਇਬੀਰ ਦੁਲੱਟ ਦੇ ਹੱਥ ਵਿੱਚ ਸੀ। ਉਹ ਬਹਾਦਰ ਰਾਜੂਪਤ ਮੁਹੰਮਦ ਗੌਰੀ ਦੇ ਹੱਲੇ ਵੇਲੇ ਖ਼ੂਬ ਲੜਿਆ ਪਰ ਪ੍ਰਿਥੀ ਰਾਜ ਦੇ ਮਾਰੇ ਜਾਣ ਤੋਂ ਬਾਅਦ ਰਾਇਬੀਰ ਆਪਣੇ ਪ੍ਰਵਾਰ ਸਮੇਤ ਆਗਰਾ ਛੱਡ ਯਮਨਾ ਤੇ ਸਤਲੁਜ ਦੇ ਵਿਚਕਾਰ ਜੰਗਲ ਵਿੱਚ ਡੇਰਾ ਲਗਾ ਬੈਠਾ। ਇਥੇ ਇਕ ਰਾਣੀ ਦੀ ਰਿਆਸਤ ਉਸ ਨੂੰ ਮਿਲ ਗਈ। ਬਹਾਦਰ ਦੁਲੱਟ ਰਾਜਾ ਬਣ ਬੈਠਾ। ਉਸਨੇ ਨਵੀਂ ਰਿਆਸਤ ਦਾ ਪ੍ਰਬੰਧ ਅਜਿਹੇ ਸੁੱਚਜੇ ਢੰਗ ਨਾਲ ਕੀਤਾ ਕਿ ਉਸ ਦੀ ਬਹਾਦਰੀ ਦੀਆਂ ਧੁੰਮਾਂ ਪੈ ਗਈਆਂ। ਇਸ ਦੇ ਪੁੱਤਰਾਂ ਦੀ ਵੀ ਬੜੀ ਚੜ੍ਹਤ ਸੀ। ਇਲਾਕੇ ਦੇ ਵੱਡੇ ਪ੍ਰਵਾਰਾਂ ਵਿੱਚ ਇਨ੍ਹਾਂ ਦਾ ਬੜਾ ਰਸੂਖ ਸੀ। ਕਈ ਨਵੇਂ ਪਿੰਡ ਵਸਾ ਲਏ। ਜਿਨ੍ਹਾਂ ਵਿੱਚ ਕੈਬੋਂ ਲੋਂਗੋਵਾਲ ਬੜਾ ਪ੍ਰਸਿੱਧ ਹੋਇਆ।

ਪੰਜ ਸੌ ਸਾਲ ਤਕ ਦੁਲੱਟ ਦੀ ਔਲਾਦ ਬੜੀ ਮੌਜ ਵਿੱਚ ਰਹੀ, ਫਿਰ ਰਾਜ ਖੁਸ ਗਿਆ ਅਤੇ ਜਿੰਮੀਦਾਰੇ ਦਾ ਕੰਮ ਰਹਿ ਗਿਆ। 1729 ਈ. ਨੂੰ ਨਾਦਰ ਸ਼ਾਹ ਦਿੱਲੀ 'ਤੇ ਆਣ ਚੜ੍ਹਿਆ। ਸ਼ਹਿਰ ਨੂੰ ਲੁੱਟਿਆ, ਸਾੜਿਆ ਵੱਡਾ ਕਤਲਾਮ ਕੀਤਾ। ਜਦੋਂ ਮੁੜਿਆ ਤਾਂ ਦੁਲੱਟਾਂ ਦੇ ਪਿੰਡ ਵੀ ਉਜਾੜ ਗਿਆ। ਇਹ ਫਿਰ ਜੰਗਲਾਂ ਵਿੱਚ ਜਾ ਲੁਕੇ । ਪਟਿਆਲਾ ਵਾਲੇ ਸਰਦਾਰ ਆਲਾ ਸਿੰਘ ਦਾ ਬੜਾ ਜੋਰ ਸੀ। ਉਹਨਾਂ ਇਨ੍ਹਾਂ ਨੂੰ ਥੇਹ ਵਿੱਚ ਵਸਾ ਲਿਆ। ਇਹਨਾਂ ਨੇ ਥੇਹ ਦਾ ਨਾਉਂ ਆਪਣੇ ਵਡੇਰਿਆਂ ਦੀ ਯਾਦ ਵਿੱਚ ਲੋਂਗੋਵਾਲ ਰਖਿਆ। ਇਥੇ ਹੀ ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ. ਵਿੱਚ ਹੋਇਆ। ਦੁਲੱਟ ਘਰਾਣਾ ਪਹਿਲਾਂ ਪੀਰ ਸਖੀ ਸਰਵਰ ਨੂੰ ਪੂਜਦਾ ਸੀ। ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ ਪਿੰਡ ਅਕੋਈ ਪੁੱਜੇ ਤਾਂ ਗੁਰ ਦਰਸ਼ਨਾਂ ਲਈ ਦੁਲੱਟ ਸਰਦਾਰ ਵੀ ਚੋਖੀ ਸੰਗਤ ਨਾਲ ਪਹੁੰਚੇ। ਗੁਰਬਾਣੀ ਦਾ ਉਪਦੇਸ਼ ਸੁਣ ਅਜਿਹੇ ਪ੍ਰਸੰਨ ਹੋਏ ਕਿ ਪੱਕੇ ਸਿੱਖ ਬਣ ਗਏ। ਉਹਨਾਂ ਵਿਚੋਂ ਭਾਈ ਚੂਹੜ ਸਿੰਘ ਤੇ ਭਾਈ ਭੱਲਣ ਦੋਵੇਂ ਦੁੱਲਟ ਸਰਦਾਰ ਘਰ ਜਾਣਾ ਹੀ ਭੁੱਲ ਗਏ। ਭਾਈ ਭੱਲਣ ਆਪਣੇ ਪੋਤਰੇ ਕਾਲੇ ਸਮੇਤ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਰਹਿ ਪਏ। ਇਹੋ ਭਾਈ ਕਾਲਾ ਜੀ ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਸਨ। ਭਾਈ ਭੱਲਣ ਨੇ ਗੁਰੂ ਸਾਹਿਬ ਜੀ ਦੇ ਦਿਲਬਾਗ ਘੋੜੇ ਦੀ ਸੇਵਾ ਲੈ ਲਈ। ਜਿਧਰ ਤੋੜਾ ਆਪਣੇ ਯੋਧੇ ਸਵਾਰ ਨੂੰ ਲੈ ਕੇ ਜਾਂਦਾ ਭਾਈ ਭੱਲਣ ਵੀ ਨਾਲ ਹੀ ਜਾਂਦਾ। ਇਕ ਵਾਰ ਸ਼ਿਕਾਰ ਖੇਡਦਿਆਂ ਗੁਰੂ ਸਾਹਿਬ ਜੀ ਨੂੰ 2-3 ਸ਼ੇਰਾਂ ਨਾਲ ਟਾਕਰਾ ਕਰਨਾ ਪਿਆ। ਦੋ ਸ਼ੇਰ ਤਾਂ ਗੁਰੂ ਸਾਹਿਬ ਜੀ ਨੇ ਆਪ ਮੁਕਤ ਕੀਤੇ, ਪਰ ਤੀਜਾ ਅੱਗੇ ਵਧਿਆ ਤਾਂ ਭਾਈ ਭੱਲਣ ਨੇ ਉਸ ਨੂੰ ਮਾਰ ਮੁਕਾਇਆ। ਗੁਰੂ ਜੀ ਬੜੇ ਪ੍ਰਸੰਨ ਹੋਏ। ਆਖਣ ਲੱਗੇ ਭਾਈ ਭੱਲਣ ਤੇਰੀ ਕੁਲ ਵਿੱਚ ਸਿੱਖੀ ਸਿਦਕ ਰਹੇਗਾ। ਅਜਿਹੇ ਸੂਰਮੇ ਪੈਦਾ ਹੋਣਗੇ ਜੋ ਸਿੱਖੀ ਭਰੋਸੇ ਵਾਲੇ ਹੋਣਗੇ। ਭਾਈ ਭੱਲਣ ਸਿੱਖ ਸੈਨਾ ਦਾ ਜਰਨੈਲ ਬਣ ਗਿਆ। ਕਰਤਾਰਪੁਰ ਦੀ ਜੰਗ ਵਿੱਚ ਵੈਰੀਆਂ ਦੇ ਆਹੂ ਲਾਹੁੰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਕਾਲਾ ਜੀ ਗੁਰੂ ਚਰਨਾਂ ਵਿੱਚ ਰਹਿੰਦਿਆਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ, ਨਾਮ ਜਪਦੇ, ਕੀਰਤਨ ਸੁਣਦੇ, ਲੰਗਰ ਅਤੇ ਤਬੇਲੇ ਦੀ ਸੇਵਾ ਕਰਦੇ, ਕਸਰਤ ਕਰਦੇ ਤਰਾਂ ਤਰਾਂ ਦੇ ਕਰਤੱਬ ਸਿੱਖਦੇ। ਜੁਆਨ ਹੋਏ ਤਾਂ ਰਣ ਵਿੱਚ ਜਾ ਕੇ ਵੀ ਜੌਹਰ ਵਿਖਾਏ।

ਜੰਗ ਤੋਂ ਬਾਅਦ ਅਮਨ ਹੋ ਗਿਆ ਤਾਂ ਗੁਰੂ ਸਾਹਿਬ ਜੀ ਨੇ ਭਾਈ ਕਾਲਾ ਨੂੰ ਆਪਣੇ ਨਗਰ ਜਾਣ ਦੀ ਆਗਿਆ ਦਿੱਤੀ। ਭਾਈ ਕਾਲਾ ਜੀ ਨੇ ਘਰ ਆ ਕੇ ਵਿਆਹ ਕਰ ਲਿਆ। ਆਪ ਜੀ ਦੀ ਸੁਪਤਨੀ ਦਾ ਨਾਉਂ ਦਇਆ ਕੌਰ ਸੀ। ਉਹਨਾਂ ਦਾ ਗੁਰ ਸਿੱਖੀ ਵਾਲਾ ਜੀਵਨ ਸੀ। ਦੋ ਪੁੱਤਰਾਂ ਦੀ ਬਖਸ਼ਿਸ਼ ਹੋਈ। ਜੇਠੇ ਪੁੱਤਰ ਦਾ ਨਾਉਂ ਭਾਈ ਨਗਾਹੀਆ ਅਤੇ ਛੋਟੇ ਦਾ ਮਨੀਆ, ਜੋ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਵਜੋਂ ਪ੍ਰਸਿੱਧ ਹੋਏ। ਭਾਈ ਸਾਹਿਬ ਜੀ ਨੇ ਜੀਵਨ ਵਿੱਚ ਗੁਰਸਿੱਖੀ ਦੇ ਗੁਣ ਅਪਨਾਏ। ਨਿਸ਼ਕਾਮ ਸੇਵਾ, ਗੁਰ ਸਤਿਕਾਰ, ਪੰਥ ਪਿਆਰ, ਅਸਚਰਜ ਵਿਦਵਤਾ, ਨੀਤੀ, ਨਿਰਮਾਣ ਬੇਅੰਤ ਘਾਲਣਾ, ਅਦੁੱਤੀ ਕੁਰਬਾਨੀ, ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਸਾਧੂ ਸੁਭਾਅ। ਭਾਈ ਨਗਾਹੀਆਂ ਸਿੰਘ ਅਤੇ ਭਾਈ ਮਨੀ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਗ੍ਰੰਥੀ ਕੋਲ ਪੜ੍ਹਨੇ ਪਾਇਆ। ਭਾਈ ਮਨੀ ਸਿੰਘ ਜੀ ਪੜ੍ਹਾਈ ਵਿੱਚ ਹੁਸ਼ਿਆਰ ਸਨ। ਕੁਝ ਪੜ੍ਹਨਾ ਲਿਖਣਾ ਸਿੱਖ ਗਏ। ਉਹਨਾਂ ਦੇ ਪਿਤਾ ਜੀ ਭਾਈ ਕਾਲਾ ਜੀ ਇੱਕ ਪੂਰਨ ਸਿੱਖ ਸਨ,



ਧਰਮ ਪ੍ਰੇਮੀ ਸਨ। ਨੌਵੇਂ ਪਾਤਸ਼ਾਹ ਧਰਮ ਦੀ ਰਖਿਆ ਲਈ ਦਿੱਲੀ ਵਿੱਚ ਸ਼ਹੀਦ ਹੋ ਚੁੱਗੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਵਿੱਚ ਪਹਾੜੀ ਰਾਜਿਆਂ ਨਾਲ ਛੋਟੀਆਂ ਛੋਟੀਆਂ ਲੜਾਈਆਂ ਵਿੱਚ ਰੁੱਝੇ ਹੋਏ ਸਨ। ਲੋਕ ਵਹੀਰਾਂ ਪਾ ਕੇ ਗੁਰੂ ਸਾਹਿਬ ਜੀ ਦੀ ਮਦਦ ਲਈ ਆਨੰਦਪੁਰ ਸਾਹਿਬ ਆ ਰਹੇ ਸਨ। ਭਾਈ ਕਾਲਾ ਜੀ ਵੀ ਪ੍ਰਵਾਰ ਸਮੇਤ ਆਨੰਦਪੁਰ ਸਾਹਿਬ ਗੁਰ ਦਰਬਾਰ ਵਿੱਚ ਆਣ ਪਹੁੰਚੇ। ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਦੀਵਾਨ ਦੀ ਸਮਾਪਤੀ 'ਤੇ ਸੰਗਤ ਗੁਰੂ ਜੀ ਵਲ ਵਧੀ। ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਦਗ ਦਗ ਹੋ ਗਏ। ਵਿਸਮਾਦ ਵਿੱਚ ਆ ਗਏ। ਗੁਰੂ ਜੀ ਨੂੰ ਮਨੀਏ ਨੂੰ ਵੇਖ ਕੇ ਅਜਿਹਾ ਪ੍ਰੇਮ ਆਇਆ ਕਿ ਆਪਣੇ ਪਾਸ ਬਿਠਾ ਲਿਆ। ਭਾਈ ਕਾਲਾ ਜੀ ਕੁਝ ਦਿਨ ਅਨੰਦਪੁਰ ਸਾਹਿਬ ਰਹੇ। ਸਾਰੀ ਸੰਗਤ ਆਗਿਆ ਲੈ ਕੇ ਘਰਾਂ ਨੂੰ ਪਰਤੀ ਤਾਂ ਭਾਈ ਮਨੀਆ ਜੀ ਆਪਣੇ ਪਿਤਾ ਨੂੰ ਕਹਿਣ ਲੱਗੇ ਕਿ ਮੈਂ ਇੱਥੇ ਹੀ ਰਹਿਣਾ ਹੈ। ਘਰ ਨਹੀਂ ਜਾਣਾ। ਗੁਰੂ ਜੀ ਨੇ ਵੀ ਕਹਿ ਦਿੱਤਾ ਕਿ ਭਾਈ ਮਨੀਆ ਨਾਲ ਜਾਵੇ। ਭਾਈ ਕਾਲਾ ਜੀ ਬੜੇ ਪ੍ਰਸੰਨ ਹੋਏ। ਮਨੀਏ ਨੂੰ ਗੁਰ ਚਰਨਾਂ ਵਿੱਚ ਛੱਡ ਕੇ ਆਪ ਘਰ ਮੁੜ ਗਏ। ਮਨੀਏ ਦੀ ਉਮਰ 8-10 ਸਾਲ ਸੀ। ਅੰਤਲੇ ਦਮ ਤਕ ਸਾਰੀ ਉਮਰ ਉਹਨਾਂ ਨੇ ਪੰਥ ਦੀ ਸੇਵਾ ਕੀਤੀ।

ਭਾਈ ਮਨੀ ਸਿੰਘ ਜੀ ਦੇ ਪ੍ਰਵਾਰ ਨੂੰ ਸ਼ਹੀਦਾਂ ਦਾ ਪ੍ਰਵਾਰ ਵਜੋਂ ਮਾਨਤਾ ਪ੍ਰਾਪਤ ਹੈ। ਗੁਰੂਆਂ ਪ੍ਰਤੀ ਸ਼ਰਧਾ ਉਹਨਾਂ ਨੂੰ ਵਿਰਾਸਤ ਵਿੱਚ ਮਿਲੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੇਲੇ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿੱਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ, ਭਾਈ ਮਨੀਰਾਮ ਜੀ ਦੇ ਭਰਾ ਸਨ। ਭਾਈ ਸਾਹਿਬ ਦੀ ਛੋਟੀ ਉਮਰ ਵਿੱਚ ਭਰਵਾਂ ਸਰੀਰ, ਸ਼ਾਂਤ ਚਿਹਰਾ, ਉਹਨਾਂ ਨੂੰ ਜਿਹੜੀ ਵੀ ਸੇਵਾ ਮਿਲਦੀ ਬੜੇ ਸੁੱਚਜੇ ਢੰਗ ਨਾਲ ਨਿਭਾਉਂਦੇ ਜਿਵੇਂ ਦੀਵਾਨ ਵਿੱਚ ਪੱਖਾ ਕਰਦੇ, ਲੰਗਰਾਂ ਵਿੱਚ ਪਾਣੀ ਢੋਂਦੇ , ਭਾਂਡੇ ਮਾਂਜਦੇ। ਗੁਰੂ ਸਾਹਿਬ ਉਹਨਾਂ ਦੀ ਸੇਵਾ ਤੇ ਪ੍ਰਸੰਨ ਹੁੰਦੇ। ਉਹਨਾਂ ਨੂੰ ਲੰਗਰ ਦਾ ਜਥੇਦਾਰ ਬਣਾ ਦਿੱਤਾ। ਉਹਨਾਂ ਦਾ ਲੰਗਰ ਦਾ ਪ੍ਰਬੰਧ ਸ਼ਲਾਘਾਯੋਗ ਸੀ। ਉਹ ਨਿਰਮਾਣ ਤੇ ਨਿਸ਼ਕਾਮ ਸੇਵਕ ਬਣਦੇ ਗਏ। ਗੁਰੂ ਸਾਹਿਬ ਜੀ ਨੇ ਭਾਈ ਮਨੀਆ ਨੂੰ ਵਿਦਿਆ ਪ੍ਰਾਪਤੀ ਵੱਲ ਲਾ ਲਿਆ। ਜਦ ਉਹ ਪੜ੍ਹਨਾ ਲਿਖਣਾ ਸਿੱਖ ਗਏ ਤਾਂ ਉਹਨਾਂ ਨੇ ਹੋਰਨਾਂ ਨੂੰ ਵੀ ਪੜਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਦੀਵਾਨ ਵਿੱਚ ਕਥਾ ਕਰਨ ਲੱਗ ਪਏ। ਗੁਰੂ ਸਾਹਿਬ ਜੀ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ ਤੋਂ ਵੀ ਗਿਆਨ ਪ੍ਰਾਪਤ ਕੀਤਾ। ਗੁਰੂ ਸਾਹਿਬ ਜੀ ਜਦੋਂ ਪਾਉਂਟਾ ਸਾਹਿਬ ਵਿਖੇ ਇਕਾਂਤ ਵਾਸ ਵਿੱਚ ਸਨ ਤਾਂ ਭਾਈ ਮਨੀਆ ਨੇ ਸਤੰਬਰ 1688 ਵਿੱਚ ਭੰਗਾਣੀ , 1690 ਵਿੱਚ ਨਦੋਣ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿਸਾ ਲਿਆ। ਸੰਨ 1691 ਵਿੱਚ ਗੁਰੂ ਸਾਹਿਬ ਜੀ ਨੇ ਨੰਦ ਚੰਦ ਤੋਂ ਬਾਅਦ ਉਹਨਾਂ ਨੂੰ ਦੀਵਾਨ ਦੀ ਉਪਾਧੀ ਦਿੱਤੀ। ਸੰਨ 1695 ਵਿੱਚ ਜਦੋਂ ਮੁਗਲ ਸੈਨਾਪਤੀ ਹੁਸੈਨ ਖਾਨ ਨੇ ਆਨੰਦਪੁਰ ਤੇ ਹਮਲਾ ਕੀਤਾ ਤਾਂ ਵੀ ਭਾਈ ਮਨੀਆ ਜੀ ਬੜੀ ਬ ਹ ਾਦਰੀ ਨਾਲ ਲੜੇ। ਗੁਰੂ ਦਰਬਾਰ ਵਿੱਚ ਉਹਨਾਂ ਦਾ ਸਥਾਨ ਲੇਖਕ ਪ੍ਰਚਾਰਕ ਅਤੇ ਬਹਾਦਰੀ ਦਾ ਸੀ। ਉਹ ਗੁਰੂ ਦਰਬਾਰ ਦੇ 52 ਰਤਨ ਕਵੀਆਂ ਵਿਚੋਂ ਵੀ ਇੱਕ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਗਿਆਨੀ ਦੀ ਉਪਾਧੀ ਦਿੱਤੀ ਅਤੇ ਸਿਰੋਪਾਓ ਦੇ ਕੇ ਸੰਗਤ ਵਿੱਚ ਸ਼ਲਾਘਾ ਵੀ ਕੀਤੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛੱਕ ਕੇ ਨਾਉਂ ਮਨੀ ਸਿੰਘ ਹੋ ਗਿਆ। ਸੰਨ 1704 ਵਿੱਚ 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾ ਨੂੰ ਸੁਰੱਖਿਅਕ ਦਿੱਲੀ ਪਹੁੰਚਾਉਣ ਵਿੱਚ ਸਫਲ ਹੋਏ। ਜਦੋਂ ਗੁਰੂ ਸਾਹਿਬ ਜੀ 29 ਦਸੰਬਰ 1705 ਨੂੰ ਮੁਕਤਸਰ ਦੀ ਜੰਗ ਤੋਂ ਬਾਅਦ ਸਾਬੋ ਕੀ ਤਲਵੰਡੀ ਆਣ ਪੁੱਜੇ। ਇਥੇ ਆਰਾਮ ਕੀਤਾ, ਇਸੇ ਲਈ ਇਸ ਦਾ ਨਾਉਂ ਦਮਦਮਾ ਸਾਹਿਬ ਪੈ ਗਿਆ। ਇੱਥੇ ਗੁਰੂ ਸਾਹਿਬ ਜੀ ਨੇ ਵਿਦਿਆ ਅਤੇ ਸਾਹਿਤ ਦਾ ਪ੍ਰਵਾਹ ਚਲਾਇਆ। ਇਸੇ ਕਰਕੇ ਇਸ ਨੂੰ ਗੁਰੂ ਕੀ ਕਾਸ਼ੀ ਵੀ ਆਖਦੇ ਹਨ। ਭਾਈ ਸਾਹਿਬ ਗੁਰੂ ਕੇ ਮਹਿਲਾ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਗੁਰੂ ਸਾਹਿਬ ਜੀ ਨੇ ਇੱਥੇ ਹੀ ਭਾਈ ਸਾਹਿਬ ਪਾਸੋਂ ਆਦਿ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਲਿਖਵਾਈ। ਬਾਬਾ ਦੀਪ ਸਿੰਘ ਜੀ ਨੇ ਵੀ ਸੇਵਾ ਨਾਲ ਨਿਭਾਈ।

ਅੰਮ੍ਰਿਤਸਰ ਦੀ ਸੰਗਤ ਨੇ ਬੇਨਤੀ ਕੀਤੀ ਤਾਂ ਭਾਈ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਅਤੇ ਬਾਅਦ ਵਿੱਚ ਅਕਾਲੀ ਬੁੰਗੇ ਦਾ ਸੇਵਾਦਾਰ ਨਿਯੁਕਤ ਕੀਤਾ। ਉਹਨਾਂ ਅੰਮ੍ਰਿਤਸਰ ਦੀ ਪ੍ਰਪੱਕ ਮਰਿਆਦਾ ਚਲਾਉਣ ਲਈ ਸੇਵਾ ਨਿਭਾਈ। ਉਹ ਗੁਰਬਾਣੀ ਦੀ ਵਿਆਖਿਆ ਨਾਲ ਸੰਗਤਾਂ ਨੂੰ ਜੋੜਦੇ ਸਨ। ਉਹਨਾਂ ਨੇ ਪ੍ਰਚਾਰ ਲਈ 1714-15 ਵਿੱਚ ਝੰਗ ਪਾਕਿਸਤਾਨ ਵਿਖੇ ਪ੍ਰਚਾਰ ਕੀਤਾ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਥ ਦੋ ਦਲਾਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡਿਆ ਗਿਆ ਸੀ। ਸੰਗਤਾਂ ਵਿੱਚ ਭਾਈ ਸਾਹਿਬ ਦਾ ਬੜਾ ਸਤਿਕਾਰ ਸੀ। ਭਾਈ ਸਾਹਿਬ ਨੇ ਆਪਣੇ ਪ੍ਰਭਾਵ ਨਾਲ ਖ਼ਾਲਸੇ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ।

ਸੰਨ 1734 ਵਿੱਚ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ ਬੰਦੀ ਛੋੜ ਦੀਪਮਾਲਾ ਦਿਵਸ ਮਨਾਉਣ। ਜਕਰੀਆ ਖਾਨ ਲਾਹੌਰ ਦਾ ਰਾਜਪਾਲ ਸੀ। ਉਸਨੇ ਸੁਰੱਖਿਆ ਪ੍ਰਦਾਨ ਕਰਨ ਲਈ ਪੰਜ ਹਜ਼ਾਰ ਰੁਪਏ ਅਦਾ ਕਰਨ ਲਈ ਕਿਹਾ। ਜਕਰੀਆਂ ਖਾਨ ਅਤੇ ਦੀਵਾਨ ਲੱਖਪਤ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲਾਂ ਦੀ ਇਸ ਚਾਲ ਦਾ ਪਤੱਤ ਭਾਈ ਸਾਹਿਬ ਨੂੰ ਲੱਗ ਗਿਆ ਕਿ ਇਕੱਠ ਤੋਂ ਪਹਿਲਾਂ ਹੀ ਘੇਰਾ ਬੰਦੀ ਲਈ ਫ਼ੌਜ ਲਗਾ ਦਿੱਤੀ ਗਈ ਸੀ। ਕਤਲੇਆਮ ਦੇ ਬਚਾਅ ਲਈ ਭਾਈ ਸਾਹਿਬ ਜੀ ਨੇ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ ਸੰਗਤਾਂ ਪੁਰਬ 'ਤੇ ਨਾ ਪਹੁੰਚਣ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਾਵੇ ਦੀ ਧੰਨ ਰਾਸ਼ੀ ਵਿਚੋਂ ਸਰਕਾਰੀ ਅਦਾਇਗੀ ਨਹੀਂ ਹੋ ਸਕਦੀ ਸੀ।

ਦੁਬਾਰਾ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿੱਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੰਘਾਂ ਨੂੰ ਇਕੱਠੇ ਕਰਕੇ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੰਘਾਂ ਦੇ ਕਤਲੇਆਮ ਨੂੰ ਰੋਕਣ ਲਈ ਸੁਨੇਹੇ ਭੇਜੇ ਕਿ ਇਹ ਵੀ ਹਕੂਮਤ ਦੀ ਸਿੰਘਾਂ ਨੂੰ ਖਤਮ ਕਰਨ ਦੀ ਇੱਕ ਹੋਰ ਚਾਲ ਹੈ ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤੱਤ ਨੂੰ ਫ਼ੌਜ ਦੇ ਕੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਦਿੱਤੱਤ। ਜਿਸ ਵਿੱਚ ਸਿੰਘਾਂ ਦਾ ਜਾਨੀ ਨੁਕਸਾਨ ਵੀ ਹੋਇਆ। ਅਦਾਇਗੀ ਜੋਗੀ ਰਕਮ ਫਿਰ ਇਕੱਠੀ ਨਾ ਹੋ ਸਕੀ।

ਸੂਬੇ ਦੇ ਪ੍ਰਬੰਧਕ ਆ ਗਏ ਕਿ ਲਾਹੌਰ ਚਲ ਕੇ ਰਕਮ ਤਾਰ ਆਉ ਅਤੇ ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਰਕਮ ਨਾ ਅਦਾ ਕਰਨ ਦੇ ਦੋਸ਼ ਵਿੱਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਸੂਬੇ ਨੇ ਕਿਹਾ ਕਿ ਇਸਲਾਮ ਕਬੂਲ ਕਰ ਲੈ ਰਕਮ ਮੁਆਫ਼ ਹੋ ਜਾਵੇਗੀ। ਭਾਈ ਸਾਹਿਬ ਨੇ ਕਿਹਾ ਕਿ ਮੇਰਾ ਧਰਮ ਨਿਆਰਾ ਹੈ। ਇਹ ਆਸ ਨਾ ਰੱਖੀ ਕਿ ਮੈਂ ਤੇਰੇ ਡਰਾਵਿਆਂ ਤੋਂ ਡਰ ਕੇ ਆਪਣਾ ਧਰਮ ਤਿਆਗ ਦੇਵਾਂ। ਤਕ ਸੂਬੇ ਨੇ ਕਈ ਤਰਾਂ ਦੇ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਪਰ ਭਾਈ ਸਾਹਿਬ ਕਿਸੇ ਵੀ ਗਲ ਵਿੱਚ ਨਾ ਆਏ। ਕਾਰਵਾਈ ਅਗਲੇ ਦਿਨ ਤੇ ਪਾ ਦਿੱਤੀ ਗਈ ਕਿ ਸ਼ਾਇਦ ਭਾਈ ਸਾਹਿਬ ਸਮਾਂ ਪਾ ਕੇ ਆਪਣੀ ਦਲੀਲ ਬਦਲ ਲੈਣ।

ਅਗਲੇ ਦਿਨ ਫਿਰ ਉਹੀ ਸ਼ਰਤਾਂ ਭਾਈ ਸਾਹਿਬ ਸਾਹਮਣੇ ਰੱਖੀਆਂ ਗਈਆਂ। ਭਾਈ ਸਾਹਿਬ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਨਾ ਤਾਂ ਮੇਰੇ ਕੋਲ ਰਕਮ ਅਦਾ ਕਰਨ ਲਈ ਹੈ ਅਤੇ ਨਾ ਹੀ ਮੈਂ ਆਪਣਾ ਪਿਆਰਾ ਧਰਮ ਹੀ ਬਦਲਣਾ ਹੈ। ਮੈਨੂੰ ਤੇਰੀ ਸਜ਼ਾ ਦਾ ਵੀ ਕੋਈ ਡਰ ਨਹੀਂ ਹੈ।

ਸੂਬੇ ਨੇ ਆਪਣੇ ਕਾਜ਼ੀ ਬੁਲਾ ਲਏ ਤੇ ਉਹਨਾਂ ਨੂੰ ਆਖਿਆ ਕਿ ਵੇਖੋ ਖਾਂ, ਐਸੇ ਕਾਫ਼ਰ ਲਈ ਸਾਡੀ ਸ਼ਰ੍ਹਾ ਵਿੱਚ ਕੀ ਸਜਾ ਹੈ? ਜੋ ਆਪਣੇ ਵਾਅਦੇ ਤੋਂ ਮੁਨਕਰ ਹੋ ਕੇ ਰਕਮ ਭੀ ਨਾ ਦੇ ਸਕੇ ਅਤੇ ਦੀਨ ਵੀ ਨਾ ਕਬੂਲੇ। ਕਾਜ਼ੀ ਨੇ ਕਿਹਾ ਕਿ ਐਸੇ ਕਾਫ਼ਰ ਲਈ ਤਿੰਨ ਹੁਕਮ ਹਨ। ਉਹ ਵਾਅਦੇ ਮੁਤਾਬਕ ਰਕਮ ਤਾਰ ਦੇਵ ਜਾਂ ਦੀਨ ਕਬੂਲ ਕਰ ਲਵੇ। ਅਤੇ ਜਾਂ ਬੰਦ ਬੰਦ ਕਟਵਾਣੇ ਮਨਜ਼ੂਰ ਕਰੇ। ਭਾਈ ਸਾਹਿਬ ਜੀ ਨੇ ਖਿੜੇ ਮੱਥੇ ਸਜਾ ਕਬੂਲ ਕੀਤੀ ਕਿ ਮੈਂ ਬੰਦ ਬੰਦ ਕਟਵਾਏ ਜਾਣ ਨੂੰ ਤਿਆਰ ਹਾਂ। ਗੁਰੂ ਕੇ ਸਿੰਘਾਂ ਨੂੰ ਮੌਤ ਤੋਂ ਅਸਲੋਂ ਡਰ ਨਹੀਉਂ ਭਾਵੇਂ ਉਹ ਕੈਸੇ ਹੀ ਭਿਆਨਕ ਰੂਪ ਵਿੱਚ ਸਾਹਮਣੇ ਆਵੇ।

ਭਾਈ ਸਾਹਿਬ ਜੀ ਜੀ ਦੇ ਨਾਲ ਸਿੰਘ ਵੀ ਸ਼ਹੀਦ ਹੋਏ। ਭਾਈ ਦੀਵਾਨ ਸਿੰਘ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਗੁਲਜ਼ਾਰ ਸਿੰਘ , ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਂਕ ਲੰਡੇ ਬਾਜ਼ਾਰ ਲਾਹੌਰ ਵਿੱਚ 90 ਸਾਲ ਦੀ ਉਮਰ ਵਿੱਚ 24 ਜੂਨ 1734 ਨੂੰ ਬੰਦ ਬੰਦ ਕਟਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲੇ ਕੋਲ ਕੀਤੇ। ਜਿਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਨਿਆ ਹੈ। ਭਾਈ ਸਾਹਿਬ ਜੀ ਦਾ ਸਮੁੱਚਾ ਜਵੀਨ ਸਿਦਕ, ਸੇਵਾ ਸੰਭਾਲ ਅਤੇ ਕੁਰਬਾਨੀ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਗੁਰੂ ਪੰਥ ਦੇ ਨਿਸ਼ਕਾਮ ਸੇਵਕ ਸੇਵਾ ਅਤੇ ਕੁਰਬਾਨੀ ਵਿੱਚ ਸੱਚ ਮੁੱਚ ਇੱਕ ਸੱਚੇ ਸਿੱਖ ਸਨ। ਪੰਥਕ ਆਨ ਸ਼ਾਨ ਤੇ ਮਰ ਮਿਟਣ ਵਾਲੇ ਸਿਦਗੀ ਪ੍ਰਵਾਨੇ ਸਨ। ਉਹਨਾਂ ਦੀ ਸ਼ਹਾਦਤ ਦੇ ਰੋਹ ਵਿੱਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਬਹਾਦਰੀ ਵਾਲਾ ਰਾਹ ਅਪਣਾਇਆ। ਉਹਨਾਂ ਦੀ ਸ਼ਹਾਦਤ ਨੂੰ ਸਿੱਖ ਕੌਮ ਨੇ ਵਿਰਥਾ ਨਹੀਂ ਜਾਣ ਦਿੱਤਾ।

ਅਜੀਬੋ .ਗਰੀਬ ਦੁਨੀਆਂ

# ਜਾਪਾਨ ਦੀਆਂ ਕੁਝ ਅਜੀਬੋ-.ਗਰੀਬ ਚੀਜ਼ਾਂ







ਜਾਪਾਨ ਇੱਕ ਸ਼ਾਨਦਾਰ ਦੇਸ਼ ਹੈ, ਜੋ ਆਪਣੀ ਨਵੀਨਤਾਕਾਰੀ ਤਕਨੀਕ ਅਤੇ ਵਿਚਾਰਾਂ ਨਾਲ ਅੱਗੇ ਵਧ ਰਿਹਾ ਹੈ। ਪਰ, ਕੁਝ ਜਾਪਾਨੀ ਕਾਢਾਂ ਇੰਨੀਆਂ ਅਜੀਬ ਹੁੰਦੀਆਂ ਹਨ ਕਿ ਤੁਹਾਨੂੰ ਦੇਖਣ ਤੋਂ ਬਾਅਦ ਸਮਝ ਨਹੀਂ ਆਵੇਗਾ ਕਿ ਅਜਿਹਾ ਕਿਉਂ ਅਤੇ ਕਿਵੇਂ ਹੁੰਦਾ ਹੈ ? ਲਗਭਗ ਹਰ ਚੀਜ਼ ਲਈ ਵੈਂਡਿੰਗ ਮਸ਼ੀਨਾਂ ਤੋਂ ਲੈ ਕੇ ਆਕਟੋਪਸ ਫਲੇਵਰਡ ਆਈਸਕ੍ਰੀਮ ਕੈਫੇ ਅਤੇ ਕੀ ਨਹੀਂ, ਜਾਪਾਨ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਇਸ ਲੇਖ ਵਿੱਚ ਅੱਜ ਅਸੀਂ ਤੁਹਾਨੂੰ ਜਾਪਾਨ ਦੀਆਂ ਕੁਝ ਅਜੀਬੋ-ਗਰੀਬ ਚੀਜ਼ਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਪੜ੍ਹ ਕੇ ਤੁਹਾਨੂੰ ਵੀ ਮਜ਼ਾ ਆਵੇਗਾ।

### ਕਡਲ ਕੈਫੇ

ਜਾਪਾਨ ਵਿੱਚ ਕਡਲ ਕੈਫੇ ਦਾ ਇੱਕ ਬਹੁਤ ਵੱਡਾ ਬਾਜ਼ਾਰ ਹੈ। ਜਪਾਨ ਦੀ ਟੈਕਨਾਲੋਜੀ ਦੇਖ ਕੇ ਤੁਸੀਂ ਸਮਝ ਜਾਓਗੇ ਕਿ ਉੱਥੇ ਦੇ ਲੋਕ ਦਿਨ-ਰਾਤ ਮਿਹਨਤ ਕਰਦੇ ਹ'ਚ ਕਈ ਥਾਵਾਂ 'ਤੇ ਕਡਲ ਕੈਫੇ ਦੇਖਣ ਨੂੰ ਮਿਲਣਗੇ। ਇਨ੍ਹਾਂ ਕੈਫੇ ਵਿੱਚ, ਲੋਕ ਆਰਾਮ ਕਰ ਸਕਦੇ ਹਨ, ਨਾਲ ਹੀ ਆਪਣੇ ਸਾਥੀ ਜਾਂ ਦੋਸਤਾਂ ਤੋਂ ਕਡਲ ਥੈਰੇਪੀ ਲੈ ਕੇ ਆਪਣੀ ਥਕਾਵਟ ਨੂੰ ਦੂਰ ਕਰ ਸਕਦੇ ਹਨ। ਤੁਹਾਨੂੰ ਇਹ ਸੁਣ ਕੇ ਥੋੜਾ ਅਜੀਬ ਲੱਗ ਸਕਦਾ ਹੈ, ਪਰ ਅਸਲ ਵਿੱਚ ਇਹ ਕੁਝ ਮਿੰਟਾਂ ਵਿੱਚ ਇੱਕ ਆਰਾਮਦਾਇਕ ਚੀਜ਼ ਹੈ।

### ਆਕਟੋਪਸ ਸੁਆਦ ਵਾਲੀ ਆਈਸ ਕਰੀਮ

ਆਕਟੋਪਸ ਅਜਿਹੇ ਸਮੁੰਦਰੀ ਭੋਜਨ ਵਿੱਚ ਆਉਂਦਾ ਹੈ, ਜੋ ਸਮੁੰਦਰੀ ਭੋਜਨ ਦੇ ਸ਼ੌਕੀਨਾਂ ਨੂੰ ਬਹੁਤ ਪਸੰਦ ਹੁੰਦਾ ਹੈ, ਪਰ ਇਸ ਤੋਂ ਬਣੀ ਆਈਸਕ੍ਰੀਮ ਸੁਣਨ ਵਿੱਚ ਕਾਫ਼ੀ ਅਜੀਬ ਹੈ। ਜੋ ਲੋਕ ਭੋਜਨ ਦੇ ਨਾਲ ਪ੍ਰਯੋਗ ਕਰਨਾ ਪਸੰਦ ਕਰਦੇ ਹਨ ਉਹ ਆਕਟੋਪਸ ਆਈਸਕ੍ਰੀਮ ਦੀ ਕੋਸ਼ਿਸ਼ ਕਰ ਸਕਦੇ ਹਨ।

### ਵੈਂਡਿੰਗ ਮਸ਼ੀਨ

ਜਾਪਾਨ ਵਿੱਚ 5 ਮਿਲੀਅਨ ਤੋਂ ਵੱਧ ਵੈਂਡਿੰਗ ਮਸ਼ੀਨਾਂ ਹਨ, ਤੁਸੀਂ ਹੈਰਾਨ ਕਿਉਂ ਹੋ ? ਤੁਸੀਂ ਵੀ ਹੈਰਾਨ ਹੋ ਰਹੇ ਹੋਵੋਗੇ ਕਿ ਜਾਪਾਨ ਵਿੱਚ ਇੰਨੀਆਂ ਮਸ਼ੀਨਾਂ ਕਿਸ ਲਈ ਲਗਾਈਆਂ ਗਈਆਂ ਹਨ ! ਜਾਪਾਨ ਵੈਂਡਿੰਗ ਮਸ਼ੀਨ ਮੈਨੂਫੈਕਚਰਰ ਐਸੋਸੀਏਸ਼ਨ ਦੇ ਅਨੁਸਾਰ, ਇੱਕ ਵੈਂਡਿੰਗ ਮਸ਼ੀਨ ਹਰ 23 ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਜਾਪਾਨ ਦੀ ਆਬਾਦੀ ਅਤੇ ਜਾਇਦਾਦ ਦੀਆਂ ਕੀਮਤਾਂ ਦੇ ਕਾਰਨ, ਜਾਪਾਨੀ ਲੋਕਾਂ ਕੋਲ ਖਪਤਕਾਰ ਵਸਤੂਆਂ ਨੂੰ ਸਟੋਰ ਕਰਨ ਲਈ ਜ਼ਿਆਦਾ ਜਗ੍ਹਾ ਨਹੀਂ ਹੈ, ਜਿਸ ਕਾਰਨ ਜਾਪਾਨੀ ਕੰਪਨੀਆਂ ਨੇ ਪ੍ਰਚੂਨ ਸਟੋਰ ਖੋਲ੍ਹਣ ਦੀ ਬਜਾਏ ਵੈਂਡਿੰਗ ਮਸ਼ੀਨਾਂ ਨੂੰ ਸਥਾਪਿਤ ਕੀਤਾ ਹੈ। ਦੇਸ਼ ਵਿੱਚ ਲਗਭਗ ਹਰ ਚੀਜ਼ ਲਈ ਇੱਕ ਵੈਂਡਿੰਗ ਮਸ਼ੀਨ ਹੈ, ਭਾਵੇਂ ਇਹ ਸਨੈਕ ਹੋਵੇ ਜਾਂ ਅੰਡਰਗਾਰਮੈਂਟਸ ! ਅਜੀਬ ਹੈ ਨਾ ?

### ਡਿਊਟੀ ਦੌਰਾਨ ਸੌਣਾ ਵਚਨਬੱਧਤਾ ਦੀ ਨਿਸ਼ਾਨੀ



ਜ਼ਿਆਦਾਤਰ ਦੇਸ਼ਾਂ ਵਿੱਚ, ਨੌਕਰੀ 'ਤੇ ਸੌਣ ਦੇ ਨਤੀਜੇ ਵਜੋਂ ਜਾਂ ਤਾਂ ਤੁਹਾਡੇ ਬੌਸ ਤੋਂ ਝਿੜਕਿਆ ਜਾ ਸਕਦਾ ਹੈ ਜਾਂ ਸਖ਼ਤ ਕਾਰਵਾਈ ਹੋ ਸਕਦੀ ਹੈ। ਜਾਪਾਨ ਵਿੱਚ, ਹਾਲਾਂਕਿ, ਡਿਊਟੀ 'ਤੇ ਸੌਣਾ ਬਿਲਕੁਲ ਸਵੀਕਾਰਯੋਗ ਹੈ, ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਕੰਮ 'ਤੇ ਸੌਣਾ ਸਖਤ ਮਿਹਨਤ ਦੀ ਨਿਸ਼ਾਨੀ ਹੈ, ਆਲਸ ਦੀ ਨਹੀਂ। ਜਾਪਾਨ ਦੀਆਂ ਕੁਝ ਕੰਪਨੀਆਂ ਕਰਮਚਾਰੀਆਂ ਨੂੰ ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ ਕਿਸੇ ਵੀ ਸਮੇਂ 30 ਮਿੰਟ ਲਈ ਸੌਣ ਦੀ ਇਜਾਜ਼ਤ ਦਿੰਦੀਆਂ ਹਨ, ਜਿਸ ਨੂੰ ਇਨੇਮੁਰੀ ਕਿਹਾ ਜਾਂਦਾ ਹੈ।

### ਟੇਢੇ ਦੰਦ ਇੱਕ ਫੈਸ਼ਨ

ਜਾਪਾਨ ਵਿੱਚ, ਹਾਲਾਂਕਿ, ਜਵਾਨ ਔਰਤਾਂ ਯਾਬਾ (ਸ਼ਾਬਦਿਕ ਤੌਰ 'ਤੇ ਡਬਲ ਟੂਥ ਕੈਪ ਪਹਿਨ ਰਹੀਆਂ ਹਨ, ਜਿਸ ਵਿੱਚ ਉਨ੍ਹਾਂ ਦੇ ਦੰਦਾਂ ਨੂੰ ਸੁੰਦਰ ਦਿਖਾਈ ਦਿੰਦਾ ਹੈ ਜੇਕਰ ਉਹ ਵਿਚਕਾਰੋਂ ਟੁੱਟੇ ਹੋਏ ਹਨ, ਮੋਟੇ ਹਨ। ਅਜਿਹੇ ਅਜੀਬੋ-ਗਰੀਬ ਸਟਾਈਲ ਸਟੇਟਮੈਂਟ ਲੋਕਾਂ 'ਚ ਕਾਫੀ ਮਸ਼ਹੂਰ ਹੋ ਰਹੇ ਹਨ ਅਤੇ ਇਹ ਕਾਫੀ ਮਹਿੰਗੇ ਵੀ ਹਨ।

### ਬੱਚੇ ਕਰਦੇ ਹਨ ਆਪਣੇ ਸਕੂਲ ਦੀ ਸਫਾਈ

- ਜਾਪਾਨ ਵਿੱਚ ਆਪਣੇ ਕਲਾਸਰੂਮ ਅਤੇ ਸਕੂਲ ਦੀ ਸਫਾਈ ਕਰਨਾ ਬੱਚਿਆਂ ਦੀ ਸਕੂਲੀ ਪੜ੍ਹਾਈ ਦਾ ਇੱਕ ਹਿੱਸਾ ਹੈ। ਓ-ਸੋਜੀ ਨਾਮਕ ਪਰੰਪਰਾ ਦੇ ਹਿੱਸੇ ਵਜੋਂ, ਪਹਿਲੇ ਦਰਜੇ ਦੇ ਵਿਦਿਆਰਥੀ ਹਰ ਰੋਜ਼ ਆਪਣੇ ਕਲਾਸਰੂਮਾਂ ਨੂੰ ਸਾਫ਼ ਕਰਨ ਅਤੇ ਆਪਣੇ ਸਹਿਪਾਠੀਆਂ ਨੂੰ ਦੁਪਹਿਰ ਦਾ ਖਾਣਾ ਪਰੋਸਣ ਅਤੇ ਇੱਥੋਂ ਤੱਕ ਕਿ ਟਾਇਲਟ ਵੀ ਸਾਫ਼ ਕਰਨ ਲਈ ਸਮਾਂ ਕੱਢਦੇ ਹਨ। ਸਾਲ ਵਿੱਚ ਕੁਝ ਵਾਰ, ਉਹ ਸਕੂਲ ਦੇ ਆਂਢ-ਗੁਆਂਢ ਦੀ ਸਫਾਈ ਵੀ ਕਰਦੇ ਹਨ ਅਤੇ ਇਹ ਅਭਿਆਸ ਵਿਦਿਆਰਥੀਆਂ ਨੂੰ ਦੂਜਿਆਂ ਦੀ ਮਦਦ ਕਰਨ ਅਤੇ ਆਪਣੇ ਆਲੇ ਦੁਆਲੇ ਦਾ ਸਤਿਕਾਰ ਕਰਨਾ ਸਿਖਾਉਣ ਲਈ ਕਿਹਾ ਜਾਂਦਾ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਕੰਮਕਾਜੀ ਔਰਤਾਂ ਕਿਉਂ ਛੱਡ ਰਹੀਆਂ ਹਨ ਨੌਕਰੀਆਂ?





ਗੁਰਮੀਤ ਸਿੰਘ ਪਲਾਹੀ

ਕੰਮਕਾਜੀ ਔਰਤਾਂ ਸਬੰਧੀ ਛਪੇ ਇੱਕ ਸਰਵੇਖਣ ਅਨੁਸਾਰ 131 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦੀ ਕੰਮਕਾਜੀ ਔਰਤਾਂ ਦੀ ਭਾਗੀਦਾਰੀ 'ਚ 120ਵੀਂ ਥਾਂ ਹੈ। ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੌਕਰੀਆਂ ਛੱਡ ਰਹੀਆਂ ਹਨ। ਵਿਚਕਾਰਲੀਆਂ ਪ੍ਰਬੰਧਨ ਨੌਕਰੀਆਂ ਨੂੰ ਤਿਲਾਂਜ਼ਲੀ ਦੇਣ ਵਾਲੀਆਂ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਾਂ ਜ਼ਿਆਦਾ ਹੈ।



ਪੁਰਸ਼ ਪ੍ਰਧਾਨ ਭਾਰਤੀ ਸਮਾਜ 'ਚ ਔਰਤਾਂ ਦੀ ਸਖ਼ਸ਼ੀ ਆਜ਼ਾਦੀ ਦਾ ਪਹੀਆ ਉਲਟਾ ਘੁੰਮ ਰਿਹਾ ਹੈ। ਪੁਰਸ਼ਾਂ ਦੀ ਜਕੜ ਹੋਰ ਪੱਕੀ-ਪੀਡੀ ਹੋ ਰਹੀ ਹੈ। ਸਾਲ 2005 ਵਿੱਚ ਔਰਤਾਂ ਦੀ ਨੌਕਰੀਆਂ 'ਚ ਹਿੱਸੇਦਾਰੀ 27 ਫ਼ੀਸਦੀ ਸੀ, ਜਿਹੜੀ ਡਿੱਗ ਕੇ ਹੁਣ 23 ਫ਼ੀਸਦੀ ਰਹਿ ਗਈ ਹੈ ਜਦਕਿ ਔਰਤਾਂ ਪੜ੍ਹਾਈ ਦੇ ਖੇਤਰ 'ਚ ਲਗਾਤਾਰ ਅੱਗੇ ਵੱਧ ਰਹੀਆਂ ਹਨ, ਵੱਡੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਹਨ, ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ 'ਚ ਮੋਹਰੀ ਥਾਂ ਬਣਾ ਰਹੀਆਂ ਹਨ।

ਮੱਧ ਵਰਗੀ ਕੰਮਕਾਜੀ ਔਰਤਾਂ ਦੇ ਨੌਕਰੀ ਛੱਡਣ ਦੇ ਬੁਨਿਆਦੀ ਕਾਰਨਾਂ 'ਚ ਸਭ ਤੋਂ ਪ੍ਰਮੁੱਖ ਇਹ ਹੈ ਕਿ ਦੇਸ਼ ਵਿੱਚ ਮਾਹਰ ਮਰਦਾਂ ਅਤੇ ਔਰਤਾਂ 'ਚ ਬਰਾਬਰ ਦੀ ਕੁਸ਼ਲਤਾ ਹੋਣ 'ਤੇ ਵੀ ਉਹਨਾਂ ਨੂੰ ਬਰਾਬਰ ਦੀ ਤਨਖਾਹ ਨਹੀਂ ਮਿਲਦੀ। ਜਾਂ ਉਹਨਾਂ ਨੂੰ ਨੌਕਰੀਆਂ 'ਚ ਬਰਾਬਰ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਬਰਾਬਰ ਦੀਆਂ ਤਰੱਕੀਆਂ ਮਿਲਦੀਆਂ ਹਨ। ਦੂਜਾ ਯੋਨ ਹਿੰਸਾ ਦਾ ਜ਼ੋਖਮ ਹੈ, ਜਿਸ 'ਚ ਦੇਸ਼ ਭਾਰਤ ਮੋਹਰੀ ਦੇਸ਼ਾਂ ਵਿਚੋਂ ਇੱਕ ਹੈ। ਲਿੰਗਕ ਨਾ ਬਰਾਬਰੀ ਵਾਲਾ ਪੁਰਸ਼ ਪ੍ਰਧਾਨ ਭਾਰਤੀ ਸਮਾਜ ਚਾਹੁੰਦਾ ਹੈ ਕਿ ਔਰਤਾਂ ਘਰ 'ਚ ਰਹਿਣ। ਉਹਨਾਂ ਦਾ ਮੁੱਖ ਕੰਮ ਘਰ ਦੀ ਚਾਰ ਦੀਵਾਰੀ ਅੰਦਰ ਹੈ। ਮਰਦ ਚਾਹੁੰਦੇ ਹਨ ਕਿ ਔਰਤਾਂ ਰਸੋਈ 'ਚ ਕੰਮ ਕਰਨ, ਬੱਚਿਆਂ ਦੀ ਦੇਖਭਾਲ ਕਰਨ ਅਤੇ ਸਿਰਫ਼ ਕੰਮ ਚਲਾਊ ਸਿੱਖਿਆ ਹੀ ਹਾਸਲ ਕਰਨ।



ਭਾਵੇਂ ਕਿ ਸੰਯੁਕਤ ਰਾਸ਼ਟਰ ਮਰਦਾਂ, ਔਰਤਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵਿਸ਼ਵ ਭਰ 'ਚ 2.7 ਅਰਬ ਲੋਕਾਂ ਤੋਂ ਵੀ ਵੱਧ ਔਰਤਾਂ ਕਨੂੰਨੀ ਰੂਪ ਵਿੱਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਤੋਂ ਬਾਹਰ ਹਨ। ਬਹੁਤ ਸਾਰੇ ਦੇਸ਼ ਦੁਨੀਆ ਭਰ 'ਚ ਇਹੋ ਜਿਹੇ ਹਨ, ਜਿਥੇ ਔਰਤਾਂ ਨੂੰ ਨੌਕਰੀਆਂ ਕਰਨ 'ਤੇ ਪਾਬੰਦੀ ਹੈ। ਇਥੇ ਹੀ ਬੱਸ ਨਹੀਂ ਦੁਨੀਆ 'ਚ 59 ਦੇਸ਼ ਇਹੋ ਜਿਹੇ ਹਨ, ਜਿਥੇ ਯੋਨ ਉਤਪੀੜਨ ਸਬੰਧੀ ਕੋਈ ਕਾਨੂੰਨ ਹੀ ਨਹੀਂ ਹੈ। ਵਿਸ਼ਵ ਪੱਧਰ 'ਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ। 40 ਫ਼ੀਸਦੀ ਔਰਤਾਂ ਇਹੋ ਜਿਹੀਆਂ ਹਨ ਜਿਹਨਾਂ ਨੂੰ ਸਮਾਜਿਕ ਸੁਰੱਖਿਆ ਨਹੀਂ ਹੈ। ਦੁਨੀਆਂ ਭਰ 'ਚ ਸਿਰਫ਼ 58 ਫ਼ੀਸਦੀ ਔਰਤਾਂ ਦੀ ਹੀ ਬੈਂਕਾਂ ਆਦਿ ਤੱਕ ਪਹੁੰਚ ਹੈ। ਕੰਮਕਾਜੀ ਦੁਨੀਆ 'ਚ ਛੋਟੀਆਂ, ਵੱਡੀਆਂ, ਬਜ਼ੁਰਗ, ਪੜ੍ਹੀਆਂ, ਲਿਖੀਆਂ, ਅਨਪੜ੍ਹ ਹਰ ਵਰਗ ਦੀਆਂ ਔਰਤਾਂ ਦਾ ਕੰਮਾਂ ਦੀ ਥਾਂ ਤੇ ਸ਼ੋਸ਼ਣ ਅਤੇ ਕਈ ਹਾਲਤਾਂ 'ਚ ਯੋਨ ਸ਼ੋਸ਼ਣ ਹੁੰਦਾ ਹੈ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਦਰਸਾਉਂਦੀ ਹੈ ਕਿ ਦੁਨੀਆ ਦੇ 64 ਦੇਸ਼ਾਂ ਦੀਆਂ ਸਾਰੀਆਂ ਔਰਤਾਂ ਰੋਜ਼ਾਨਾ 1640 ਕਰੋੜ ਘੰਟੇ ਬਿਨ੍ਹਾਂ ਉਜਰਤ ਕੰਮ ਕਰਦੀਆਂ ਹਨ। ਦੁਨੀਆ ਦੀਆਂ 25.8 ਕਰੋੜ ਪਰਵਾਸੀਆਂ ਵਿਚੋਂ ਲਗਭਗ 50 ਫ਼ੀਸਦੀ ਕੰਮਕਾਜੀ ਔਰਤਾਂ ਹਨ ਜੋ ਆਪਣੇ ਦੇਸ਼ਾਂ ਤੋਂ ਬਾਹਰ ਰਹਿੰਦੀਆਂ ਹਨ। ਇਹਨਾਂ ਔਰਤਾਂ ਨੂੰ ਬਿਹਤਰ ਰੁਜ਼ਗਾਰ ਪ੍ਰਾਪਤੀ ਲਈ, ਰੂੜ੍ਹੀਵਾਦੀ ਸੋਚ, ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨਾਂ ਦੀ ਨੌਕਰੀਆਂ 'ਚ ਚੋਣ ਅਤੇ ਅੱਗੋਂ ਕੰਮ ਕਰਨ 'ਚ ਇਹ ਸੋਚ ਰੁਕਾਵਟ ਬਣਦੀ ਹੈ।

ਪ੍ਰਾਪਤ ਜਾਣਕਾਰੀਆਂ, ਸਰਵੇ, ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤ ਵਿੱਚ ਕੰਮਕਾਜ ਵਿੱਚ ਔਰਤਾਂ ਦੀ ਹਿੱਸੇਦਾਰੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਇਸ ਦਾ ਮੁੱਖ ਕਾਰਨ ਅਰਥ ਵਿਵਸਥਾ ਦੇ ਸੰਕਟ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵੱਡੀ ਗਿਣਤੀ ਔਰਤਾਂ ਕੋਲ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੰਮ ਹੀ ਕੋਈ ਨਹੀਂ ਅਤੇ ਉਹਨਾਂ ਦੀ ਕੰਮ-ਸ਼ਕਤੀ ਅੰਜਾਈ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਦਬਾਅ ਕਾਰਨ ਨੌਕਰੀ ਪੇਸ਼ਾ ਭਾਰਤੀ ਔਰਤਾਂ ਹਰ ਸਮੇਂ ਮਾਨਸਿਕ ਅਤੇ ਸਰੀਰਕ ਰੂਪ 'ਚ ਥੱਕੀਆਂ ਮਹਿਸੂਸ ਕਰਦੀਆਂ ਹਨ। ਭਾਰਤੀ ਔਰਤਾਂ ਉੱਤੇ ਘਰੇਲੂ ਜ਼ਿੰਮੇਵਾਰੀਆਂ ਦਾ ਭਾਰੀ ਬੋਝ ਰਹਿੰਦਾ ਹੈ। ਸਹੁਰੇ ਘਰਾਂ 'ਚ ਨਿਵਾਸ ਕਰਦੀਆਂ ਸਾਂਝੇ ਪਰਿਵਾਰ 'ਚ ਰਹਿੰਦੀਆਂ ਕੰਮਕਾਜੀ ਔਰਤਾਂ ਉੱਤੇ ਤਾਂ ਮਾਨਸਿਕ ਦਬਾਅ ਹੋਰ ਵੀ ਵਧਿਆ ਰਹਿੰਦਾ ਹੈ। ਵੇਖਣ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਰੂੜ੍ਹੀਵਾਦੀ ਸੋਚ ਵਾਲੇ ਲੋਕ ਔਰਤਾਂ ਨੂੰ ਨੌਕਰੀ ਕਰਨ ਦੇ ਹੱਕ 'ਚ ਨਹੀਂ ਰਹਿੰਦੇ। ਭਾਰਤ ਵਿੱਚ ਪਿਛਲੇ ਇੱਕ ਦਹਾਕੇ 'ਚ 1096 ਕਰੋੜ ਔਰਤਾਂ ਨੇ ਨੌਕਰੀਆਂ ਗੁਆਈਆਂ ਜਾਂ ਛੱਡੀਆਂ ਹਨ। ਇੰਜੀਨੀਅਰਿੰਗ ਤੇ ਮੈਡੀਕਲ ਖੇਤਰਾਂ 'ਚ ਔਰਤਾਂ ਦਾ 30 ਤੋਂ 45 ਫੀਸਦੀ ਤੱਕ, ਆਈ.ਆਈ.ਟੀ. ਖੇਤਰ 'ਚ ਪ੍ਰਵੇਸ਼ ਸਮੇਂ 20.8 ਫ਼ੀਸਦੀ ਅੱਛਾ ਖਾਸਾ ਪ੍ਰੀਖਿਆ ਯੋਗਤਾ ਪਾਸ ਕਰਨ 'ਚ ਹਿੱਸੇਦਾਰੀ ਹੁੰਦੀ ਹੈ ਪਰ ਨੌਕਰੀ ਵੇਲੇ ਤਾਂ ਆਈ.ਆਈ.ਟੀ. ਹਿੱਸੇਦਾਰੀ 8 ਤੋਂ 9 ਫ਼ੀਸਦੀ ਹੀ ਰਹਿ ਜਾਂਦੀ ਹਠ। ਅਸਲ 'ਚ ਵਿਆਹ ਵੇਲੇ ਮਰਦ ਸ਼ਰਤ ਹੀ ਇਹ ਲਾਉਂਦੇ ਹਨ ਕਿ ਉਹਨਾਂ ਦੀ ਘਰਵਾਲੀ ਨੌਕਰੀ ਨਹੀਂ ਕਰੇਗੀ।



ਅੱਜ ਔਰਤਾਂ ਉਦਯੋਗ, ਪ੍ਰਸ਼ਾਸਨ, ਰਾਜਨੀਤੀ ਆਦਿ ਸਭ ਥਾਈਂ ਕੰਮ ਕਰਦੀਆਂ ਹਨ। ਨੌਕਰੀਆਂ ਕਾਰਨ ਜਦੋਂ ਕਿ ਇੱਕ ਪਾਸੇ ਉਹਨਾਂ ਹਾਲਾਤਾਂ ਵਿੱਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ, ਪਰ ਉਹਨਾਂ ਦੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ ਕਿਉਂਕਿ ਨੌਕਰੀਆਂ ਕਾਰਨ ਔਰਤਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ। ਸਿੱਟੇ ਵਜੋਂ ਉਸ ਉੱਤੇ ਮਾਨਸਿਕ ਅਤੇ ਸਰੀਰਕ ਬੋਝ ਵਧਦਾ ਹੈ। ਕਈ ਹਾਲਤਾਂ ਵਿੱਚ ਜਦੋਂ ਉਹਨਾਂ 'ਤੇ ਨੌਕਰੀ ਦਾ ਭਾਰ ਵਧਦਾ ਹੈ ਤਾਂ ਪਰਿਵਾਰਕ ਸਥਿਤੀ ਡਾਵਾਂਡੋਲ ਹੁੰਦੀ ਹੈ। ਵੱਡੀ ਗਿਣਤੀ ਔਰਤਾਂ ਦਾ ਨੌਕਰੀ ਆਪਣੀ ਆਜ਼ਾਦੀ ਅਤੇ ਚੰਗੀ ਪਛਾਣ ਲਈ ਵੀ ਨੌਕਰੀ ਕਰਦੀਆਂ ਹਨ। ਪਰ ਕੰਮ ਦੀਆਂ ਥਾਂਵਾਂ ਉੱਤੇ ਉਹ ਯੋਨ ਸ਼ੋਸ਼ਣ, ਲਿੰਗ ਭੇਦਭਾਵ ਅਤੇ ਅਸੁਰੱਖਿਆ ਉਹਨਾਂ ਲਈ ਨੌਕਰੀ ਲਈ ਰੁਕਾਵਟ ਬਣਦੀ ਹੈ। ਜਿਸ ਨਾਲ ਉਹਨਾਂ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਘਰ ਬੈਠਣ ਲਈ ਮਜਬੂਰ ਹੋ ਜਾਂਦੀਆਂ ਹਨ।

ਇਸ ਸਥਿਤੀ ਦੇ ਮੱਦੇ-ਨਜ਼ਰ ਕੰਮਕਾਜੀ ਔਰਤਾਂ ਪ੍ਰਤੀ ਭਾਰਤ ਵਿੱਚ ਕੁਝ ਤੱਥ ਗੰਭੀਰ ਧਿਆਨ ਦੀ ਮੰਗ ਕਰਦੇ ਹਨ:-

1. ਭਾਰਤ ਵਿੱਚ 66 ਫ਼ੀਸਦੀ ਤੋਂ ਜ਼ਿਆਦਾ ਨੌਜਵਾਨ ਔਰਤਾਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ।

2. ਭਾਰਤ ਦੀਆਂ ਕੁੱਲ ਕੰਮ ਕਾਜੀ ਔਰਤਾਂ ਵਿੱਚ 63 ਫ਼ੀਸਦੀ ਖੇਤੀ ਦੇ ਕੰਮਾਂ 'ਚ ਲੱਗੀਆਂ ਹਨ।

3. ਭਾਰਤੀ ਔਰਤਾਂ ਦੀ ਲੇਬਰ ਦੇ ਕੰਮਾਂ 'ਚ ਭਾਗੀਦਾਰੀ 2005 ਵਿੱਚ 32 ਫ਼ੀਸਦੀ ਸੀ ਅਤੇ 2021 'ਚ ਇਹ 19 ਫ਼ੀਸਦੀ ਰਹਿ ਗਈ। ਭਾਵ ਪਿਛਲੇ ਦੋ ਦਹਾਕਿਆਂ 'ਚ ਇਹ ਕਾਫ਼ੀ ਘੱਟ ਗਈ।

4. ਵੱਡੀ ਗਿਣਤੀ ਭਾਰਤੀ ਔਰਤਾਂ ਨੂੰ ਕੰਮ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ। ਇਸ ਕੰਮ ਵਿੱਚ ਘਰੇਲੂ ਕੰਮ, ਬਾਲਣ ਇਕੱਠਾ ਕਰਨਾ, ਪਰਿਵਾਰ 'ਚ ਖੇਤੀਬਾੜੀ ਦੇ ਕੰਮ 'ਚ ਹੱਥ ਵਟਾਉਣਾ ਆਦਿ ਸ਼ਾਮਲ ਹੈ।

ਭਾਰਤ ਦੀ ਕੁੱਲ ਆਬਾਦੀ 140 ਕਰੋੜ ਪਹੁੰਚ ਚੁੱਕੀ ਹੈ ਅਤੇ ਇਸ ਵਿੱਚ ਔਰਤਾਂ ਦੀ ਗਿਣਤੀ 49 ਫ਼ੀਸਦੀ ਹੈ। ਇਹ ਭਾਰਤ ਲਈ ਵੱਡਾ ਚੈਲਿੰਜ ਹੈ ਕਿ ਭਾਰਤ ਦੀਆਂ ਔਰਤਾਂ ਲਈ ਕੰਮ ਦੇ ਵੱਧ ਤੋਂ ਵੱਧ ਮੌਕੇ ਨਹੀਂ ਮਿਲਦੇ। ਕੰਮ ਦੇ ਸਥਾਨ ਤੇ ਸੁਖਾਵਾਂ ਮਾਹੌਲ ਨਹੀਂ ਮਿਲਦਾ। ਇੱਕ ਸਰਵੇ ਅਨੁਸਾਰ ਅਨੁਸੂਚਿਤ ਜਾਤਾਂ ਜਾਂ ਪਿੱਛੜੇ ਵਰਗਾਂ ਨਾਲ ਸਬੰਧਿਤ ਔਰਤਾਂ ਦੀ ਹਾਲਤ ਤਾਂ ਬਹੁਤ ਹੀ ਨਿਰਾਸ਼ਾਜਨਕ ਹੈ। ਇਹ ਔਰਤਾਂ ਤਾਂ ਘਰ ਦੀ ਚਾਰ ਦੀਵਾਰੀ ਤੱਕ ਸੀਮਤ ਕਰਕੇ ਰੱਖ ਦਿੱਤੀਆਂ ਗਈਆਂ ਹਨ। ਉਂਝ ਵੀ ਪੜ੍ਹਾਈ ਕਰਨ ਤੋਂ ਬਾਅਦ ਵੱਡੀ ਗਿਣਤੀ ਔਰਤਾਂ ਘਰੇਲੂ ਕਾਰਨਾਂ ਅਤੇ ਵਧਦੀ ਬੇਰੁਜ਼ਗਾਰੀ ਦੀਆਂ ਸ਼ਿਕਾਰ ਨੌਕਰੀਆਂ ਤੋਂ ਵਾਂਝੀਆਂ ਰਹਿੰਦੀਆਂ ਹਨ।

ਵਿਸ਼ਵ ਪੱਧਰ 'ਤੇ ਲਗਭਗ ਇੱਕ ਤਿਹਾਈ ਔਰਤਾਂ ਦਾ ਮੁੱਖ ਰੁਜ਼ਗਾਰ ਖੇਤੀਬਾੜੀ ਹੈ, ਇਹਨਾਂ ਵਿੱਚ ਮੱਛੀ ਫੜਨ ਵਾਲੀਆਂ ਔਰਤਾਂ ਵੀ ਹਨ। ਪਰ ਹੈਰਾਨੀ ਵਾਲੀ ਗੱਲ ਹੈ ਕਿ 12.8 ਫ਼ੀਸਦੀ ਕਿਸਾਨ ਔਰਤਾਂ ਦੀ ਹੀ ਜ਼ਮੀਨ ਉੱਤੇ ਮਾਲਕੀ ਹੈ। ਭਾਰਤ ਵਿੱਚ 63 ਫ਼ੀਸਦੀ ਔਰਤਾਂ ਖੇਤੀਬਾੜੀ ਦੇ ਕੰਮ 'ਚ ਲੱਗੀਆਂ ਹਨ ਜਦਕਿ ਹੋਰ ਖੇਤਰਾਂ 'ਚ ਔਰਤਾਂ ਦੀ ਰੁਜ਼ਗਾਰਤ ਭਾਗੀਦਾਰੀ 11.2 ਫ਼ੀਸਦੀ ਹੈ। ਅਸਲ ਅਰਥਾਂ 'ਚ ਇਹ ਗਿਣਤੀ ਪ੍ਰਤੀਸ਼ਤ ਬਹੁਤ ਹੀ ਘੱਟ ਹੈ। ਭਾਰਤ 'ਚ ਸਮਾਜਿਕ ਅਵਸਥਾ ਦੇ ਮੱਦੇ-ਨਜ਼ਰ ਔਰਤਾਂ ਦੇ ਉਂਝ ਵੀ ਹਾਲਤ ਮਾੜੇ ਹਨ। ਨਾ ਬਰਾਬਰੀ ਇਸ ਦਾ ਵੱਡਾ ਕਾਰਨ ਹੈ। ਸਦੀਆਂ ਤੋਂ ਉਹਨਾਂ ਨਾਲ ਹੁੰਦਾ ਵਿਤਕਰਾ ਅਤੇ ਵਰਤਾਓ, ਉਹਨਾਂ ਦੇ ਪੜ੍ਹਨ, ਲਿਖਣ, ਰੁਜ਼ਗਾਰਤ ਹੋਣ 'ਚ ਵੱਡੀ ਰੁਕਾਵਟ ਬਣਦਾ ਹੈ ਪਰ ਭਾਰਤ ਦੀ ਅਰਥ ਵਿਵਸਥਾ ਨੂੰ ਥਾਂ ਸਿਰ ਕਰਨ ਲਈ ਔਰਤਾਂ ਦੀ ਸ਼ਕਤੀ ਵਰਤਣ ਦੀ ਲੋੜ ਇੱਕ ਸਾਲਾਨਾ ਸਰਵੇ 'ਚ ਦਰਸਾਈ ਗਈ ਹੈ, ਜਿਸ ਅਨੁਸਾਰ 6.8 ਕਰੋੜ ਹੋਰ ਕੰਮਕਾਜੀ ਔਰਤਾਂ ਦੀ ਜ਼ਰੂਰਤ ਪੈ ਸਕਦੀ ਹੈ ਜੇਕਰ ਉਹਨਾਂ ਨੂੰ ਕੰਮਕਾਜ ਦੇ ਚੰਗੇ, ਸੁਖਾਵੇਂ, ਮਾਹੌਲ ਵਾਲੇ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ। ਜੇਕਰ ਇੰਜ ਵਾਪਰਦਾ ਹੈ ਤਾਂ ਦੇਸ਼ 'ਚ ਕੰਮਕਾਜੀ ਔਰਤਾਂ ਦੀ ਗਿਣਤੀ ਪ੍ਰਤੀਸ਼ਤ ਕੁਲ ਕੰਮਕਾਜੀ ਲੋਕਾਂ 'ਚ 41 ਫ਼ੀਸਦੀ ਹੋ ਸਕਦੀ ਹੈ। ਜੋ ਅਗਲੇ ਦੋ ਤਿੰਨ ਸਾਲਾਂ 'ਚ ਜੀਡੀਪੀ 'ਚ ਵੱਡਾ ਵਾਧਾ ਕਰਕੇ ਵਿਕਾਸ ਦਰ 'ਚ 1.4 ਫ਼ੀਸਦੀ ਹੋਰ ਉਛਾਲ ਦੇ ਸਕਦੀ ਹੈ ਅਤੇ 46 ਲੱਖ ਕਰੋੜ ਦਾ ਹੋਰ ਮੁਨਾਫ਼ਾ ਦੇਸ਼ ਦੇ ਵਿਕਾਸ ਲਈ ਦੇ ਸਕਦੀ ਹੈ।

ਕਹਾਣੀ

# ਮੂਨ ਦੀ ਅੱਖ

ਮੋਹਨ ਭੰਡਾਰੀ



ਓਦਣ ਸ਼ਨਿਚਰਵਾਰ ਸੀ, ਸ਼ਾਇਦ! ਹਾਂ, ਸ਼ਨਿਚਰਵਾਰ ਹੋਵੇਗਾ। ਛੁੱਟੀ ਸੀ ਨਾ। ਨਹੀਂ ਸੱਚ; ਦਿੱਤੀ ਗਈ ਸੀ। ਨਹੀਂ ਤਾਂ ਇਹ ਘਟਨਾ ਕਿਉਂ ਵਾਪਰਦੀ। ਮੈਨੂੰ ਤਾਂ ਚਿੱਤ ਚੇਤਾ ਵੀ ਨਹੀਂ ਸੀ ਕਿ ਇਉਂ ਹੋ ਜਾਵੇਗਾ। ਮੈਂ ਡਰਿਆ ਨਹੀਂ, ਬੌਂਦਲ ਜ਼ਰੂਰ ਗਿਆ ਸਾਂ। ਤੇ ਬੌਂਦਲੇ ਹੋਏ ਬੰਦੇ ਨੂੰ ਤਿਥ-ਵਾਰ ਦਾ ਚੇਤਾ ਕਿੱਥੇ ਰਹਿੰਦੈ। ਹਾਲਾਤ ਈ ਅਜਿਹੇ ਸਨ। ਦਿਮਾਗ਼ 'ਚ ਤਣਾਓ ਸੀ ਮੇਰੇ। ਤਣਾਓ ਤੇ ਧੁੰਦਲਾਪਣ। ਮੈਂ ਕੁੱਝ ਹੋਰ ਈ ਸੋਚ ਰਿਹਾ ਸਾਂ। ਕੀ ਸੋਚ ਰਿਹਾ ਸਾਂ? ਕੀ ਦੱਸਾਂ। ਚੁਪਾਸੇ ਦਹਿਸ਼ਤ ਸੀ। ਮਨ ਭਟਕਿਆ ਹੋਇਆ। ਉਸ ਸਮੇਂ ਜੋ ਮਿਲਦਾ ਇਹੀ ਕਹਿੰਦਾ ਇਹ ਕੀ ਹੋ ਗਿਆ। ਕਿੱਕਣ ਹੋ ਗਿਆ, ਇਹ ਕੋਈ ਨਹੀਂ ਸੀ ਕਹਿੰਦਾ। ਬੰਦਾ ਮਾਰਿਆ ਜਾਵੇ ਤਾਂ ਸਬਰ ਕਰ ਲਈਦਾ ਏ। ਸੁਰਤ ਮਾਰੀ ਜਾਵੇ ਤਾਂ ਕੋਈ ਕੀ ਕਰੇ? ਓਦੋਂ ਇਹੀ ਹੋਇਆ। ਮਾਰੀ ਗਈ ਸੁਰਤ। ਮਾਰੀ ਗਈ ਸੁਰਤ! ਤੇ ਤਿਥ - ਵਾਰ ਸਭ ਭੁੱਲ ਗਏ ਮੈਨੂੰ।

ਹੁਣ ਮੁੜ ਰਹੀ ਹੈ, ਸੁਰਤ। ਹੌਲੀ-ਹੌਲੀ। ਘਟਨਾਵਾਂ ਯਾਦ ਆ ਰਹੀਆਂ ਨੇ। ਇੱਕ ਇੱਕ ਕਰਕੇ। ਮਨ ਪੂਰੀ ਤਰ੍ਹਾਂ ਠੀਕ ਨਹੀਂ ਆਖਿਆ ਜਾ ਸਕਦਾ। ਅਸ਼ਾਂਤ ਹੈ ਅਜੇ। ਇੱਕ ਮਿੰਟ, ਇਕ ਮਿੰਟ ਰੁਕੋ! ਅਸਲੀ ਗੱਲ 'ਤੇ ਆ ਰਿਹਾਂ। ਅਸਲੀ ਗੱਲ।

ਨਵੰਬਰ ਦਾ ਮਹੀਨਾ ਸੀ। ਚੜ੍ਹਿਆ ਹੀ ਸੀ ਅਜੇ। ਪਹਿਲਾ ਹਫ਼ਤਾ। ਹਫ਼ਤੇ ਦਾ ਪਹਿਲਾ ਦਿਨ। ਦੋ ਜਾਂ ਤਿੰਨ ਤਰੀਕ। ਦਿਨ ਸ਼ਨਿਚਰਵਾਰ ਹੀ ਸੀ। ਸ਼ਨਿਚਰ ਦੀ ਰਾਤ। ਜਦੋਂ ਇਹ ਮੰਦਭਾਗੀ ਘਟਨਾ ਵਾਪਰੀ।

ਸ਼ਹਿਰ 'ਚ ਦੰਗੇ ਭੜਕ ਉੱਠੇ ਸਨ। ਇੱਕ ਔਰਤ ਦਾ ਕਤਲ ਕੀ ਹੋਇਆ! ਕਤਲ, ਕਤਲ, ਕਤਲ, ਕਤਲ ਹੋਣ ਲੱਗ ਪਏ। ਬੱਸ ਹੋ ਗਿਆ, ਕਤਲੇਆਮ ਆਰੰਭ! ਅੰਦਰੂਨੀ ਸੁਰੱਖਿਆ ਦੀ ਜ਼ਿੰਮੇਂਵਾਰੀ ਭਾਵੇਂ ਪੁਲਿਸ ਦੀ ਸੀ ਪਰ ਸਾਨੂੰ ਅਲਰਟ ਰਹਿਣ ਦਾ ਆਦੇਸ਼ ਹੋ ਗਿਆ। ਤੇ ਹੋ ਗਏ ਅਸੀਂ ਅਲੱਰਟ! ਕੀ ਪਤਾ ਕਦੋਂ ਕੀ ਹੁਕਮ ਹੋ ਜਾਵੇ। ਦੋ ਦਿਨ ਬੀਤ ਗਏ। ਕੋਈ ਆਦੇਸ਼ ਨਹੀਂ। ਆਦੇਸ਼ ਨਹੀਂ ਤਾਂ ਕੋਈ ਐਕਸ਼ਨ ਨਹੀਂ। ਐਕਸ਼ਨ ਨਹੀਂ ਤਾਂ ਦੰਗੇ ਜਾਰੀ। ਅਸੀਂ ਜਬਤ ਦੇ ਬੰਨ੍ਹੇ ਹੋਏ ਸਾਂ। ਅਜੀਬ ਆਵਾਜਾਰੀ ਦੇ ਦਿਨ ਸਨ। ਸਾਲਾ! ਦਿਨ ਰਾਤ ਜਗਰਾਤਾ।

ਤੀਜੇ ਦਿਨ ਆਥਣੇ ਕਾਲ ਆਈ। ਆਦੇਸ਼ ਸੀ, ਜਵਾਨ ਲੋਗ ਬੈਰਕ ਮੇਂ ਰਹੇਗਾ। ਅਫ਼ਸਰ ਸਾਹਿਬਾਨ, ਅਬ ਆਰਾਮ ਕਰੇਂ। ਟਿਲ ਫਰਦਰ ਆਰਡਰਜ਼। ਇਹ ਟਿਲ ਫਰਦਰ ਆਰਡਰਜ਼ ਸਾਡੇ ਦਿਮਾਗ਼ਾਂ 'ਚ ਹਥੌੜੇ ਵਾਂਗ ਵੱਜ ਰਹੇ ਸਨ। ਟਿਲ ਫ਼ਰਦਰ ਆਰਡਰਜ਼।

ਮੈਂ ਸੁਚੇਤ ਰਹਿ ਆਰਾਮ ਕਰਨ ਵਾਸਤੇ ਕੋਠੀ ਚਲਾ ਗਿਆ। ਡੀਫ਼ੈਂਸ ਕਾਲੋਨੀ 'ਚ। ਇਹ ਇਲਾਕਾ ਖ਼ਤਰੇ ਤੋਂ ਬਾਹਰ ਸੀ। ਸਾਡੇ ਫ਼ੌਜੀਆਂ ਲਈ ਖ਼ਤਰੇ ਤੋਂ ਬਾਹਰ ਦੇ ਉਂਝ ਕੋਈ ਅਰਥ ਨਹੀਂ ਹੁੰਦੇ। ਟਿਲ ਫਰਦਰ ਆਰਡਰਜ਼ 'ਚ ਆਰਾਮ ਦੇ ਕਿਆ ਮਾਅਨੇ? ਖ਼ੈਰ! ਅਸੀਂ ਅਜਿਹੇ ਆਦੇਸ਼ਾਂ ਦੇ ਆਦੀ ਹੋ ਚੁੱਕੇ ਹਾਂ। ਸੋ ਕਾਹਦਾ ਤਕਰਾਰ ਤੇ ਕੀ ਗਿਲਾ! ਸਾਲੇ! ਇਹ ਸ਼ਬਦ ਨੇ ਨਾ ਕਿਉਂ ,ਕਿਵੇਂ, ਕਿੰਤੂ, ,ਪਰੰਤੂ ਇਹ ਸਾਡੀਆਂ ਡਿਕਸ਼ਨਰੀਆਂ 'ਚ ਹੈ ਈ ਨਹੀਂ।

ਤੀਮੀਂ ਮੇਰੀ ਤੇ ਬੱਚੇ ਬਾਹਰ ਗਏ ਹੋਏ ਸਨ। ਸਭ ਦੇ ਸਭ। ਘਰ 'ਚ ਮੈਂ ਇਕੱਲਾ। ਪੂਰੇ ਇੱਕ ਮਹੀਨੇ ਤੋਂ। ਖਾਂਦਾ ਪੀਂਦਾ। ਸੌਂ ਜਾਂਦਾ। ਹੋਰ ਕੀ ਕਰਦਾ? ਪਰੇਡ! ਬਥੇਰੀ ਹੋਗੀ। ਟੇਕ ਤਾਂ ਪਹਿਲਾਂ, ਇਹ ਪਹਿਲਾਂ, ਪਿੱਛੋਂ ਦੀਆਂ ਗੱਲਾਂ ਛੱਡੋ। ਬੱਸ ਪੈ ਗਿਆ ਵਿਘਨ। ਪਿਛਲੇ ਦਿਨੀਂ। ਚੰਗੀ ਮਰੀ! ਕਿਤੇ ਵੀ ਟੇਕ ਨਹੀਂ। ਦਿਨ ਰਾਤ ਅਲੱਰਟ। ਤੇ ਉਤੋਂ ਸਾਲਾ! ਇਹ ਟਿਲ ਫ਼ਰਦਰ ਆਰਡਰਜ਼।

ਮੈਂ ਮੇਜਰ ਵੀ ਕੇ ਮਲਹੋਤਰਾ ਨੂੰ ਟੈਲੀਫੋਨ ਕੀਤਾ, ਹੈਲੋ ਮੇਜਰ ਚੱਢਾ, ਦਿਸ ਸਾਈਡ ਹੈਲੋ! ਹਾਂ ਹਾਂ, ਮਾਈ ਸੈਲਫ ਉਹ ਨੋ! ਕਮ ਆਨ, ਯਾਰ! ਰਾਤ ਕੱਟਣੀ ਐ ਦੋ ਘੜੀਆਂ ਬੈਠਾਂਗੇ ਆਹੋ, ਮੇਜਰ ਦੂੱਬੇ ਨੂੰ ਵੀ ਲੈਂਦਾ ਆਵੀਂ ਬੱਸ, ਤੁਸੀਂ ਆ ਜੋ ਮੈਂ ਇਕੱਲਾ ਬੋਰ ਹੋ ਰਿਹਾਂ, ਯਾਰ! ਯੈੱਸ ਟਿਲ ਫ਼ਰਦਰ ਆਰਡਰਜ਼!

ਹੱਸਦਿਆਂ ਮੈਂ ਟੈਲੀਫ਼ੋਨ ਦਾ ਚੋਂਗਾ ਰੱਖ ਦਿੱਤਾ।

ਥੋੜ੍ਹੀ ਦੇਰ ਬਾਅਦ ਉਹ ਦੋਵੇਂ ਆ ਗਏ। ਮੇਜਰ ਵੀ ਕੇ ਮਲਹੋਤਰਾ ਅਤੇ ਪੀ ਆਰ ਦੂਬੇ। ਦੋਵੇਂ ਮਿੱਤਰ ਨੇ ਇਹ। ਦੋਵੇਂ ਛੜੇ ਛਾਂਟ। ਸਾਡੀ ਤਿੰਨਾਂ ਦੀ ਢਾਣੀ ਤਿਕੜੀ ਦੇ ਨਾਂ ਨਾਲ ਮਸ਼ਹੂਰ ਹੈ। ਦੋ ਹੋਰ ਮਿੱਤਰ ਮੈਂ ਆਪਣੇ ਗੁਆਂਢੋਂ ਬੁਲਾ ਲਏ।

ਸ਼ਾਮਾਂ ਤਾਂ ਪਹਿਲਾਂ ਵੀ ਅਕਸਰ ਅਸੀਂ ਤਿੰਨੇ ਪਹਿਲਾਂ ਇਕੱਠੇ ਗੁਜ਼ਾਰਦੇ ਸਾਂ। ਪਰ ਇਹ ਸ਼ਾਮ ਕੁੱਝ ਵੱਖਰੀ ਸੀ। ਘੁੱਟੀ ਵੱਟੀ, ਸਾਲੀ। ਪੰਜ ਜਣੇ ਅਸੀਂ, ਦੋ ਦੋ ਪੈੱਗ ਲੈ, ਕੋਠੇ ਦੀ ਛੱਤ 'ਤੇ ਚਲੇ ਗਏ। ਅਜੇ ਅਸੀਂ ਖੜੇ ਹੀ ਸਾਂ ਕਿ ਮੈਨੂੰ ਧੱਕਾ ਜਿਹਾ ਲੱਗਿਆ। ਡਿੱਗਣ ਲੱਗਾ ਹੀ ਸਾਂ ਕਿ ਬੰਨੀ ਨੂੰ ਹੱਥ ਪੈ ਗਏ। ਮਲਹੋਤਰਾ ਨੇ ਪੁੱਛਿਆ, ਕੀ ਹੋਇਆ? ਮੇਰੇ ਮੂੰਹੋਂ ਨਿਕਲਿਆ, ਭੁਚਾਲ! ਭੁਚਾਲ ਆ ਗਿਆ। ਮੈਨੂੰ ਕੋਠੀ ਦੀ ਛੱਤ ਅਜੇ ਵੀ ਹਿਲਦੀ ਲੱਗੀ। ਮੇਜਰ ਦੂੱਬੇ ਰੋਣ ਵਾਂਗ ਹੱਸਿਆ; ਬੋਲਿਆ, ਓ ਨੋ! ਦਿਸ ਕਾਂਟ ਹੈਪਨ! ! ਤੁਮ੍ਹਾਰਾ ਵਹਮ ਹੈ ਸ਼ੀਅਰ ਇਲੀਯੂਜ਼ਨ! ਬੀ ਸਟੈਡੀ ਮੈਨ, ਡੋਂਟ ਲੂਜ਼ ਹਾਰਟ! !

ਦੂਜੇ ਉੱਖੜੇ ਉੱਖੜੇ ਸਾਨੂੰ ਦੇਖਦੇ ਰਹੇ।

ਸ਼ਹਿਰ 'ਚੋਂ ਅੱਗ ਦੇ ਲਾਂਬੂ ਉੱਠ ਰਹੇ ਸਨ।

ਅਸੀਂ ਓਥੇ ਬਹੁਤਾ ਚਿਰ ਖੜੇ ਨਾ ਰਹਿ ਸਕੇ। ਪੌੜੀਆਂ ਉੱਤਰੇ। ਤੇ ਅੰਦਰ ਆ ਕੇ ਬੈਠ ਗਏ। ਹੌਲੀ, ਕਾਹਲੀ ਪੀਣ ਲੱਗੇ। ਸਾਡੇ ਪੰਜਾਂ 'ਚੋਂ ਕੋਈ ਇੱਕ ਅੱਧ ਗੱਲ ਛੇੜਦਾ ਤਾਂ ਦੂਜੇ ਹੂੰ ਹਾਂ ਕਹਿ ਫੇਰ ਚੁੱਪ ਹੋ ਜਾਂਦੇ। ਕੋਈ ਢਬ ਸਿਰ ਦੀ ਗੱਲ ਨਹੀਂ ਸੀ ਤੁਰ ਰਹੀ। ਬੱਸ ਚੁੱਪ ਦਾ ਪਹਿਰਾ ਸੀ। ਮੈਨੂੰ ਲੱਗਿਆ ਜਿਵੇਂ ਅਸੀਂ ਵਿਸਕੀ ਨਹੀਂ ਚੁੱਪ ਪੀ ਰਹੇ ਹਾਂ। ਇਉਂ ਪਹਿਲੀ ਵੇਰਾਂ ਹੋ ਰਿਹਾ ਸੀ। ਦਾਰੂ ਵੀ ਨਹੀਂ ਸੀ ਚੜ੍ਹ ਰਹੀ, ਸਾਲੀ। ਉਸ ਸਮੇਂ, ਸਮੇਂ ਨੇ ਵੀ ਕੀ ਰੌਲਾ ਪਾਉਣਾ ਸੀ? ਬੱਸ, ਸੂਈਆਂ ਸਰਕਦੀਆਂ ਰਹੀਆਂ ਦਸ,ਸਾਢੇ ਦਸ,ਗਿਆਰਾਂ। ਅਲਾਰਮ ਲਾ ਦੇਣਾ ਚਾਹੀਦੈ। ਮੈਂ ਸੋਚ ਰਿਹਾ ਸਾਂ।

ਅਚਾਨਕ ਦਰਵਾਜ਼ੇ ਦੀ ਘੰਟੀ ਵੱਜੀ। ਬਹੁਤ ਹੀ ਹੌਲੀ ਜਿਹੀ। ਫੇਰ ਇੱਕ ਪਲ ਸੱਨਾਟਾ। ਘੰਟੀ ਫੇਰ ਵੱਜੀ।

ਮੈਂ ਘਬਰਾ ਕੇ ਦਰਵਾਜ਼ੇ ਵੱਲ ਵਧਿਆ। ਪੁੱਛਿਆ, ਕੌਣ? ਬਾਹਰੋਂ ਕੋਈ ਨਾ ਬੋਲਿਆ। ਮੈਂ ਫੇਰ ਕਿਹਾ, ਕੌਣ ਐਂ, ਬਈ? ਮੈਂ ਜੀ, ਮੱਖਣ, ਮੱਖਣ ਸਿਹੁੰ, ਬੂਹਾ ਤਾਂ ਖੋਲ੍ਹੋ, ਸ੍ਹਾਅਬ ਜੀ! ਆਵਾਜ਼ ਦਬਵੀਂ ਸੀ। ਪਰ ਮੈਂ ਪਛਾਣ ਲਈ। ਸਾਡਾ ਪਹਿਲਾ ਨੌਕਰ ਸੀ। ਮਖਣੀ।

ਐਸ ਵੇਲੇ! ਕਹਿ ਮੈਂ ਦਰਵਾਜ਼ਾ ਖੋਲ੍ਹ ਦਿੱਤਾ। ਉਹ ਬਾਹਰ ਖੜ੍ਹਾ ਸੀ। ਨਾਲ ਇੱਕ ਔਰਤ। ਅਧਖੜ ਜਿਹੀ। ਮੈਂ ਇਸ਼ਾਰੇ ਨਾਲ ਉਹਨਾਂ ਨੂੰ ਅੰਦਰ ਬੁਲਾ ਲਿਆ। ਪਹਿਲਾਂ ਮਖਣੀ ਵੜਿਆ ਅੰਦਰ। ਮਗਰ ਮਗਰ ਔਰਤ। ਦੋਵੇਂ ਕੰਬ ਰਹੇ ਸਨ। ਖ਼ਿਆਲ ਆਇਆ, ਬਾਹਰ ਤਾਂ ਹਨੇਰੀ ਝੁੱਲੀ ਹੋਈ ਸੀ। ਕਹਿਰ ਦਾ ਠੱਕਾ। ਤੁਰਤ ਬੂਹਾ ਭੇੜ ਦਿੱਤਾ ਮੈਂ। ਬੂਹਾ ਵੱਜਿਆ ਤਾਂ ਔਰਤ ਤ੍ਰਬਕ ਕੇ ਕੰਧ ਨਾਲ ਜਾ ਲੱਗੀ। ਇੱਕ ਨਜ਼ਰ ਝਾਕੀ ਉਹ ਮੇਰੇ ਵੱਲ। ਫ਼ੇਰ ਨੀਵੀਂ ਪਾਈ ਖੜ੍ਹੀ ਰਹੀ। ਮੇਰੀ ਨਿਗਾਹ ਰਤਾ ਕੁ ਟਿਕੀ ਤਾਂ ਮੈਂ ਦੇਖਿਆ: ਭਰ ਮੁਟਿਆਰ ਸੀ। ਦੇਖਣੀਂ ਪਾਖਣੀਂ ਰੂਪਵਤੀ। ਚਿਹਰਾ ਗੋਲ। ਥੋੜ੍ਹਾ ਲੰਬੂਤਰਾ। ਠੋਡੀ 'ਤੇ ਤਿਲ। ਰੰਗ ਪੀਲਾ ਭੂਕ। ਫੱਕ ਹੋਇਆ। ਉੱਡਿਆ ਉੱਡਿਆ। ਉਂਝ ਉਹਦੇ ਸਮੁੱਚੇ ਆਪੇ 'ਚੋਂ ਸਵੈਮਾਣ ਦੀ ਝਲਕ ਪੈ ਰਹੀ ਸੀ ਜੋ ਦਰਮਿਆਨੇ, ਸਾਊ ਤੇ ਭਲੇ ਘਰ ਦੀਆਂ ਸੁਆਣੀਆਂ 'ਚ ਹੁੰਦੀ ਹੈ।

ਮੱਖਣ ਸਿੰਘ ਮੈਨੂੰ ਇੱਕ ਪਾਸੇ ਲਿਜਾ ਕੇ, ਹੌਲੀ ਜਿਹੀ ਬੋਲਿਆ, ਸ੍ਹਾਅਬ ਜੀ, ਇਹਦਾ ਘਰ ਆਲਾ ਮਾਰਤਾ, ਨਾਲੇ ਇਹਦਾ ਮੁੰਡਾ। ਬਲਵੱਈਆਂ ਦੀ ਧਾੜ ਪੈਗੀ, ਟੁੱਟ ਕੇ ਸ੍ਹਾਅਬ। ਇਹ ਕਿਮੇਂ ਨਾ ਕਿਮੇਂ ਬਚ ਕੇ ਆਗੀ, ਮੇਰੇ ਕੋਲ। ਓਥੇ ਖ਼ਤਰੈ ਜੀ ਅਜੇ , ਪਰ ਮੇਰਾ ਬਚਾਓ ਹੋ ਗਿਆ- ਬੱਸ, ਬਚ ਗਿਆ! ਉਹਨੇ ਆਪਣੇ ਉਲਝੇ ਪਟਿਆਂ 'ਚ ਹੱਥ ਫੇਰਿਆ। ਇੱਕ ਬਿੰਦ ਮੁਰਦੇਹਾਣੀ ਪਸਰ ਗਈ ,ਟੁੱਟੀ।

ਮੈਂ ਇਹਨੂੰ ਏਥੇ ਤਾਂ ਲੈ ਆਇਆਂ, ਬਈ ਬਚ ਜੂ ਗੀ, ਥੋਡੇ ਹੁੰਦਿਆਂ ਕਿਸੇ ਦੀ ਹਿੰਮਤ ਈ ਨੀ ਪੈਣੀਂ। ਕਹਿੰਦਿਆਂ ਉਹਦਾ ਗੱਚ ਭਰ ਗਿਆ। ਤੇ ਫੇਰ ਅੱਖਾਂ 'ਚੋਂ ਹੰਝੂ ਆਪ ਮੁਹਾਰੇ ਵਹਿ ਤੁਰੇ।

ਅੱਛਾ ਕੀਆ, ਅੱਛਾ ਕੀਆ ਕਹਿਣ ਨੂੰ ਤਾਂ ਮੈਂ ਕਹਿ ਦਿੱਤਾ। ਪਰ ਅੰਦਰੋਂ ਸ਼ਸ਼ੋਪੰਜ 'ਚ ਪੈ ਗਿਆ। ਮੈਨੂੰ ਆਪਣੇ ਆਪ 'ਤੇ ਗੌਰਵ ਵੀ ਹੋਇਆ ਕਿ ਮੱਖਣ ਸਿੰਘ ਨੇ ਮੇਰੇ 'ਤੇ ਵਿਸ਼ਵਾਸ ਕੀਤਾ। ਉਹਦੇ ਇਸ ਵਿਸ਼ਵਾਸ ਨੂੰ ਮੈਂ ਕਿਵੇਂ ਤੋੜ ਦਿੰਦਾ? ਜਦੋਂ ਕੋਈ ਇਉਂ ਸ਼ਰਣ 'ਚ ਆ ਜਾਏ ਤਾਂ ਖ਼ਤਰਾ ਮੁੱਲ ਲੈ ਕੇ ਵੀ ਆਪਣਾ ਫ਼ਰਜ਼ ਨਿਭਾਉਣਾ ਚਾਹੀਦੈ।

ਮੇਰੇ ਅੰਦਰਲਾ ਫ਼ੌਜੀ ਜਾਗ ਪਿਆ।

ਮੈਨੂੰ ਵਾਪਸ ਜਾਣਾ ਚਾਹੀਦੈ। ਕਹਿ, ਕੁੰਡੀ ਖੋਲ੍ਹ, ਉਹ ਪਤਾ ਨਹੀਂ ਕਦੋਂ ਬਾਹਰ ਹੋਇਆ ਤੇ ਚਲਿਆ ਵੀ ਗਿਆ। ਇਸ ਹਾਲਤ ਵਿੱਚ ਮੈਨੂੰ ਮੱਖਣ ਸਿੰਘ ਨੂੰ ਘਰੋਂ ਨਹੀਂ ਸੀ ਤੋਰਨਾ ਚਾਹੀਦਾ। ਪਰ ਕੀ ਕਰਦਾ? ਮੈਂ ਤਾਂ ਆਪ ਸੋਚਾਂ ਵਿੱਚ ਘਿਰਿਆ ਪਿਆ ਸਾਂ।

ਮੈਂ ਹਿੰਮਤ ਕਰਕੇ ਉਸ ਜਨਾਨੀ ਨੂੰ ਬੁਲਾਉਣ ਦੀ ਕੋਸ਼ਿਸ਼ ਕੀਤੀ। ਉਹ ਬੋਲੀ ਨਾ। ਨੀਵੀਂ ਪਾਈ ਖੜ੍ਹੀ ਰਹੀ। ਚੁੱਪ ਚਾਪ। ਚੁੱਪ ਤਾਂ ਪਹਿਲਾਂ ਹੀ ਮੇਰੇ 'ਤੇ ਭਾਰੂ ਸੀ। ਮੈਨੂੰ ਆਪਣਾ ਆਪ ਕੁੜਿੱਕੀ 'ਚ ਫਸਿਆ ਜਾਪਿਆ। ਸੁੱਝ ਹੀ ਨਹੀਂ ਰਿਹਾ ਸੀ ਕੁਝ। ਕਰਾਂ ਤਾਂ ਕੀ ਕਰਾਂ?

ਮੈਂ ਆਪਣੇ ਸਾਥੀਆਂ ਕੋਲ ਗਿਆ। ਗਿਣੇ ਮਿਣੇ ਸ਼ਬਦਾਂ 'ਚ ਸਾਰੀ ਵਿਥਿਆ ਸੁਣਾਈ ਤੇ ਖੂੰਜੇ 'ਚ ਖੜ੍ਹੀ ਉਸ ਔਰਤ ਵੱਲ ਇਸ਼ਾਰਾ ਕੀਤਾ। ਉਹ ਤਾਂ ਪਹਿਲਾਂ ਹੀ ਉਸਨੂੰ ਦੇਖ ਰਹੇ ਸਨ। ਅੱਖਾਂ ਪਾੜ ਕੇ। ਓਹਨਾਂ 'ਚੋਂ ਦੋ ਜਣੇ ਮੇਰੀ ਗੱਲ ਸੁਣ ਕੇ ਮੁਸਕਰਾਏ। ਉਹਨਾਂ ਦੀ ਮੁਸਕਾਣ ਮੈਨੂੰ ਓਪਰੀ-ਓਪਰੀ ਲੱਗੀ। ਅਣੋਭੜ।

ਫੇਰ ਉਹ ਚਾਰੇ ਜਣੇ ਚੁੱਪ ਚਾਪ ਉੱਠੇ। ਦਰਵਾਜ਼ੇ ਵੱਲ ਵਧੇ। ਕੁੰਡੀ ਖੋਲ੍ਹੀ। ਤੇ ਬਾਹਰ ਹੋ ਗਏ। ਇਹ ਸਭ ਕੁੱਝ ਮਕੈਨਕੀ ਢੰਗ ਨਾਲ ਹੋਇਆ। ਜਿਵੇਂ ਉਹ ਤੁਰੇ ਨਾ ਹੋਣ। ਇਹ ਅਹਿਸਾਸ ਹੋਇਆ ਮੈਨੂੰ। ਅਚਾਨਕ। ਤਦੇ ਮੈਂ ਕਾਹਲੀ ਕਾਹਲੀ ਉਹਨਾਂ ਦੇ ਪਿੱਛੇ ਗਿਆ। ਦੋਵੇਂ ਛੜੇ ਦੋਸਤਾਂ ਨੂੰ ਮੈਂ ਬੇਨਤੀ ਦੇ ਲਹਿਜੇ 'ਚ ਕਿਹਾ, ਤੁਸੀਂ ਏਥੇ ਰਹੋ ਤਾਂ। ਤੁਹਾਨੂੰ ਕਾਹਦੀ ਕਾਹਦੀ ਐ? ਏਥੇ ਮੈਂ ਇਕੱਲਾ? ਬੋਲ ਮੇਰੇ ਬੁੱਲ੍ਹਾਂ 'ਚ ਲਰਜ਼ ਗਏ।

ਉਹ ਦੋਵੇਂ ਠਹਾਕਾ ਮਾਰ ਕੇ ਹੱਸੇ। ਦੂੱਬੇ ਬੋਲਿਆ, ਓਹ ਨੋ ਮੇਜਰ ਚੱਢਾਅ। ਸੋ ਗੁੱਡ ਲੱਕ ਮਾਈ ਚੈਪ!

ਉਹਦੇ ਬੋਲ ਮੈਨੂੰ ਵਿਹੁ ਵਰਗੇ ਲੱਗੇ। ਉਹ ਚਲੇ ਗਏ।ਕੀ ਨਾਂ ਏ ਤੁਹਾਡਾ? ਔਰਤ ਤੋਂ ਮੈਂ ਪੁੱਛਿਆ।

ਉਹ ਕੰਬੀ। ਬੋਲੀ ਕੁੱਝ ਨਾ।

ਨਾਂ ਦੱਸਣ 'ਚ ਕੀ ਹਰਜ ਏ? ਮੈਂ ਤੁਹਾਡਾ ਦੋਖੀ ਤਾਂ ਨਹੀਂ!

ਉਹ ਹਿੱਲੀ। ਉਹਦੇ ਬੁੱਲ੍ਹ ਕੰਬੇ। ਬੋਲਿਆ ਫੇਰ ਵੀ ਨਾ ਗਿਆ ਉਹਤੋਂ।

ਘਬਰਾਓ ਨਾ ਤੁਸੀਂ ਦੱਸੋ! ਦੱਸੋ! ! ਮੈਂ ਹੋਰ ਵੀ ਨਰਮੀ ਨਾਲ ਆਖਿਆ।

ਨਸੀਬ, ਨਸੀਬ ਕੁਰ। ਡਰਦੀ, ਝਿਜਕਦੀ ਨੇ ਆਪਣਾ ਨਾਂ ਦੱਸ ਦਿੱਤਾ।

ਕੁਝ ਖਾ ਲਓ, ਤੁਸੀਂ। ਭੁੱਖੇ ਹੋਵੋਗੇ। ਮੈਂ ਉਹਨੂੰ ਸਹਿਜ ਹਾਲਤ ਵਿੱਚ ਲਿਆਉਣਾ ਚਾਹੁੰਦਾ ਸਾਂ। ਉਹਨੇ ਨਾਂਹ ਵਿੱਚ ਸਿਰ ਹਿਲਾਇਆ। ਮੇਰੇ ਅਗਲੇ ਸਵਾਲਾਂ ਦਾ ਉਹਨੇ ਕੋਈ ਉੱਤਰ ਨਾ ਦਿੱਤਾ। ਏਸ ਵੇਲੇ ਇਹਦੀ ਮਾਨਸਿਕ ਹਾਲਤ ਠੀਕ ਨਹੀਂ। ਸਦਮੇਂ ਦੀ ਝੰਜੋੜੀ ਹੋਈ ਐ। ਸਵੇਰੇ ਸਾਰੀ ਗੱਲ ਪੁੱਛ ਲਵਾਂਗਾ। ਇਹ ਸੋਚ ਕੇ, ਉਹਨੂੰ ਮੈਂ ਆਪਣੇ ਬੈਡਰੂਮ 'ਚ ਭੇਜ ਦਿੱਤਾ। ਕੁੱਝ ਚਿਰ ਪਿੱਛੋਂ ਦੇਖਿਆ। ਉਹ ਦੁਬਕੀ ਪਈ ਸੀ। ਇਕੱਠੀ ਹੋਈ ਹੋਈ। ਗਠੜੀ ਵਾਂਗ। ਗੋਡੇ ਢਿੱਡ 'ਚ ਦੇ ਕੇ। ਮੈਂ ਅਲਮਾਰੀ 'ਚੋਂ ਕੱਢ ਕੇ ਦੋ ਕੰਬਲ ਉਹਦੇ ਉੱਤੇ ਪਾ ਦਿੱਤੇ, ਆਪ ਬਾਹਰ ਆ ਗਿਆ। ਬਾਹਰ ਆ ਅਚਾਨਕ ਮੈਨੂੰ ਖਿਆਲ ਆਇਆ। ਮੇਰਾ ਰਿਵਾਲਵਰ ਅੰਦਰ ਰਹਿ ਗਿਆ ਸੀ। ਇਸ ਹਾਲਤ ਵਿੱਚ ਔਰਤ ਕੁੱਝ ਵੀ ਕਰ ਸਕਦੀ ਏ। ਇਹ ਸੋਚ ਕੇ ਮੈਂ ਇੱਕਦਮ ਉੱਠਿਆ। ਅੰਦਰ ਗਿਆ। ਅਲਮਾਰੀ ਖੋਲ੍ਹੀ। ਰਿਵਾਲਵਰ ਚੁੱਕ ਉਤਾਂਹ ਨੂੰ ਕੀਤਾ। ਮੁੜਿਆ। ਤ੍ਰਬਕ ਗਿਆ।

ਮੇਰੇ ਹੱਥ 'ਚ ਰਿਵਾਲਵਰ ਦੇਖ ਕੇ ਉਹ ਕੰਬ ਉੱਠੀ। ਮੇਰੇ ਵੱਲ ਡਰੀਆਂ, ਡਰੀਆਂ, ਮੋਟੀਆਂ ਮੋਟੀਆਂ, ਫ਼ੈਲੀਆਂ ਅੱਖਾਂ ਨਾਲ ਝਾਕੀ। ਤੇ ਹੱਥ ਜੋੜ ਮੂੰਹ 'ਚ ਬੁੜਬੁੜਾਈ। ਜਿਵੇਂ ਕਹਿ ਰਹੀ ਹੋਵੇ, ਨਾ ਮਾਰੋ।

ਬੱਸ ਏਨੇ 'ਚ ਕਹਿਰ ਢਹਿ ਪਿਆ ਮੇਰੇ 'ਤੇ। ਉਹਦੀ ਮੇਰੇ ਵੱਲ ਝਾਕਦੀ ਖੱਬੀ, ਮੋਟੀ, ਫ਼ੈਲੀ ਅੱਖ 'ਚ ਹੰਝੂ ਉਭਰਿਆ ਤੇ ਮਲਕੜੇ ਹੇਠਾਂ ਵੱਲ ਵਹਿ ਤੁਰਿਆ। ਕੇਹੀ ਅੱਖ ਸੀ! ਬੇਬਸ। ਲਾਚਾਰ। ਮੂਨ ਦੀ ਅੱਖ ਵਰਗੀ। ਮੈਂ ਦਰਵਾਜ਼ਾ ਭੇੜ ਕੇ ਬਾਹਰ ਆ ਗਿਆ।

ਮੂਨ ਦੀ ਅੱਖ! ਹੁਣ ਸਿੱਧੀ ਮੇਰੇ ਵੱਲ ਝਾਕ ਰਹੀ ਸੀ। ਮੈਂ ਬਾਹਰ ਬੈਠਾ ਕਿੰਨਾ ਹੀ ਚਿਰ ਸੋਚਦਾ ਰਿਹਾ। ਅੱਖ ਮੇਰੇ ਵੱਲ ਝਾਕਦੀ ਰਹੀ। ਮੇਜ ਤੋਂ। ਛੱਤ 'ਚੋਂ। ਕੰਧਾਂ 'ਚੋਂ। ਹਰ ਉਸ ਸ਼ੈ 'ਚੋਂ, ਜਿਸ ਵੱਲ ਮੈਂ ਦੇਖਦਾ ਸਾਂ।

ਬਚਪਨ 'ਚ ਵਾਪਰਿਆ ਇੱਕ ਹਾਦਸਾ ਯਾਦ ਆ ਗਿਆ ਮੈਨੂੰ। ਦਸ ਬਾਰ੍ਹਾਂ ਵਰ੍ਹਿਆਂ ਦਾ ਸੀ ਮੈਂ, ਓਦੋਂ। ਇੱਕ ਦਿਨ ਕੁੱਝ ਬੰਦੇ ਸ਼ਿਕਾਰ ਖੇਲ੍ਹਣ ਗਏ। ਪਿੰਡੋਂ ਬਾਹਰ। ਰੋਹੀਆਂ 'ਚ। ਮੈਂ ਵੀ ਨਾਲ ਹੋ ਤੁਰਿਆ। ਸਾਰਾ ਦਿਨ ਕੋਈ ਸ਼ਿਕਾਰ ਨਾ ਮਿਲਿਆ। ਨਾ ਸੈਹਾ, ਨਾ ਤਿੱਤਰ, ਨਾ ਬਟੇਰਾ। ਬਥੇਰਾ ਸ਼ਿਸ਼ਕੇਰਿਆ ਕੁੱਤਿਆਂ ਨੂੰ। ਕੋਈ ਸ਼ਿਕਾਰ ਨਾ ਨਿਕਲਿਆ ਸਾਹਮਣੇ। ਆਥਣ ਉੱਤਰ ਰਹੀ ਸੀ। ਅਸੀਂ ਥੱਕੇ ਹਾਰੇ ਟਿੱਬਿਆਂ ਉੱਤੋਂ ਦੀ ਪਿੰਡ ਨੂੰ ਮੁੜ ਰਹੇ ਸਾਂ। ਅਚਾਨਕ, ਇੱਕ ਟਿੱਬੇ ਓਹਲਿਓਂ, ਚੁੰਗੀਆਂ ਭਰਦੀ ਇੱਕ ਮੂਨ ਸਾਹਮਣੇ ਆ ਗਈ। ਸ਼ਿਕਾਰੀਆਂ ਦੀਆਂ ਵਾਛਾਂ ਖਿੜ ਗਈਆਂ। ਰਫ਼ਲ ਵਾਲੇ ਨੇ, ਗੋਡਿਆਂ ਭਾਰ ਹੋ ਕੇ, ਸ਼ਿਸ਼ਤ ਬੰਨ੍ਹੀ। ਮੂਨ ਛਾਲ ਮਾਰ ਕੇ ਪਰ੍ਹਾਂ ਹੋ ਗਈ। ਉਹਨੇ ਫੇਰ ਸ਼ਿਸ਼ਤ ਲਾਈ। ਮੂਨ ਫੇਰ ਚੁੰਗੀ ਭਰ ਕੇ ਇੱਕ ਪਾਸੇ ਹੋ ਗਈ। ਜੀਵਨ-ਮੌਤ ਦੀ ਇਹ ਖੇਲ੍ਹ ਕੁੱਝ ਪਲ ਜਾਰੀ ਰਹੀ। ਅਖ਼ੀਰ ਉਹ ਸਾਡੇ ਸਾਹਮਣੇ ਆ ਖੜ੍ਹੀ ਹੋਈ। ਅਣਜਾਣ। ਅਣਭੋਲ। ਤੇ ਠਾਹ ਕਰਕੇ ਗੋਲੀ ਚੱਲੀ। ਸਾਡੇ ਦੇਖਦਿਆਂ ਦੇਖਦਿਆਂ ਉਹ ਟਿੱਬੇ ਉੱਤੇ ਡਿੱਗੀ। ਤੜਫਨ ਲੱਗੀ। ਸ਼ਿਕਾਰੀ ਚਾਂਘਰਾਂ ਮਾਰਦੇ ਉਸ ਵੱਲ ਵਧੇ। ਮੈਂ ਵੀ ਉਹਦੇ ਕੋਲ ਜਾ ਖੜ੍ਹਾ ਹੋਇਆ। ਥੋੜ੍ਹਾ ਹਟ ਕੇ। ਉਹ ਅਜੇ ਵੀ ਤੜਫ਼ ਰਹੀ ਸੀ। ਮੇਰੇ ਵੱਲ ਦੇਖ ਰਹੀ ਸੀ। ਮੋਟੀਆਂ ਮੋਟੀਆਂ ਅੱਖਾਂ ਉਹਦੀਆਂ ਹੋਰ ਵੀ ਫੈਲ ਗਈਆਂ ਸਨ। ਫੇਰ ਮੇਰੇ ਵੱਲ ਦੇਖਦੀ ਉਹਦੀ ਖੱਬੀ, ਮੋਟੀ, ਫੈਲੀ ਹੋਈ ਅੱਖ 'ਚੋਂ ਹੰਝੂ ਨਿਕਲਿਆ ਤੇ ਉਹਦੀ ਗੱਲ੍ਹ 'ਤੇ ਵਹਿ ਤੁਰਿਆ।

ਅੱਖ ਹੁਣ ਵੀ ਮੈਨੂੰ ਦੇਖ ਰਹੀ ਸੀ। ਮੇਰੇ ਕਮਰੇ ਦੀ ਹਰ ਸ਼ੈਅ 'ਚੋਂ। ਬਾਹਰ ਬੈਠਾ ਮੈਂ ਬੜਾ ਕੁੱਝ ਸੋਚਦਾ ਰਿਹਾ। ਮੇਰੀ ਹਾਲਤ ਰਫ਼ਲ ਵਾਲੇ ਉਸ ਸ਼ਿਕਾਰੀ ਵਰਗੀ ਸੀ। ਮੈਂ ਜੋ ਵੀ ਚਾਹੁੰਦਾ, ਕਰ ਸਕਦਾ ਸਾਂ। ਜੋ ਵੀ। ਮੇਰੀ ਕੋਠੀ ਦੇ ਬੈਡਰੂਮ 'ਚ ਇੱਕ ਔਰਤ ਪਈ ਸੀ। ਅਬਲਾ, ਬੇਬਸ ਤੇ ਲਾਚਾਰ। ਉਸ ਮੂਨ ਵਰਗੀ।

ਕਿੰਨੇ ਹੀ ਖ਼ਿਆਲ ਆਏ ਉਸ ਰਾਤ। ਪਾਪ ਵਰਗੇ। ਪੁੰਨ ਵਰਗੇ। ਸੋਚਦਾ ਸੋਚਦਾ ਪਤਾ ਨਹੀਂ ਕਦੋਂ ਮੈਂ ਸੌਂ ਗਿਆ।

ਸਵੇਰੇ ਦਿਨ ਚੜ੍ਹੇ ਉੱਠਿਆ, ਮੈਂ। ਬੈੱਡਰੂਮ ਦਾ ਦਰਵਾਜ਼ਾ ਬੰਦ ਸੀ। ਨਹਾਤਾ ਧੋਤਾ। ਕਮਰੇ ਦੀਆਂ ਚੀਜ਼ਾਂ ਵਸਤਾਂ ਏਧਰ ਓਧਰ ਸੰਭਾਲਦਾ ਰਿਹਾ। ਬੂਹਾ ਅਜੇ ਵੀ ਬੰਦ ਸੀ। ਪਤਾ ਨਹੀਂ ਕਿੰਨੀਆਂ ਰਾਤਾਂ ਜਾਗਦੀ ਰਹੀ ਹੋਵੇਗੀ। ਹੁਣ ਅੰਦਰ ਘੂਕ ਸੁੱਤੀ ਪਈ ਹੈ। ਉੱਠੇਗੀ ਤਾਂ ਇਕੱਠੇ ਚਾਹ ਪੀਵਾਂਗੇ। ਗੱਲਾਂ ਕਰਾਂਗੇ। ਦੁੱਖ ਸੁੱਖ ਸਾਂਝੇ ਕਰਾਂਗੇ। ਗੱਲ ਸ਼ੁਰੂ ਕਿਵੇਂ ਕਰਾਂਗਾ। ਸੋਚਦਾ ਰਿਹਾ। ਆਖ਼ਰ ਚਾਹ ਬਣਾ ਲਈ।

ਹੌਲੀ ਜਿਹੀ ਦਸਤਕ ਦਿੱਤੀ ਮੈਂ। ਫ਼ੇਰ ਜ਼ੋਰ ਦੀ ਖੜਕਾਇਆ ਬੂਹਾ। ਨਾ ਉਹ ਬੋਲੀ, ਨਾ ਬੂਹਾ ਹੀ ਖੁੱਲ੍ਹਿਆ। ਮੈਂ ਹੌਲੀ ਜਿਹੀ ਧੱਕਾ ਦੇ ਕੇ ਬੂਹਾ ਖੋਲ੍ਹਿਆ। ਅੰਦਰ ਝਾਕਿਆ। ਉਹ ਲੰਬੀ ਪਈ ਸੀ। ਸਿੱਧੀ ਸਤੋਰ। ਅੱਖਾਂ ਟੱਡੀਆਂ ਹੋਈਆਂ। ਮੈਂ ਬੌਂਦਲ ਗਿਆ।

ਬਾਹਰ ਆ ਕਮਲਿਆਂ ਵਾਂਗ ਕਮਰੇ 'ਚ ਚੱਕਰ ਕੱਟਣ ਲੱਗ ਪਿਆ। ਫੇਰ ਹਿੰਮਤ ਕਰਕੇ ਮੇਜਰ ਮਲਹੋਤਰਾ ਨੂੰ ਟੈਲੀਫ਼ੋਨ ਕੀਤਾ। ਉਹ ਤੇ ਦੂੱਬੇ ਦੋਵੇਂ ਆ ਗਏ। ਗੁਆਂਢੀ ਵੀ ਬੁਲਾ ਲਏ। ਅੰਦਰ ਗਏ। ਮਲਹੋਤਰਾ ਨੇ ਅੱਗੇ ਵਧ ਕੇ ਉਹਦੀਆਂ ਖੁੱਲ੍ਹੀਆਂ, ਫੈਲੀਆਂ ਅੱਖਾਂ ਬੰਦ ਕਰ ਦਿੱਤੀਆਂ।

(ਬਾਕੀ ਸਫ਼ਾ 31 'ਤੇ)

ਮਿੰਨੀ ਕਹਾਣੀ

## ਬਦਲਾ

ਗੁਰਮੇਲ ਮਡਾਹੜ

ਸਵਾਰੀਆਂ ਦਾ ਭਰਿਆ ਹੋਇਆ ਤਾਂਗਾ ਚੜ੍ਹਾਈ ਚੜ੍ਹ ਰਿਹਾ ਸੀ। ਘੋੜਾ ਪੂਰਾ ਜ਼ੋਰ ਲਾ ਕੇ ਤਾਂਗਾ ਖਿੱਚ ਰਿਹਾ ਸੀ। ਤਾਂਗੇ ਦੇ ਬੰਬ ਤੋਂ ਕੋਚਵਾਨ ਹੇਠਾਂ ਉੱਤਰ ਆਇਆ ਹੈ। ਉਸ ਨੇ ਸਵਾਰੀਆਂ ਨੂੰ ਭਾਰ ਅੱਗੇ ਕਰਕੇ ਬੈਠਣ ਦਾ ਇਸ਼ਾਰਾ ਕੀਤਾ ਹੈ। ਤੇ ਘੋੜੇ ਦੇ ਛਮਕ ਮਾਰਕੇ ਬੋਲਿਆ ਹੈ, ਸ਼ਾਬਾਸ਼! ਮੇਰੇ ਸ਼ੇਰ ਦੇ ਸ਼ਾਬਾਸ਼। ਛਮਕ ਦੀ ਮਾਰ ਤੇ ਮਾਲਕ ਦੀ ਹੱਲਾਸ਼ੇਰੀ ਕਰਕੇ ਘੋੜੇ ਨੇ ਆਪਣਾ ਰਹਿੰਦਾ ਜ਼ੋਰ ਵੀ ਤਾਂਗਾ ਖਿੱਚਣ 'ਤੇ ਲਾ ਦਿੱਤਾ ਹੈ। ਕੋਚਵਾਨ ਤਾਂਗੇ ਦੇ ਨਾਲ ਨਾਲ ਤੁਰਨ ਲੱਗਦਾ ਹੈ।

ਘੋੜੇ ਦੀ ਟੰਗ ਖਰਾਬ ਹੈ? ਇੱਕ ਸਵਾਰੀ ਨੇ ਅੱਗੇ ਨੂੰ ਝੁਕਦਿਆਂ ਘੋੜੇ ਨੂੰ ਲੰਗੜਾਉਂਦੇ ਹੋਏ ਦੇਖ ਕੇ ਪੁੱਛਿਆ।

ਹਾਂ।

ਫੇਰ ਅਰਾਮ ਕਰਵਾਉਣਾ ਸੀ, ਇਸ ਨੂੰ ਡੇਢ ਮਹੀਨੇ ਮਗਰੋਂ ਅੱਜ ਹੀ ਜੋੜਿਐ

ਸਵਾਰੀਆਂ ਘੱਟ ਬਠਾ ਲਿਆ ਕਰ

ਕਿਵੇਂ ਬਠਾ ਲਿਆ ਕਰਾਂ, ਅੱਠ ਰੁਪੈ ਕਿਲੋ ਦੇ ਹਿਸਾਬ ਨਾਲ ਦੋ ਕਿੱਲੋ ਛੋਲੇ ਚਾਰ ਰੁਪਈਆਂ ਦਾ ਦਸ ਕਿਲੋ ਚਾਰਾ। ਚਾਰ ਰੁਪੈ ਦੀ ਦਸ ਕਿਲੋ ਤੂੜੀ ਪੰਜ ਰੁਪੈ ਦਾ ਮਸਾਲਾ। ਉਨੱਤੀ-ਤੀਹ ਰੁਪਏ ਘੋੜੇ ਨੂੰ ਚਾਰ ਕੇ, ਦਸ ਰੁਪਈਏ ਮੈਨੂੰ ਵੀ ਘਰ ਦਾ ਖਰਚ ਚਲਾਉਣ ਲਈ ਚਾਹੀਦੇ ਨੇ।

ਉਹ ਤਾਂ ਠੀਕ ਹੈ, ਪਰ ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਜੋ ਆਦਮੀ ਕਿਸੇ ਨੂੰ ਇਸ ਜਨਮ ਵਿੱਚ ਤੰਗ ਕਰਦਾ ਹੈ, ਉਸ ਦਾ ਬਦਲਾ ਉਸ ਨੂੰ ਅਗਲੇ ਜਨਮ ਵਿੱਚ ਦੇਣਾ ਪੈਂਦਾ ਹੈ ਇਕ ਸਵਾਰੀ ਬੋਲੀ।

ਪਹਿਲਾਂ ਇਸ ਜਨਮ ਦੇ ਬਾਰੇ ਸੋਚ ਲਈਏ। ਦੂਸਰੇ ਜਨਮ ਬਾਰੇ ਦੂਸਰੇ ਜਨਮ ਵਿੱਚ ਦੇਖੀ ਜਾਊਗੀ। ਕਹਿਕੇ ਕੋਚਵਾਨ ਨੇ ਘੋੜੇ ਨੂੰ ਚਾਬੁਕ ਮਾਰ ਦਿੱਤੀ।

# ਮੇਰੀ ਕਲਮ

## ਲਹਿਰੋ ਨੀ ਲਹਿਰ

ਦੇਵਿੰਦਰ ਸਤਿਆਰਥੀ

ਲਹਿਰੋ ਨੀ ਲਹਿਰੋ,
ਰੰਗ ਰੰਗ ਰੰਗੀਓ,
ਕਿਰਨਾਂ ਤੇ ਬੈਠੀਓ,
ਕਿਲਕਿਲੀ ਪਾਂਦੀਓ,
ਕਿੱਧਰ ਨੂੰ ਜਾਂਦੀਓ

ਦੱਸੋ ਖਾਂ ਸੋਹਣੀਓਂ,
ਮਨਾਂ ਨੂੰ ਮੋਹਣੀਓਂ,
ਤੁਹਾਨੂੰ ਜੇ ਪਤਾ ਹੈ,
ਮੈਨੂੰ ਤੇ ਪਤਾ ਨਹੀਂ-
ਕਿਉਂ ਨਹੀਂ ਪੋਂਹਦੀਆਂ,
ਹਨੇਰੇ ਵਿੱਚ ਬੈਠੜੇ,
ਕੱਲਮ ਕੱਲੜੇ
ਪੁਰੀ ਦੇ ਦੇਵ ਨੂੰ
ਸਦੀਆਂ ਦੇ ਆਕੜੇ
ਪੱਥਰ ਦੇ ਕਾਨ੍ਹ ਨੂੰ
ਕਿਉਂ ਨਹੀਂ ਮੋਂਹਦੀਆਂ,
ਨੀ ਰੂਪ ਰੱਤੀਓ,
ਨੀ ਮਾਣ-ਮੱਤੀਓ,
ਸੌਲੀਓ ਗੋਪੀਓ

ਹਜ਼ਾਰਾਂ ਹੀ ਆਦਮੀ,
ਲੱਖਾਂ ਹੀ ਆਦਮੀ,
ਕਰੋੜਾਂ ਹੀ ਆਦਮੀ,
ਕਰਦੇ ਰਹੇ ਨੇ
ਦੇਵਤੇ ਦੀ ਪੂਜਾ,
ਪੁਰੀ ਦੇ ਪੁਰਾਣੇ
ਦੇਵਤੇ ਦੀ ਪੂਜਾ,
ਕਦੀ ਕੁਝ ਮੂੰਹੋਂ ਜੋ
ਬੋਲਿਆ ਨਾ ਚਾਲਿਆ ।

ਹੰਝੂ ਅਮੁੱਕ,
ਨਾਲੇ ਤਰਲੇ ਅਮੁੱਕ,
ਨਾਲੇ ਹਾਵੇ ਅਮੁੱਕ,
ਸਦੀਆਂ ਤੋਂ ਚਲੇ ਆਉਣ
ਦੇਵਤੇ ਦੇ ਪੈਰਾਂ ਤੇ
ਓਵੇਂ ਹੀ ਲੋਕ ਪਰ
ਭੁੱਖੇ ਤੇ ਨੰਗੇ ਨੇ,
ਓਵੇਂ ਹੀ ਤੁਸੀਂ ਵੀ
ਦਿਨੇ ਰਾਤੀਂ ਬੇਕਰਾਰ ।

ਲਹਿਰੋ ਨੀ ਲਹਿਰੋ,
ਰੰਗ ਰੰਗ ਰੰਗੀਓ,
ਸੌਲੀਓ ਗੋਪੀਓ !

## ਫਿਹਲ ਹੋ ਗਈ ਪੰਜਾਬੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਫਿਹਲ ਹੋ ਗਈ ਪੰਜਾਬ ਵਿੱਚ, ਲੋਕੋ ਪੰਜਾਬੀ,
ਸਾਡੇ ਸਭਿਆਚਾਰ ਦੀ, ਹੋ ਰਹੀ ਬਰਬਾਦੀ।
ਪੱਛਮੀ ਕਲਚਰ ਸਾਡੇ ’ਤੇ, ਹੋ ਗਿਆ ਹੈ ਭਾਰੀ,
ਅੰਗਰੇਜ਼ੀ ਬੋਲਣ ਪੜ੍ਹਨ ਦੀ, ਸਾਨੂੰ ਲੱਗੀ ਬਿਮਾਰੀ।
ਸਕੂਲ ਕਾਲਿਜ ਯੂਨੀਵਰਸਿਟੀਆਂ, ਧੜਾ ਧੜ ਖੁੱਲ੍ਹਣ,
ਸਾਰੇ ਰਲਮਿਲ ਪੰਜਾਬੀ ਦੀਆਂ, ਅੱਜ ਵੱਖੀਆਂ ਖੁੱਲਣ।
ਬਿਹਾਰੀ ਭਈਏ ਫਰਲ ਫ਼ਰਲ, ਪੰਜਾਬੀ ਬੋਲਣ,
ਪੰਜਾਬੀ ਟੁੱਟੀ ਹਿੰਦੀ ਬੋਲ, ਪੰਜਾਬੀ ਨੂੰ ਰੋਲਣ।
ਪੰਜਾਬੀ ਬੋਲਣ ਉੱਤੇ ਲੱਗਦੇ, ਸਕੂਲੀਂ ਜੁਰਮਾਨੇ,
ਇਸ ਦਾ ਰਸਤਾ ਰੋਕਣ ਕਈ, ਨਿੱਤ ਨਵੇਂ ਬਹਾਨੇ।
ਪੰਜਾਬੀ ਉੱਤੇ ਖੋਜਾਂ ਅੱਜ, ਅੰਗਰੇਜ਼ੀ ਵਿੱਚ ਹੁੰਦੀਆਂ,
ਪੰਜਾਬੀ ਦੀਵਾਨੇ ਰੋ ਰੋ ਕੇ, ਕਰਨ ਅੱਖਾਂ ਚੁੰਨ੍ਹੀਆਂ।
ਪੰਜਾਬੀ ਡਾਕਦਾਰਾਂ ਦੇ ਬੱਚੇ, ਹੁਣ ਵਿਦੇਸ਼ੀਂ ਪੜ੍ਹਦੇ,
ਪੰਜਾਬੀ ਦਾ ਖੱਟਿਆ ਖਾ ਕੇ ਵੀ, ਇਸ ਕੋਲ ਨਾ ਖੜ੍ਹਦੇ।
ਪੈਸੇ ਦੇ ਹੀ ਜ਼ੋਰ ’ਤੇ, ਅੱਜ ਡਿਗਰੀਆਂ ਵਿਕਦੀਆਂ,
ਸਨਮਾਨਾਂ ਦੀ ਦੌੜ ਵਿੱਚ, ਕਈ ਹਸਤੀਆਂ ਡਿਗਦੀਆਂ।
ਜਿੱਡਾ ਵੱਡਾ ਦਰਦੀ ਦਿਸੇ, ਓਡਾ ਹਤਿਆਰਾ,
ਪੜਦੇ ਪਿੱਛੇ ਕਰਦਾ ਫਿਰੇ, ਹਰ ਕੋਝਾ ਕਾਰਾ।
ਫਿਹਲ ਹੋ ਗਈ ਪੰਜਾਬ ਵਿੱਚ, ਲੋਕੋ ਪੰਜਾਬੀ,
ਸਾਡੇ ਸਭਿਆਚਾਰ ਦੀ, ਹੋ ਰਹੀ ਬਰਬਾਦੀ।

## ਬੂਹੇ

ਪ੍ਰੋਫੈਸਰ ਮੋਹਨ ਸਿੰਘ

ਮੈਂ ਹਾਂ ਇਕ ਬੂਹੇ ਦੇ ਵਾਂਗ,
ਰਾਤ ਦਿਨ ਖੁੱਲ੍ਹਾ ਚੁਪੱਟ ਰਹਿੰਦਾ ਹੈ ਜੋ
ਚਿਲਕਣੀ ਧੁੱਪ ਤੋਂ ਕਦੀ ਪੁੱਛਦਾ ਤੇਰੇ ਆਉਣ ਦੀ ਸੋਅ,
ਵਿੱਚ ਹਨੇਰੇ ਯਾਦ ਤੇਰੀ ਦਾ ਦੀਵਾ ਟਿਮਟਿਮਾਉਂਦਾ,
ਤਾਰਿਆਂ ਦੇ ਰਾਹ ਵਿੱਚ ਲੱਭਦਾ ਗਵਾਚੇ ਪੈਰ-ਚਿੰਨ੍ਹ,
ਨਿੱਤ ਖੁਲ੍ਹਾ, ਜੀਉਂਦਾ ਤੇ ਜਾਗਦਾ ।
ਓਢ ਭੋਛਣ ਮੂੰਹ-ਹਨੇਰ ਦਾ ਉਹ ਤੇਰਾ ਆਵਣਾ ।
ਧੁੱਪ-ਕੇਸਰ ਵਿੱਚ ਡੁਬੋ ਅਡੀਆਂ ਤੇਰਾ ਮੁੜ ਜਾਵਣਾ ।
ਲੱਖ ਝੱਖੜ ਤੇ ਤੂਫ਼ਾਨ
ਸਿਰ ਦੇ ਉੱਤੇ ਕੜਕੜਾਣ
ਏਸ ਅਭਿਮਾਨੀ ਜਵਾਨੀ
ਨੇ ਨਾ ਬੂਹਾ ਢੋਇਆ ...
ਛੱਟ ਕਰੇਂਦੇ ਬਾਜ਼ ਕਈ
ਜਿੰਦ ਦੀ ਟਹਿਣੀ ਤੇ ਬਹਿ ਕੇ ਉੱਡ ਗਏ ।
ਅੱਖਾਂ ਵਿਚੋਂ ਅੱਗ ਉਗਲਦੇ ਖ਼ੂਨੀ ਚਿਤਰੇ
ਲੰਘ ਅੰਦਰ ਰਾਤ ਕੱਟ ਕੇ ਉਠ ਗਏ ।
ਕਈ ਵਿਹੁ-ਰਾਜੇ ਮੇਰੇ ਮਨ ਦੀ ਮਣੀ ਸੰਗ
ਖੇਡ ਖੇਡਾਂ ਕੁੰਜ ਲਾਹ ਕੇ ਸੁਟ ਗਏ ।
ਕਈ ਜਨੂੰ, ਵਹਿਸ਼ੀ ਖ਼ਿਆਲ
ਦਿਲ ਦੇ ਵਿਹੜੇ ਵਿੱਚ ਘੌਂਰੂ ਪਾ ਕੇ
ਧੂੜਾਂ ਪੁੱਟ ਗਏ ...
ਹੁਣ ਜਦੋਂ ਆਇਆ ਜ਼ਰਾ
ਜਰ ਜਰੇ ਭਿੱਤ ਹੋ ਗਏ ਇਸ ਮਹਿਲ ਦੇ,
ਕਾਇਆ ਕੱਪੜ ਲਗ ਪਿਆ ਹੈ ਝੇਰ ਖਾਣ,
ਜਿੰਦ ਦਾ ਖਿੱਦੋ ਸਮੇਂ ਦੇ ਰੱਥ ਨੇ
ਕਰ ਦਿੱਤਾ ਹੈ ਸ਼ੁਰੂ ਹਦਰੇੜਨਾ,
ਹਾਲੇ ਵੀ ਮੂਰਖ ਤੇ ਅਭਿਮਾਨੀ ਇਸ਼ਕ
ਅੱਖ ਨਾ ਝਮਕੇ ਨਿਮਖ,
ਖੋਹਲ ਕੇ ਰਖਦਾ ਹੈ ਭਿੱਤ ...
ਕੀ ਪਤਾ ਕਦ ਚੜ੍ਹ ਪਏ ਉਹ ਚੰਦੜਾ ।
ਕੀ ਪਤਾ ਕਦ ਆ ਵੜੇ ਲਟਕੰਦੜਾ ।

## ਸੱਚ ਦਾ ਆਸ਼ਿਕ ਹਾਂ ਸੱਚ ਤੇ ਮਰਦਾ ਹਾਂ

ਦੀਪਕ ਜੈਤੋਈ

ਸੱਚ ਦਾ ਆਸ਼ਿਕ ਹਾਂ ਸੱਚ ਤੇ ਮਰਦਾ ਹਾਂ
ਝੂਠ ਦਾ ਦਮ ਨਾ ਮੂਲ ਭਰਦਾ ਹਾਂ
ਜ਼ਰ-ਪ੍ਰਸਤਾ ! ਡਰਾ ਨਾ ਤੂੰ ਮੈਨੂੰ !
ਮੈਂ ਜੇ ਡਰਦਾਂ, ਤਾਂ ਰੱਬ ਤੋਂ ਡਰਦਾਂ ਹਾਂ
ਡਰ ਦਿਖਾਉਂਦਾ ਹੈ ਨਾਸਿਰ ਦੋਜ਼ਖ਼ ਦਾ
ਅੱਗ ਦਾ ਦਰਿਆ ਮੈਂ ਰੋਜ਼ ਤਰਦਾ ਹਾਂ
ਖ਼ੂਨ ਪੀਣਾਂ ਉਹ ਮੁੱਲਾਂ !
ਸਮਝਾਉਂਦੈ ਮੈ ਅਕਸ਼ੀ ਕਾਸਤੋਂ ਮੈਂ ਕਰਦਾ ਹਾਂ ?
ਮੈਨੂੰ ਹਰ ਸ਼ਖ਼ਸ, ਖੁਦ ਜਿਹਾ ਲਗਦੈ
ਅਪਣੇਂ ਦਿਲ ਵਿੱਚ ਮੈਂ ਜਦ ਉੱਤਰਦਾ ਹਾਂ
ਐਬ ਯਾਰਾਂ ਦੇ ਢੱਕਦੈਂ ਮੈਂ ਅਕਸਰ
ਅਪਣੇਂ ਐਬਾਂ ਤੋਂ ਚੁੱਕਦਾ ਪਰਦਾ ਹਾਂ
ਸਰ ਤੇ ਪੈਂਦੀ ਹੈ ਹਰ ਬਲਾ ਟੁੱਟ ਕੇ
ਹਰ ਬਲਾ ਦਾ ਮੈਂ ਹਮਲਾ ਜਰਦਾ ਹਾਂ
ਜ਼ਾਲਿਮਾਂ ਨੂੰ ਸਲਾਮ ਨਈਂ ਕਰਦਾ
ਆਸ਼ਿਕਾਂ ਨੂੰ ਸਲਾਮ ਕਰਦਾ ਹਾਂ
ਐ ਫ਼ਲਕ ! ਤੂੰ ਵੀ ਲਾ ਲੈ ਅਪਣਾ ਜ਼ੋਰ !
ਮੈਂ ਸਤਾਇਆ ਜ਼ਮਾਨੇ ਭਰ ਦਾ ਹਾਂ
ਇਹ ਤਾਂ ਹਿੰਮਤ ਹੈ ਮੇਰੀ ਐ ਵਾਇਜ਼ !
ਗ਼ਰਕ ਹੋ ਕੇ ਵੀ ਮੈਂ ਉਭਰਦਾ ਹਾਂ
ਐਸੇ ਹਾਲਾਤ ਹੋ ਗਏ ਦੀਪਕ !
ਮੈਂ ਨਾ ਹੁਣ ਘਾਟ ਦਾ, ਨਾ ਘਰ ਦਾ ਹਾਂ

## ਹਾਲ ਸਿਆਸਤਦਾਨਾਂ ਦਾ

ਬਾਬਾ ਨਜਮੀ

ਦੱਸਾਂ ਕੀ ਮੈਂ ਹਾਲ, ਸਿਆਸਤਦਾਨਾਂ ਦਾ
ਕਿਬਲਾ ਕਾਅਬਾ ਮਾਲ, ਸਿਆਸਤਦਾਨਾਂ ਦਾ
ਜਲਸੇ ਵਿੱਚ ਜਲੂਸਾਂ ਕਦੇ ਵੀ ਹੋਇਆ ਨਹੀਂ
ਮਰਿਆ ਹੋਵੇ ਬਾਲ, ਸਿਆਸਤਦਾਨਾਂ ਦਾ
ਨੱਠੋ ਲੋਕੋ ਖ਼ੈਰ ਮਨਾਓ ਧਰਤੀ ਦੀ
ਆਇਆ ਫੇਰ ਭੂਚਾਲ, ਸਿਆਸਤਦਾਨਾਂ ਦਾ
ਸਾਡੇ ਮੂੰਹ ਤੇ ਆਖਣ ਸਾਨੂੰ ਆਣ ਗ਼ਰੀਬ
ਵੇਖੋ ਯਾਰ ਕਮਾਲ, ਸਿਆਸਤਦਾਨਾਂ ਦਾ
ਅੱਪੜ ਜਾਵਣ ਜਿਸ ਦਿਨ ਵਿੱਚ ਅਸੰਬਲੀ ਦੇ
ਤੱਕਣਾ ਫੇਰ ਜਲਾਲ, ਸਿਆਸਤਦਾਨਾਂ ਦਾ
ਅਸੀਂ ਆਂ ਭੋਲ਼ੇ ਪੰਛੀ ਫਸਣਾ ਫੇਰ ਅਸਾਂ
ਲੱਗਾ ਫੇਰ ਏ ਜਾਲ, ਸਿਆਸਤਦਾਨਾਂ ਦਾ
ਹੁਣ ਤੇ ਪਾ ਲਓ ਜੱਫੀਆਂ ਕੱਲ੍ਹ ਪਰਛਾਵਾਂ ਵੀ
ਖਹਿ ਨਹੀਂ ਸਕਦਾ ਨਾਲ, ਸਿਆਸਤਦਾਨਾਂ ਦਾ
ਸਾਡੀ ਫੇਰ ਚੰਗੇਰ ਨੇ ਖਾਲੀ ਰਹਿਣਾ ਏ
ਭਰ ਜਾਣਾ ਏ ਥਾਲ, ਸਿਆਸਤਦਾਨਾਂ ਦਾ
ਜਿੰਨਾ ਤੀਕ ਇਲੈਕਸ਼ਨ ‘ਬਾਬਾ’ ਹੁੰਦਾ ਨਈਂ
ਰਿਸ਼ਤਾ ਸਾਡੇ ਨਾਲ਼, ਸਿਆਸਤਦਾਨਾਂ ਦਾ

## ਫੁੱਲਾਂ ਨੂੰ ਸੂਲਾਂ ’ਤੇ

ਤਾਰਾ ਸਿੰਘ ਆਲਮ

ਸਦੀਆਂ ਤੋਂ ਇਹ ਆਦਤ ਰਹੀ ਹੈ ਜ਼ਮਾਨੇ ਦੀ,
ਫੁੱਲਾਂ ਨੂੰ ਸੂਲਾਂ ਤੇ ਸੂਲਾਂ ਨੂੰ ਸਿਰ ਸਜਾਣੇ ਦੀ।

ਕੋਈ ਵੀ ਯੁੱਗ ਹੋਵੇ ਭਲਾ ਕੋਈ ਵੀ ਰਾਜ ਹੋਵੇ,
ਕਸ਼ਮਕਸ਼ ਚਲਦੀ ਹੀ ਰਹੂ ਆਪਣੇ ਬੇਗਾਨੇ ਦੀ।

ਆਪਣੀ ਅੱਗ ’ਚ ਹਰ ਕੋਈ ਆਪੇ ਸੜ ਰਿਹੈ,
ਗੱਲ ਭੁੱਲਦੀ ਜਾ ਰਹੀ ਸ਼ਮ੍ਹਾਂ ਪਰਵਾਨੇ ਦੀ।

ਕਰਕੇ ਵਾਰ ਮਿਰੇ ’ਤੇ, ਓਹ ਖੁਦ ਹੀ ਮਰ ਗਿਆ,
ਹੱਦ ਯਾਰੋ ਹੋ ਗਈ ਉਸ ਦੇ ਨਿਸ਼ਾਨੇ ਦੀ।

ਚਿਹਰਿਆਂ ਦੀ ਭੀੜ ਹੈ ਪਰ ਸੁਜਾਖਾ ਕੋਈ ਨਹੀਂ,
ਏਸੇ ਹੀ ਗ਼ਮ ’ਚ ਹੋ ਗਈ, ਮੌਤ ਆਈਨੇ ਦੀ।

ਖੁਦਗਰਜ਼ਾਂ ਦੇ ਸ਼ਹਿਰ ਵਿੱਚ ਸਭ ਨੂੰ ਹੈ ਆਪੋ ਆਪਣੀ,
ਕੌਣ ਸੁਣੇ ਸਮਝੇ ਭਲਾ, ਗੱਲ ਕਿਸੇ ਦੀਵਾਨੇ ਦੀ।

[illegible] ਹੀ ਆਲਮ ਹੱਸ ਰਿਹੈ, ਮੇਰੇ ਨਸੀਬ ’ਤੇ,
ਜਲ ਰਹੀ ਹੈ ਹਰ ਸ਼ਾਖ, ਆਸ਼ੀਆਨੇ ਦੀ।

## ਰਾਤੀਂ ਅੰਬਰੋਂ

ਰਾਜਵੰਤ ਕੌਰ



ਰਾਤੀਂ ਅੰਬਰੋਂ ਚੰਨ ਉੱਤਰ ਕੇ,
ਮੇਰੇ ਕੋਲ਼ੇ ਆਇਆ।
ਸੁਸਤਾਏ ਨੈਣਾਂ ਨੇ ਤੱਕਿਆ,
ਉਸ ਰੰਗਲ਼ਾ ਪੀੜ੍ਹਾ ਡਾਹਿਆ।
ਉਹਦੀ ਤੱਕਣੀ ਜਿੰਦ ਜਿਹੀ ਕੱਢਦੀ,
ਫੁੱਲਾਂ ਜਿਹਾ ਮੁਸਕਾਇਆ।
ਪਾਂਧੀ ਕੋਈ ਪਿਆਸਾ ਜਾਪੇ,
ਅਜ਼ਲਾਂ ਦਾ ਤ੍ਰਿਹਾਇਆ।
ਪਾ ਕੇ ਕੋਈ ਛੋਹ ਪੁਰਾਣੀ,
ਮੇਰਾ ਲੂੰ ਲੂੰ ਲਰਜ਼ਾਇਆ।
ਅੱਭੜਵਾਹੇ ਉੱਠੀ ਮੈਂ,
ਸੱਜਣ ਘਰ ਆਇਆ।
ਬਉਰੀ ਹੋ ਹੋ ਢੂੰਡਦੀ,
ਜਿਤੁ ਰੰਗਲਾ ਪੀੜ੍ਹਾ ਡਾਹਿਆ।
ਬਾਹਵਾਂ ਅੱਡੀਆਂ ਰਹਿ ਗਈਆਂ,
ਅੱਗ ਲੱਗਣਾ ਦਿਨ ਚੜ੍ਹ ਆਇਆ।

## ਮੇਰੇ ਮਿੱਤਰ ਪੰਛੀ

ਡਾ. ਧਰਮਿੰਦਰ ਸਿੰਘ ਉੱਭਾ



ਮੇਰੇ ਮਿੱਤਰ ਪੰਛੀ
ਬਿਨ ਨਾਗੇ ਤੋਂ ਆਉਂਦੇ ਨੇ,
ਆ ਕੇ ਪੁੱਛਦੇ ਹਾਲ ਮੇਰਾ
ਤੇ ਆਪਣਾ ਹਾਲ ਸੁਣਾਂਉਦੇ ਨੇ।
ਦੋ ਗਰਾਹੀਆਂ ਆਪਣੀ ਵਿੱਚੋਂ
ਜਦ ਉਹਨਾਂ ਨੂੰ ਪਾਉਂਦਾ ਹਾਂ,
ਸ਼ੁਕਰਾਨੇ ਦੇ ਨਾਲ ਭਰੇ
ਉਹ ਅੱਖ ਨਾਲ ਅੱਖ ਮਿਲਾਉਂਦੇ ਨੇ।
ਪੱਕੇ ਆਪਣੇ ਵਾਅਦੇ ਦੇ
ਤੇ ਪਾਬੰਦ ਪੂਰੇ ਸਮੇਂ ਦੇ ਉਹ,
ਮੈਂ ਲੇਟ ਕਦੇ ਜੇ ਹੋ ਜਾਵਾਂ
ਉਹ ਉੱਥੇ ਈ ਗੇੜੀਆਂ ਲਾਉਂਦੇ ਨੇ।
ਕੋਈ ਵੱਡੀ ਆਸ ਨੀ ਉਹਨਾਂ ਦੀ
ਉਹ ਰੱਜੀ ਰੂਹ ਦੇ ਮਾਲਕ ਨੇ,
ਉਹ ਦੋ ਚਾਰ ਦਾਣੇ ਚੁਗਦੇ ਨੇ
ਤੇ ਘਰ ਆਪਣੇ ਉੱਡ ਜਾਂਦੇ ਨੇ।
ਰਹਿਣ ਸਲਾਮਤ ਘਰ ਆਪਣੇ ਉਹ
ਮੈਂ ਇਹ ਅਰਦਾਸ ਹੀ ਕਰਦਾ ਹਾਂ,
ਉਹ ਦਿਲੋਂ ਮੁਹੱਬਤ ਕਰਦੇ ਨੇ
ਤੇ ਦਿਲ ਮੇਰੇ ਨੂੰ ਭਾਉਂਦੇ ਨੇ।

# ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ

# ਦੀਦਾਰ ਸੰਧੂ





ਸੁਖਵਿੰਦਰ ਸਿੰਘ ਮੁੱਲਾਂਪੁਰ

ਗੀਤਕਾਰੀ ਅਤੇ ਗਾਇਕੀ ਦਾ ਬਾਦਸ਼ਾਹ ਦੀਦਾਰ ਸੰਧੂ ਪਤਾ ਨਹੀ ਕਿਥੋਂ ਲਿਆ ਲਿਆ ਕੇ ਸ਼ਬਦ ਆਪਣੀ ਗੀਤਕਾਰੀ ਵਿੱਚ ਪਰੋ ਦਿੰਦਾ ਸੀ ਫਿਰ ਆਪ ਹੀ ਗੀਤਾਂ ਨੂੰ ਗਾਅ ਕੇ ਚਾਰ ਚੰਨ ਲਾ ਦਿੰਦਾ ਸੀ।

ਇਸ ਮਹਾਨ ਗੀਤਕਾਰ ਅਤੇ ਗਾਇਕ ਦਾ ਜਨਮ 3 ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜਿਲ੍ਹੇ ਦੇ ਚੱਕ ਨੰਬਰ 133 ਵਿੱਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਅਤੇ ਮਾਤਾ ਦਾ ਨਾਮ ਦਾਨ ਕੌਰ ਸੀ

ਦੋਹਾਂ ਦੇਸ਼ਾ ਦੀ ਵੰਡ ਵੇਲੇ ਇਹ ਪ੍ਰੀਵਾਰ ਚੜ੍ਹਦੇ ਪੰਜਾਬ ਵਿੱਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਂਉ ਜ਼ਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖੁਰਦ ਵਿਖੇ ਜਮੀਨ ਅਲਾਟ ਹੋਣ ਕਰਕੇ ਪੱਕੇ ਤੌਰ ’ਤੇ ਇਥੇ ਰਹਿਣ ਲੱਗ ਪਏ। ਇਸ ਨੇ ਸਤਵੀਂ ਤੱਕ ਦੀ ਪੜ੍ਹਾਈ ਜਗਰਾਉਂ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ।

ਦੀਦਾਰ ਸੰਧੂ ਦਾ ਵਿਆਹ 1966 ਵਿੱਚ ਜਗਰਾਉਂ ਨੇੜੇ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ ਜੋ ਬਹੁਤ ਹੀ ਵਧੀਆ ਸੁਭਾਹ ਦੇ ਹਨ ਘਰ ਦੀ ਜ਼ਿਮੇਵਾਰੀ ਇਹਨਾਂ ਨੇ ਸੰਭਾਲੀ ਅਤੇ ਦੀਦਾਰ ਸੰਧੂ ਨੂੰ ਕੁਦਰਤ ਵੱਲੋਂ ਮਿਲੀ ਗੀਤਕਾਰੀ ਅਤੇ ਗਾਇਕੀ ਦੀ ਕਲਾ ਨੂੰ ਸਰੋਤਿਆਂ ਸਾਹਮਣੇ ਰੱਖਣ ਲਈ ਵਿਹਲਾ ਕਰ ਦਿੱਤਾ।

ਦੀਦਾਰ ਸੰਧੂ ਹੋਰੀ ਪੰਜ ਭਰਾ ਸਨ ਇਹ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਜਗਮੋਹਣ ਸੰਧੂ , ਬੇਟੀ ਦੀਪਾਂ ਸੰਧੂ । ਬੇਟਾ ਜਗਮੋਹਣ ਸੰਧੂ ਵਧੀਆ ਗਾਇਕ ਹੈ ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ।

ਦੀਦਾਰ ਸੰਧੂ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ। ਉਥੇ ਹੀ ਮਹੁੰਮਦ ਸਦੀਕ ਨੌਕਰੀ ਕਰਦਾ ਸੀ ਦੀਦਾਰ ਸੰਧੂ ਉਸ ਦੇ ਸੰਪਰਕ ਵਿੱਚ ਆ ਕੇ ਉਸ ਨੂੰ 1962 ਵਿੱਚ ਮਿਲਿਆ। ਦੀਦਾਰ ਸੰਧੂ ਨੇ ਆਪਣੇ ਲਿਖੇ ਗੀਤ ਮਹੁੰਮਦ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ ਅੱਲੜ੍ਹ ਜਿਹੇ ਮੁੰਡੇ ਨੇ ਇਤਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ ਇਕ ਤੇਰਾ ਰੰਗ ਮੁਸ਼ਕੀ, ਦੂਜਾ ਚਰਖਾ ਗਲੀ ਦੇ ਵਿੱਚ ਡਾਹਿਆ (ਸੋਲੋ) ਦੂਸਰਾ ਗੀਤ ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ (ਸੋਲੋ) ਤੀਸਰਾ ਗੀਤ ਗੋਰੇ ਰੰਗ ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ (ਦੋਗਾਣਾ ਗੀਤ ਮਹੁੰਮਦ ਸਦੀਕ ਅਤੇ ਸਵਰਨ ਲਤਾ ਦੀ ਆਵਾਜ਼ ਵਿੱਚ) ਇਹ ਤਿੰਨੇ ਗੀਤ 1965-66 ਵਿੱਚ ਰਿਕਾਰਡ ਹੋਏ।



ਇਹ ਗੀਤ ਇਤਨੇ ਚੱਲੇ ਇਹਨਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿੱਚ ਵਧੀਆ ਪਛਾਣ ਬਣਾ ਦਿੱਤੀ ਮਹੁੰਮਦ ਸਦੀਕ ਨੇ ਵੀ ਗਾ ਕੇ ਆਪਣਾ ਗਾਇਕੀ ਵਿੱਚ ਕੱਦ ਹੋਰ ਉਚਾ ਕਰ ਲਿਆ।

ਦੀਦਾਰ ਸੰਧੂ ਨੇ ਜਦੋਂ ਗਾਇਕੀ ਦੇ ਖੇਤਰ ਵਿੱਚ ਪੈਰ ਪਾਇਆ ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ।

-ਜੱਟ ਬੜਾ ਬੇਦਰਦੀ ਮੈਂ ਕਿੱਥੇਂ ਜਾਵਾਂ

ਫਿਰ ਦੀਦਾਰ ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ ਜੋ ਬਹੁਤ ਮਕਬੂਲ ਹੋਈ। 1975 ਵਿੱਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇਕ ਛੇ ਗੀਤਾਂ ਦਾ ਤਵਾ ਆਇਆ ਜਿਸ ਨੇ ਦੀਦਾਰ ਦੀ ਗੀਤਕਾਰੀ ਅਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ।

ਉਸ ਤਵੇ ਦੇ ਗੀਤ ਜੋੜੀ ਜਦੋ ਚੁਬਾਰੇ ਚੜ੍ਹਦੀ, ਬਣ ਕੇ ਪ੍ਰਹਾਉਣਾ ਆ ਵੇ, ਮੁੰਡਾ ਪੀ ਕੇ ਵਲੈਤੀ ਦਾਰੂ, ਲੈ ਚੱਲ ਮੁੰਡਿਆ ਵੇ ਨਾਲ, ਜੇ ਬਣ ਜੇ ਵਿਚੋਲਣ ਮੇਰੀ, ਹਾਲ ਓ ਰੱਬਾ ਗੀਤ ਤਾਂ ਸਾਰੇ ਹੀ ਵਧੀਆ ਸਨ ਪਰ ਜੋੜੀ ਜਦੋਂ ਚੁਬਾਰੇ ਚੜ੍ਹਦੀ ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ।

ਦੀਦਾਰ ਸੰਧੂ ਦੇ ਮੁਕਤਸਰ, ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਜਿਆਦਾ ਆਖਾੜੇ ਲਗਦੇ ਸਨ। ਰਸਤੇ ਵਿੱਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ। ਜੋ ਬਹੁਤਾ ਸਮਾ ਬੰਦ ਰਹਿੰਦਾ ਸੀ ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚਲਣਾ ਪੈਂਦਾ ਸੀ ਇਸ ਕਰਕੇ ਦੀਦਾਰ ਸੰਧੂ ਨੂੰ ਉਥੇ ਖੜ੍ਹ ਕੇ ਗੀਤ ਲਿਖਣਾ ਪਿਆ ‘ਹੁਣ ਬੰਦ ਪਿਆ ਦਰਵਾਜਾ ਜਿਉਂ ਫਾਟਕ ਕੋਟਕਪੂਰੇ ਦਾ ’



1979 ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਦੁਸਹਿਰਾ ਕਮੇਟੀ ਵਿੱਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲਾ ਨਾ ਲਗਾਉਣ ਦਾ ਫੈਸਲਾ ਕਰਕੇ ਉਤਨੇ ਦਿਨ ਦੀਦਾਰ ਸੰਧੂ ਦੀ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਲਗਾ ਦਿੱਤੀ ਉਸ ਟਾਇਮ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ।

ਦੀਦਾਰ ਸੰਧੂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲਾ ਗਰਾਉਂਡ ਵਿੱਚ ਪਿੰਡਾਂ ਤੋਂ ਚੱਲ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮੰਨੋਰੰਜਨ ਕਰਨਾ।

ਦੀਦਾਰ ਸੰਧੂ ਕਲਾ ਦਾ ਭਰਿਆ ਹੋਇਆ ਇਕ ਖਜਾਨਾਂ ਸੀ। ਉਹ ਇਕ ਲਾਈਨ ਵਿੱਚ ਖੁਸ਼ੀ ਗਮੀ ਦੋਵੇਂ ਇਕੱਠੀਆ ਕਰ ਦਿੰਦਾ ਸੀ। ਜਿਸ ਤਰਾਂ ਉਸ ਦਾ ਇਕ ਗੀਤ ਲੈ ਚੱਲ ਮੁੰਡਿਆ ਵੇ ਨਾਲ ਵਿੱਚ ਇਕ ਅੰਤਰਾ-

--ਨਿੱਕੀ ਨਿੱਕੀ ਬੱਦਲਾਂ ਦੀ ਭੂਰ ਵਿੱਚ ਦੀ
ਰੱਬ ਦੇ ਨਜਾਰਿਆਂ ਦੇ ਨੂਰ ਵਿੱਚ ਦੀ
ਪਹਿਲੀ ਗੱਡੀ ਚੜ੍ਹ ਜਾਣ ਵਾਸਤੇ ਦੀਦਾਰ ਜਾਊ ਰੁੱਸੇ
ਪ੍ਰਹਾਉਣਿਆਂ ਵਾਲੀ ਚਾਲ

ਇਸ ਗੀਤ ਵਿੱਚ ਰੁੱਸੇ ਹੋਏ ਪ੍ਰਹਾਉਣਿਆਂ ਵਾਲੀ ਗੱਲ ਕਰਦਾ ਕਹਿੰਦਾ ਕਿ ਪ੍ਰਹਾਉਣਾ ਕਿਸ ਤਰਾਂ ਰੁਸ ਕੇ ਭੱਜਦਾ ਹੈ ਦੂਸਰੇ ਪਾਸੇ ਇਸ ਉਦਾਹਰਣ ਨੂੰ ਖੁਸ਼ੀ ਦੀ ਥਾਂ ’ਤੇ ਵਰਤ ਲੈਂਦਾ ਹੈ ਕੇ ਮੈਂ ਤੈਨੂੰ ਲੈਣ ਵਾਸਤੇ ਪਹਿਲੀ ਗੱਡੀ ਚੜ੍ਹ ਕੇ ਰੁੱਸੇ

(ਬਾਕੀ ਸਫ਼ਾ 31 ’ਤੇ)



# ਫ਼ਿਲਮਾਂ ਦਾ ਸਮਾਜ ’ਤੇ ਪੈ ਰਿਹੈ ਗੂੜ੍ਹਾ ਪ੍ਰਭਾਵ

## ਨੌਜਵਾਨਾਂ ਨੂੰ ਗੁੰਮਰਾਹ ਕਰਨ ਦੀ ਥਾਂ ਦੇਸ਼ ਭਗਤੀ ਦਾ ਸੁਨੇਹਾ ਦੇਣ ਵਾਲੀਆਂ ਫ਼ਿਲਮਾਂ ਬਣਾਉਣ ਦੀ ਲੋੜ

ਭਾਰਤੀ ਸਿਨੇਮਾ ਮਨੋਰੰਜਨ ਦਾ ਬਹੁਤ ਵਧੀਆ ਸਸਤਾ ਅਤੇ ਵਧੀਆ ਸਾਧਨ ਹੈ। ਇਸ ਵਿੱਚ ਮਨੁੱਖੀ ਜੀਵਨ ਅਤੇ ਸਾਡੇ ਸਮਾਜ ਵਿੱਚ ਵਾਪਰ ਰਹੇ ਚੰਗੇ-ਮਾੜੇ ਦਾ ਨਾਟਕ ਦੇਖਣ ਨੂੰ ਮਿਲਦਾ ਹੈ। ਫਿਲਮ ਦੇ ਵਿਜ਼ੂਅਲ ਅਤੇ ਗੀਤ ਬਹੁਤ ਮਜ਼ੇਦਾਰ ਹਨ। ਸਾਡੇ ਦੇਸ਼ ਵਿੱਚ ਹਰ ਸਾਲ ਵੱਡੀ ਗਿਣਤੀ ਵਿੱਚ ਫਿਲਮਾਂ ਬਣਦੀਆਂ ਹਨ। ਭਾਰਤੀ ਸਿਨੇਮਾ ਨੂੰ ਵਿਗਿਆਨ ਦੇ ਤਰੀਕਿਆਂ ਨਾਲ ਬਹੁਤ ਸੁੰਦਰ ਤੋਹਫ਼ਾ ਮੰਨਿਆ ਗਿਆ ਹੈ, ਇਸੇ ਕਰਕੇ ਅੱਜ ਭਾਰਤੀ ਸਿਨੇਮਾ ਬਹੁਤ ਮਸ਼ਹੂਰ ਹੈ।

ਜਿਵੇਂ ਸਿਨੇਮਾ ਜਨ-ਮਨੋਰੰਜਨ ਦਾ ਪ੍ਰਸਿੱਧ ਮਾਧਿਅਮ ਹੈ, ਉਸੇ ਤਰ੍ਹਾਂ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਭਾਰਤੀ ਸਿਨੇਮਾ ਵਿੱਚ ਸਮਾਜ ਸੀਮਤ ਹੈ। ਚਾਹੇ ਗੱਲ ਭਾਰਤੀ ਨੌਜਵਾਨਾਂ ਦੇ ਮਨਾਂ ਵਿੱਚ ਪਿਆਰ ਪ੍ਰਤੀ ਖਿੱਚ ਪੈਦਾ ਕਰਨ ਦੀ ਹੋਵੇ ਜਾਂ ਸਿਨੇਮਾ ਕਲਾਕਾਰਾਂ ਦੇ ਪਹਿਰਾਵੇ ਅਨੁਸਾਰ ਫੈਸ਼ਨ ਦੇ ਰੁਝਾਨ ਦੀ। ਇਹ ਸਭ ਸਾਡੇ ਸਮਾਜ ’ਤੇ ਸਿਨੇਮਾ ਰਾਹੀਂ ਹੀ ਪ੍ਰਭਾਵ ਪਾਉਂਦੇ ਹਨ।

ਸਿਨੇਮਾ ਉਦਯੋਗ ਭਾਰਤ ਵਿੱਚ ਸਭ ਤੋਂ ਪੁਰਾਣਾ ਉਦਯੋਗ ਰਿਹਾ ਹੈ ਅਤੇ ਅੱਜ ਵੀ ਸਿਨੇਮਾ ਇੱਕ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਸਿਨੇਮਾ ਰਾਹੀਂ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਚੱਲਦੀ ਹੈ। ਅੱਜ ਸਾਡੇ ਭਾਰਤੀ ਸਿਨੇਮਾ ਵਿੱਚ ਹਿੰਦੀ ਫਿਲਮਾਂ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਹਿੰਦੀ ਨੂੰ ਭਾਰਤੀ ਸਿਨੇਮਾ ਵਿੱਚ ਨਾ ਸਿਰਫ਼ ਰਾਸ਼ਟਰੀ ਸਗੋਂ ਅੰਤਰਰਾਸ਼ਟਰੀ ਪੱਧਰ ’ਤੇ ਵੀ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਹੈ।




ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿਨੇਮਾ ਜਗਤ ਵਿੱਚ ਜੋ ਵੀ ਦੇਸ਼ ਭਗਤੀ ਦੀਆਂ ਫਿਲਮਾਂ ਬਣੀਆਂ, ਉਨ੍ਹਾਂ ਨੇ ਦੇਸ਼ ਭਗਤੀ ਦੀ ਭਾਵਨਾ ਲੋਕਾਂ ਦੇ ਦਿਲਾਂ ਵਿੱਚ ਬਲਦੀ ਰੱਖੀ ਹੈ। ਅੱਜ ਵੀ ਜਦੋਂ ਅਸੀਂ ਸਾਰੇ ਪੁਰਾਣੇ ਦੇਸ਼ ਭਗਤੀ ਦੇ ਗੀਤ ਸੁਣਦੇ ਹਾਂ ਤਾਂ ਸਾਡਾ ਮਨ ਦੇਸ਼ ਭਗਤੀ ਨਾਲ ਭਰ ਜਾਂਦਾ ਹੈ। ਭਾਰਤੀ ਸਿਨੇਮਾ ਨੇ ਆਪਣੀਆਂ ਫਿਲਮਾਂ ਰਾਹੀਂ ਦੇਸ਼ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੈ।ਸਿਨੇਮਾ ਦੀ ਕਾਢ ਆਧੁਨਿਕ ਸਮਾਜ ਦੀ ਰੋਜ਼ਾਨਾ ਵਰਤੋਂ ਅਤੇ ਲਗਜ਼ਰੀ ਦੀ ਵਸਤੂ ਹੈ। ਸਿਨੇਮਾ ਨੇ ਸਾਡੇ ਸਮਾਜਿਕ ਜੀਵਨ ਵਿੱਚ ਅਜਿਹਾ ਅਹਿਮ ਸਥਾਨ ਹਾਸਲ ਕੀਤਾ ਹੈ ਕਿ ਇਸ ਤੋਂ ਬਿਨਾਂ ਸਮਾਜਕ ਜੀਵਨ ਅਧੂਰਾ ਜਾਪਦਾ ਹੈ। ਫਿਲਮਾਂ ਦੇਖਣਾ ਲੋਕਾਂ ਦੀ ਜ਼ਿੰਦਗੀ ਦਾ ਰੋਜ਼ਾਨਾ ਦਾ ਕੰਮ ਬਣ ਗਿਆ ਹੈ। ਉਦਾਹਰਨ ਲਈ, ਹਰ ਕੋਈ ਸ਼ਾਮ ਨੂੰ ਸਿਨੇਮਾ ਘਰ ਜਾਂ ਟੈਲੀਵਿਜ਼ਨ ਦੇ ਸਾਹਮਣੇ ਇਕੱਠਾ ਹੁੰਦਾ ਹੈ ਅਤੇ ਸੀਰੀਅਲ, ਧਾਰਮਿਕ ਨਾਟਕ, ਫਿਲਮਾਂ ਇਕੱਠੇ ਦੇਖਦਾ ਹੈ। ਇਸ ਤੋਂ ਸਿਨੇਮਾ ਦੀ ਉਪਯੋਗਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨੋਰੰਜਨ ਸਿਨੇਮਾ ਦਾ ਮੁੱਖ ਉਦੇਸ਼ ਰਿਹਾ ਹੈ। ਹੋਰ ਮਨੋਰੰਜਨ ਤੋਂ ਇਲਾਵਾ ਸਿਨੇਮਾ ਦੀ ਜ਼ਿੰਦਗੀ ਵਿਚ ਬਹੁਤ ਮਹੱਤਤਾ ਹੈ ਅਤੇ ਇਸ ਦੇ ਕਈ ਫਾਇਦੇ ਵੀ ਹਨ।

ਸਿਨੇਮਾ ਦੀ ਖੋਜ 19ਵੀਂ ਸਦੀ ਵਿੱਚ ਅਮਰੀਕਾ ਦੇ ਥਾਮਸ ਅਲਵਾ ਐਡੀਸਨ ਨੇ ਕੀਤੀ ਸੀ। ਉਸਨੇ 1890 ਵਿੱਚ ਫ਼ਿਲਮ ਨੂੰ ਸਾਡੇ ਸਾਹਮਣੇ

(ਬਾਕੀ ਸਫ਼ਾ 31 ’ਤੇ)

# ਕੀ ਮੁੜ ਸ਼ੁਰੂ ਹੋਵੇਗਾ ਹਾਕੀ ਦਾ ਸੁਨਹਿਰੀ ਯੁੱਗ?







ਹਾਕੀ ਬਹੁਤ ਸਾਰੇ ਦੇਸ਼ਾਂ ਵਿੱਚ ਖੇਡੀ ਜਾਣ ਵਾਲੀ ਸਭ ਤੋਂ ਪ੍ਰਸਿੱਧ ਅਤੇ ਦਿਲਚਸਪ ਖੇਡਾਂ ਵਿੱਚੋਂ ਇੱਕ ਹੈ। ਇਸ ਨੂੰ ਭਾਰਤ ਦੀ ਰਾਸ਼ਟਰੀ ਖੇਡ ਵਜੋਂ ਚੁਣਿਆ ਗਿਆ ਹੈ, ਹਾਲਾਂਕਿ, ਇਸਦੇ ਲਈ ਕੋਈ ਅਧਿਕਾਰਤ ਘੋਸ਼ਣਾ ਨਹੀਂ ਕੀਤੀ ਗਈ ਹੈ। ਇਸ ਖੇਡ ਵਿੱਚ ਦੋ ਟੀਮਾਂ ਹੁੰਦੀਆਂ ਹਨ ਅਤੇ ਦੋਵਾਂ ਟੀਮਾਂ ਵਿੱਚ 11-11 ਖਿਡਾਰੀ ਹਨ। ਇੱਕ ਟੀਮ ਦੇ ਖਿਡਾਰੀਆਂ ਦਾ ਟੀਚਾ ਦੂਜੀ ਟੀਮ ਵਿਰੁੱਧ ਹਾਕੀ ਦੀ ਵਰਤੋਂ ਕਰਕੇ ਵਿਰੋਧੀ ਟੀਮ ਦੇ ਜਾਲ ਵਿੱਚ ਗੇਂਦ ਨੂੰ ਮਾਰ ਕੇ ਵੱਧ ਤੋਂ ਵੱਧ ਗੋਲ ਕਰਨਾ ਹੈ।

ਸਾਡੇ ਦੇਸ਼ ਨੇ ਲਗਾਤਾਰ ਛੇ ਉਲੰਪਿਕ ਸੋਨ ਤਗਮੇ ਅਤੇ ਵੱਖ-ਵੱਖ ਮੈਚ ਜਿੱਤ ਕੇ ਹਾਕੀ ਦੇ ਖੇਤਰ ਵਿੱਚ ਇੱਕ ਸ਼ਾਨਦਾਰ ਰਿਕਾਰਡ ਬਣਾਇਆ ਹੈ। ਉਹ ਸਮਾਂ ਜਦੋਂ ਭਾਰਤ ਨੇ ਲਗਾਤਾਰ ਵੱਖ-ਵੱਖ ਹਾਕੀ ਮੈਚ ਜਿੱਤੇ, ਉਸ ਸਮੇਂ ਨੂੰ ਹਾਕੀ ਦਾ ਸੁਨਹਿਰੀ ਯੁੱਗ (1928 ਅਤੇ 1956 ਵਿਚਕਾਰ) ਕਿਹਾ ਜਾਂਦਾ ਹੈ। ਸੁਨਹਿਰੀ ਯੁੱਗ ਦਾ ਪ੍ਰਸਿੱਧ ਖਿਡਾਰੀ ਧਿਆਨ ਚੰਦ ਸੀ ਅਤੇ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਕਾਰਨ ਉਨ੍ਹਾਂ ਨੂੰ ਹਾਕੀ ਦੇ ਜਾਦੂਗਰ ਵਜੋਂ ਜਾਣਿਆ ਜਾਂਦਾ ਹੈ।

ਹਾਕੀ ਭਾਰਤ ਵਿੱਚ ਸਦੀਆਂ ਤੋਂ ਖੇਡੀ ਜਾਣ ਵਾਲੀ ਇੱਕ ਪ੍ਰਾਚੀਨ ਖੇਡ ਹੈ। ਇਹ ਹਾਕੀ ਸਟਿੱਕ ਅਤੇ ਗੇਂਦ ਨਾਲ ਖੇਡਿਆ ਜਾਂਦਾ ਹੈ। ਇਹ 1272 ਬੀਸੀ ਤੋਂ ਪਹਿਲਾਂ ਆਇਰਲੈਂਡ ਵਿੱਚ ਸੀ, ਅਤੇ 600 ਈਸਾ ਪੂਰਵ ਵਿੱਚ। ਇਹ ਪੂਰਬ ਦੇ ਦੌਰਾਨ ਪ੍ਰਾਚੀਨ ਯੂਨਾਨ ਵਿੱਚ ਖੇਡਿਆ ਗਿਆ ਸੀ। ਹਾਕੀ ਦੇ ਕਈ ਰੂਪ ਹਨ; ਜਿਵੇਂ ਕਿ ਫੀਲਡ ਹਾਕੀ, ਆਈਸ ਹਾਕੀ, ਸਲੇਜ ਹਾਕੀ, ਰੋਲਰ ਹਾਕੀ, ਸਟ੍ਰੀਟ ਹਾਕੀ, ਆਦਿ। ਅੱਜਕੱਲ੍ਹ ਆਮ ਤੌਰ 'ਤੇ ਫੀਲਡ ਹਾਕੀ ਖੇਡੀ ਜਾਂਦੀ ਹੈ। ਆਈਸ ਹਾਕੀ ਫੀਲਡ ਹਾਕੀ ਦੇ ਬਿਲਕੁਲ ਉਲਟ ਹੈ, ਜੋ ਕੈਨੇਡਾ ਅਤੇ ਉੱਤਰੀ ਅਮਰੀਕਾ ਵਿੱਚ ਆਈਸ ਰਿੰਕਸ ਉੱਤੇ ਖੇਡੀ ਜਾਂਦੀ ਹੈ।




ਹਾਕੀ ਨੂੰ ਸੁਰੱਖਿਅਤ ਢੰਗ ਨਾਲ ਖੇਡਣ ਲਈ, ਸਟੈਨਸ ਉਪਕਰਣ ਦੀ ਲੋੜ ਹੁੰਦੀ ਹੈ, ਅਰਥਾਤ, ਹੈਲਮੇਟ, ਗਰਦਨ ਗਾਰਡ, ਮੋਢੇ ਦੇ ਪੈਡ, ਗੋਡਿਆਂ ਦੇ ਪੈਡ, ਕੂਹਣੀ ਦੇ ਪੈਡ, ਕੱਪ ਜੇਬਾਂ ਵਾਲੇ ਜੈਕਸਟ੍ਰੈਪ, ਅਤੇ ਸੁਰੱਖਿਆ ਵਾਲੇ ਕੱਪ (ਪੁਰਸ਼ਾਂ ਦੇ ਜਣਨ ਅੰਗਾਂ ਦੇ ਬਚਾਅ ਲਈ ਕੱਪ), ਇੱਕ ਹਾਕੀ ਸਟਿੱਕ ਅਤੇ ਇੱਕ ਗੇਂਦ

ਹਾਕੀ ਦੇ ਹੋਰ ਰੂਪ (ਜੋ ਹਾਕੀ ਜਾਂ ਇਸਦੇ ਪੂਰਵਜਾਂ ਤੋਂ ਪੈਦਾ ਹੋਏ ਹਨ) ਜਿਵੇਂ ਕਿ; ਏਅਰ ਹਾਕੀ, ਬੀਚ ਹਾਕੀ, ਬਾਲ ਹਾਕੀ, ਬਾਕਸ ਹਾਕੀ, ਡੇਕ ਹਾਕੀ, ਫਲੋਰ ਹਾਕੀ, ਫੁੱਟ ਹਾਕੀ, ਜਿਮ ਹਾਕੀ, ਮਿੰਨੀ ਹਾਕੀ, ਰਾਕ ਹਾਕੀ, ਪੌਂਡ ਹਾਕੀ, ਪਾਵਰ ਹਾਕੀ, ਰਸਲ ਹਾਕੀ, ਸਟੇਕਰ ਹਾਕੀ, ਟੇਬਲ ਹਾਕੀ, ਅੰਡਰ ਵਾਟਰ ਹਾਕੀ, ਯੂਨੀਸਾਈਕਲ ਹਾਕੀ ਆਦਿ ਹਨ।

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਅਸਲ ਵਿੱਚ ਭਾਰਤ ਵਿੱਚ ਹਾਕੀ ਦੀ ਖੇਡ ਆਪਣੇ ਸੁਨਹਿਰੀ ਯੁੱਗ ਤੋਂ ਚੰਗੀ ਤਰ੍ਹਾਂ ਲੰਘ ਚੁੱਕੀ ਹੈ। ਇਸ ਦਾ ਕਾਰਨ ਹਾਕੀ ਪ੍ਰਤੀ ਰੁਚੀ ਅਤੇ ਯੋਗ ਹਾਕੀ ਖਿਡਾਰੀਆਂ ਦੀ ਘਾਟ ਦੇ ਨਾਲ-ਨਾਲ ਨੌਜਵਾਨਾਂ ਨੂੰ ਭਵਿੱਖ ਵਿੱਚ ਇਸ ਖੇਡ ਨੂੰ ਨਿਯਮਤ ਰੱਖਣ ਲਈ ਲੋੜੀਂਦੀਆਂ ਸਹੂਲਤਾਂ ਦੀ ਘਾਟ ਹੈ। ਅਜਿਹਾ ਲੱਗਦਾ ਹੈ ਕਿ, ਇਹ ਕਦੇ ਖਤਮ ਨਹੀਂ ਹੋਵੇਗਾ ਅਤੇ ਹਾਕੀ ਲਈ ਲੋਕਾਂ ਦੇ ਪਿਆਰ, ਸਤਿਕਾਰ ਅਤੇ ਸਤਿਕਾਰ ਕਾਰਨ ਹਾਕੀ ਦਾ ਸੁਨਹਿਰੀ ਯੁੱਗ ਵਾਪਸ ਆਵੇਗਾ। ਹਾਲਾਂਕਿ, ਇਸ ਨੂੰ ਭਾਰਤ ਵਿੱਚ ਹਾਕੀ ਦੇ ਸੁਨਹਿਰੀ ਦੌਰ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਦੇ ਹੋਰ ਯਤਨਾਂ, ਸਮਰਪਣ ਅਤੇ ਸਮਰਥਨ ਦੀ ਲੋੜ ਹੈ।

ਹਾਕੀ ਭਾਰਤ ਵਿੱਚ ਇੱਕ ਬਹੁਤ ਮਹੱਤਵਪੂਰਨ ਖੇਡ ਹੈ ਕਿਉਂਕਿ ਇਸ ਨੇ ਭਾਰਤ ਨੂੰ ਹਾਕੀ ਦੇ ਖੇਤਰ ਵਿੱਚ ਕਈ ਸਾਲਾਂ ਤੱਕ ਵਿਸ਼ਵ ਚੈਂਪੀਅਨ ਬਣਾਇਆ ਹੈ, ਇਸ ਲਈ ਇਸਨੂੰ ਭਾਰਤ ਦੀ ਰਾਸ਼ਟਰੀ ਖੇਡ ਵਜੋਂ ਚੁਣਿਆ ਗਿਆ ਹੈ। ਇਸ ਖੇਡ ਦਾ ਇਤਿਹਾਸ ਬਹੁਤ ਵੱਡਾ ਅਤੇ ਮਹਾਨ ਹੈ ਕਿਉਂਕਿ ਇਸ ਦੀਆਂ ਜੜ੍ਹਾਂ ਭਾਰਤ ਵਿੱਚ ਬੁੱਧੀਮਾਨ ਖਿਡਾਰੀਆਂ ਦੁਆਰਾ ਡੂੰਘੀਆਂ ਹਨ। ਇਹ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਜਾਣੀਆਂ ਜਾਣ ਵਾਲੀਆਂ ਖੇਡਾਂ ਵਿੱਚੋਂ ਇੱਕ ਹੈ, ਹਾਲਾਂਕਿ ਇਸ ਦੀਆਂ ਜੜ੍ਹਾਂ ਹੁਣ ਯੋਗ ਹਾਕੀ ਖਿਡਾਰੀਆਂ ਅਤੇ ਲੋੜੀਂਦੀਆਂ ਸਹੂਲਤਾਂ ਦੀ ਘਾਟ ਕਾਰਨ ਕਮਜ਼ੋਰ ਹੋ ਗਈਆਂ ਹਨ। ਇਸ ਖੇਡ ਦੀ ਹੋਂਦ ਪ੍ਰਾਚੀਨ ਓਲੰਪਿਕ ਖੇਡਾਂ ਤੋਂ 1200 ਸਾਲ ਪਹਿਲਾਂ ਮੰਨੀ ਜਾਂਦੀ ਹੈ।

ਪਹਿਲੇ ਸਮਿਆਂ ਵਿੱਚ, ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਖੇਡਿਆ ਜਾਂਦਾ ਸੀ, ਹਾਲਾਂਕਿ, ਹੁਣ ਇਸਨੂੰ ਫੀਲਡ ਹਾਕੀ ਵਜੋਂ ਖੇਡਿਆ ਜਾਂਦਾ ਹੈ, ਜੋ 19ਵੀਂ ਸਦੀ ਵਿੱਚ ਬ੍ਰਿਟਿਸ਼ ਟਾਪੂਆਂ ਵਿੱਚ ਵਿਕਸਤ ਹੋਇਆ ਸੀ। ਇਹ ਅੰਗਰੇਜ਼ੀ ਸਕੂਲਾਂ ਵਿੱਚ ਖੇਡੀ ਜਾਣ ਵਾਲੀ ਖੇਡ ਸੀ, ਜਿਸ ਨੂੰ ਅੰਗਰੇਜ਼ ਫ਼ੌਜ ਭਾਰਤ ਲੈ ਕੇ ਆਈ ਸੀ। ਇਸ ਤੋਂ ਬਾਅਦ, ਇਹ ਅੰਤਰਰਾਸ਼ਟਰੀ (ਬਾਕੀ ਸਫ਼ਾ 31 'ਤੇ)



# ਸਿਹਤ, ਦੌਲਤ ਅਤੇ ਰਾਸ਼ਟਰ ਨਿਰਮਾਣ 'ਚ ਖੇਡਾਂ ਦੀ ਭੂਮਿਕਾ

ਖੇਡਾਂ ਸਰੀਰਕ ਗਤੀਵਿਧੀਆਂ ਹਨ ਜੋ ਪ੍ਰਤੀਯੋਗੀ ਸੁਭਾਅ ਦੇ ਹੁਨਰ ਵਿਕਾਸ ਵਿੱਚ ਮਦਦ ਕਰਦੀਆਂ ਹਨ। ਆਮ ਤੌਰ 'ਤੇ, ਦੋ ਜਾਂ ਦੋ ਤੋਂ ਵੱਧ ਸਮੂਹ ਮਨੋਰੰਜਨ ਲਈ ਜਾਂ ਇਨਾਮ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਔਰਤਾਂ ਅਤੇ ਮਰਦਾਂ ਦੋਵਾਂ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਵਿਅਕਤੀ ਦੀ ਸਰੀਰਕ, ਮਾਨਸਿਕ ਸਿਹਤ, ਵਿੱਤੀ ਸਥਿਤੀ ਨੂੰ ਵਧਾਉਂਦੀਆਂ ਹਨ। ਇਹ ਨਾਗਰਿਕਾਂ ਦੇ ਚਰਿੱਤਰ ਅਤੇ ਸਿਹਤ ਦੇ ਨਿਰਮਾਣ ਦੁਆਰਾ ਰਾਸ਼ਟਰ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਖੇਡਾਂ ਮਨੁੱਖਾਂ ਦੇ ਕੰਮ ਕਰਨ ਦੇ ਤਰੀਕੇ ਵਿੱਚ ਗਤੀਸ਼ੀਲਤਾ ਅਤੇ ਗਤੀਸ਼ੀਲਤਾ ਲਿਆਉਂਦੀਆਂ ਹਨ।

ਖੇਡਾਂ ਦੀ ਮਹੱਤਤਾ ਅਤੇ ਭੂਮਿਕਾ ਨੂੰ ਕਿਸੇ ਦੁਆਰਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸੱਚਮੁੱਚ ਬਹੁਤ ਮਹੱਤਵਪੂਰਨ ਵਿਸ਼ਾ ਹੈ। ਲੋਕ ਆਪਣੇ ਨਿੱਜੀ ਵਿਕਾਸ ਦੇ ਨਾਲ-ਨਾਲ ਪੇਸ਼ੇਵਰ ਵਿਕਾਸ ਲਈ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਲੜਕੇ ਅਤੇ ਲੜਕੀਆਂ ਦੋਵਾਂ ਲਈ ਇੱਕ ਚੰਗਾ ਸਰੀਰ ਬਣਾਉਣ ਲਈ ਬਹੁਤ ਵਧੀਆ ਹੈ। ਇਹ ਲੋਕਾਂ ਨੂੰ ਮਾਨਸਿਕ ਤੌਰ 'ਤੇ ਸੁਚੇਤ, ਸਰੀਰਕ ਤੌਰ 'ਤੇ ਸਰਗਰਮ ਅਤੇ ਮਜ਼ਬੂਤ ਬਣਾਉਂਦਾ ਹੈ।

ਵਿਦਿਆਰਥੀ ਦੇਸ਼ ਦੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕਦਾ ਹੈ। ਉਹ ਵਧੇਰੇ ਅਨੁਸ਼ਾਸਿਤ, ਸਿਹਤਮੰਦ, ਸਰਗਰਮ, ਸਮੇਂ ਦੇ ਪਾਬੰਦ ਹੋ ਸਕਦੇ ਹਨ ਅਤੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਕਿਸੇ ਵੀ ਮੁਸ਼ਕਲ ਸਥਿਤੀ ਦਾ ਆਸਾਨੀ ਨਾਲ ਮੁਕਾਬਲਾ ਕਰ ਸਕਦੇ ਹਨ। ਖੇਡਾਂ ਵਿੱਚ ਨਿਯਮਤ ਸ਼ਮੂਲੀਅਤ ਚਿੰਤਾ, ਤਣਾਅ ਅਤੇ ਘਬਰਾਹਟ ਨੂੰ ਆਸਾਨੀ ਨਾਲ ਦੂਰ ਕਰਨ ਵਿੱਚ ਮਦਦ ਕਰਦੀ ਹੈ।

ਇਹ ਸਰੀਰ ਦੇ ਅੰਗਾਂ ਦੇ ਸਰੀਰਕ ਕਾਰਜਾਂ ਨੂੰ ਸੁਧਾਰਦਾ ਹੈ ਅਤੇ ਇਸ ਤਰ੍ਹਾਂ, ਪੂਰੇ ਸਰੀਰ ਦੇ ਕਾਰਜਾਂ ਨੂੰ ਸਕਾਰਾਤਮਕ ਤੌਰ 'ਤੇ ਨਿਯੰਤ੍ਰਿਤ ਕਰਦਾ ਹੈ। ਇਹ ਸਰੀਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਮਨ ਜਾਂ ਦਿਮਾਗ ਬਿਹਤਰ ਇਕਾਗਰਤਾ ਨਾਲ ਸ਼ਾਂਤ, ਤਿੱਖਾ ਅਤੇ ਕਿਰਿਆਸ਼ੀਲ ਰਹਿੰਦਾ ਹੈ। ਇਹ ਸਰੀਰ ਅਤੇ ਦਿਮਾਗ ਦੀ ਤਾਕਤ ਅਤੇ ਊਰਜਾ ਦੇ ਪੱਧਰ ਨੂੰ ਵਧਾਉਂਦਾ ਹੈ। ਇਹ ਹਰ ਕਿਸੇ ਨੂੰ ਇਕਸਾਰ ਜੀਵਨ ਤੋਂ ਇੱਕ ਵਧੀਆ ਬ੍ਰੇਕ ਦਿੰਦਾ ਹੈ।

(ਬਾਕੀ ਸਫ਼ਾ 31 'ਤੇ)

# ਟੇਬਲ ਟੈਨਿਸ ਦੀ ਖਿਡਾਰਨ: ਮਨਿਕਾ ਬੱਤਰਾ



ਇਸ 'ਚ ਕੋਈ ਦੋ-ਰਾਏ ਨਹੀਂ ਹੈ ਕਿ ਭਾਰਤ ਵਿੱਚ ਮਨਿਕਾ ਬੱਤਰਾ ਇਸ ਸਮੇਂ ਸਰਬੋਤਮ ਟੇਬਲ ਟੈਨਿਸ ਖਿਡਾਰਨ ਹੈ, ਜੋ ਆਪਣੇ ਨਿਰੰਤਰ ਬਿਹਤਰ ਪ੍ਰਦਰਸ਼ਨ ਨਾਲ ਹੋਰ ਔਰਤਾਂ ਨੂੰ ਵੀ ਟੇਬਲ ਟੈਨਿਸ ਖੇਡਣ ਲਈ ਪ੍ਰੇਰਿਤ ਕਰ ਰਹੀ ਹੈ। 15 ਜੂਨ 1995 ਨੂੰ ਜਨਮੀ 28 ਸਾਲਾ ਮਨਿਕਾ ਬੱਤਰਾ ਨੂੰ 2020 'ਚ ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਉਸ ਤੋਂ ਪਹਿਲਾਂ 2018 'ਚ ਅਰਜੁਨ ਐਵਾਰਡ ਅਤੇ ਆਈ.ਟੀ.ਟੀ.ਐੱਫ. ਦਾ ਬਰੇਕਥਰੂ ਸਟਾਰ ਐਵਾਰਡ ਉਨ੍ਹਾਂ ਨੂੰ ਦਿੱਤਾ ਗਿਆ ਸੀ। ਉਨ੍ਹਾਂ ਨੇ ਏਸ਼ੀਅਨ ਖੇਡਾਂ (2018 ਜਕਾਰਤਾ) 'ਚ ਮਿਸ਼ਰਤ ਜੋੜੀ ਦਾ ਕਾਂਸੀ ਤਗਮਾ ਜਿੱਤਿਆ। ਗੋਲਡ ਕੋਸਟ 2018 'ਚ ਆਯੋਜਿਤ ਰਾਸ਼ਟਰਮੰਡਲ ਖੇਡਾਂ 'ਚ ਉਨ੍ਹਾਂ ਨੇ ਚਾਰ ਤਗਮੇ ਜਿੱਤੇ ਸਨ, ਜਿਨ੍ਹਾਂ 'ਚ 2 ਸੋਨ ਤਗਮੇ (ਮਹਿਲਾ ਟੀਮ ਤੇ ਮਹਿਲਾ ਸਿੰਗਲ), ਇਕ ਚਾਂਦੀ ਤਗਮਾ (ਮਹਿਲਾ ਜੋੜੀ) ਅਤੇ ਇਕ ਕਾਂਸੀ ਤਗਮਾ (ਮਿਸ਼ਰਤ ਜੋੜੀ) ਸ਼ਾਮਿਲ ਹੈ। ਇਸੇ ਤਰ੍ਹਾਂ 2016 ਦੇ ਗੁਹਾਟੀ 'ਚ ਆਯੋਜਿਤ ਦੱਖਣੀ ਏਸ਼ਿਆਈ ਖੇਡਾਂ 'ਚ ਉਨ੍ਹਾਂ ਨੇ 3 ਸੋਨ ਤਗਮੇ (ਮਹਿਲਾ ਟੀਮ, ਮਹਿਲਾ ਜੋੜੀ ਅਤੇ ਮਿਸ਼ਰਤ ਜੋੜੀ) ਅਤੇ ਇਕ ਚਾਂਦੀ ਤਗਮਾ (ਮਹਿਲਾ ਸਿੰਗਲ) ਜਿੱਤਿਆ ਸੀ। ਉਹ ਏਸ਼ਿਆਈ ਖੇਡਾਂ 'ਚ ਤਗਮਾ ਜਿੱਤਣ ਵਾਲੀ ਭਾਰਤ ਦੀ ਪਹਿਲੀ ਮਹਿਲਾ ਟੇਬਲ ਟੈਨਿਸ ਖਿਡਾਰਨ ਹੈ। ਉਨ੍ਹਾਂ ਦੀਆਂ ਹੋਰ ਸਫ਼ਲਤਾਵਾਂ ਵੀ ਕਾਬਲੇ ਗੌਰ ਹਨ। 2015 ਰਾਸ਼ਟਰਕੁਲ ਟੀ.ਟੀ. ਚੈਂਪੀਅਨਸ਼ਿਪ 'ਚ ਤਿੰਨ ਤਗਮੇ ਜਿੱਤੇ, 2016 'ਚ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਦਾ ਸਿੰਗਲ ਖ਼ਿਤਾਬ ਜਿੱਤਿਆ, 2016 ਦੇ ਦੱਖਣੀ ਏਸ਼ਿਆਈ ਖੇਡਾਂ 'ਚ ਤਿੰਨ ਸੋਨੇ ਦੇ ਨਾਲ ਚਾਰ ਤਗਮੇ ਜਿੱਤੇ, 2016 ਦੇ ਰੀਓ ਉਲੰਪਿਕ ਲਈ ਕੁਆਲੀਫਾਈ ਕੀਤਾ, ਉਹ ਉਸ ਮਹਿਲਾ ਟੀਮ ਦਾ ਹਿੱਸਾ ਸੀ, ਜਿਸ ਨੇ ਵਿਸ਼ਵ ਟੀ.ਟੀ. ਟੀਮ ਚੈਂਪੀਅਨਸ਼ਿਪ ਦਾ 'ਸੈਕੰਡ ਡਿਵੀਜ਼ਨ' ਜਿੱਤ ਕੇ ਇਤਿਹਾਸ ਰਚਿਆ ਅਤੇ 2016 ਦੇ ਇਲੀਟ ਡਿਵੀਜ਼ਨ ਲਈ ਕੁਆਲੀਫਾਈ ਕੀਤਾ ਅਤੇ ਮੌਮਾ ਦਾਸ ਦੇ ਨਾਲ ਮਿਲ ਕੇ ਪਹਿਲੀ ਭਾਰਤੀ ਜੋੜੀ ਬਣੀ, ਜੋ 2017 ਦੀ ਵਿਸ਼ਵ ਟੀ.ਟੀ. ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ 'ਚ ਪਹੁੰਚੀ। ਮਨਿਕਾ ਬੱਤਰਾ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ (ਬਾਕੀ ਸਫ਼ਾ 30 'ਤੇ)

## ਯੂਨੀਫ਼ਾਰਮ ਸਿਵਲ ਕੋਡ

ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਯੂ ਸੀ ਸੀ ਦੀ ਵਰਤੋ ਨਾਲ ਸਿਆਸੀ ਚਾਲ ਚੱਲਣ ਦਾ ਦੋਸ਼ ਲਗਾਇਆ ਹੈ। ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਉਹ ਸਿਧਾਂਤਕ ਤੌਰ ’ਤੇ ਯੂ ਸੀ ਸੀ ਦੇ ਹੱਕ ਵਿੱਚ ਹੈ, ਭਾਵੇਂ ਹਿੱਸੇਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਵਿਆਪਕ ਸਹਿਮਤੀ ਬਣਨ ਤੋਂ ਬਾਅਦ ਪੱਖ ਵਿੱਚ ਹੋਵੇਗੀ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁਲਾ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਬਾਰੇ ਜਲਦ ਬਾਜੀ ਨਹੀਂ ਕਰਨੀ ਚਾਹੀਦੀ ਅਤੇ ਇਸ ਨੂੰ ਲਾਗੂ ਕਰਨ ਦੇ ਨਤੀਜਿਆਂ ਬਾਰੇ ਮੁੜ ਵਿਚਾਰ ਕਰ ਲੈਣਾ ਚਾਹੀਦਾ ਹੈ। ਭਾਜਪਾ ਦੇ ਸਾਬਕਾ ਸਹਿਯੋਗੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਾਗਰਿਕ ਕਾਨੂੰਨ ਆਸਥਾ, ਵਿਸ਼ਵਾਸ, ਜਾਤ ਤੇ ਰੀਤੀ ਰਿਵਾਜਾਂ ਤੋਂ ਪ੍ਰਭਾਵਿਤ ਹੁੰਦੇ ਹਨ ਤੇ ਵੱਖ-ਵੱਖ ਧਰਮਾਂ ਲਈ ਵੱਖਰੇ ਹੁੰਦੇ ਹਨ ਅਤੇ ਸਮਾਜਿਕ ਤਾਣੇ ਬਾਣੇ ਦੀ ਰਾਖੀ ਦੇ ਨਾਲ ਨਾਲ ਅਨੇਕਤਾ ਵਿੱਚ ਏਕਤਾ ਦੇ ਸੰਕਲਪ ਨੂੰ ਬਰਕਰਾਰ ਰਖਣਾ ਚਾਹੀਦਾ ਹੈ। ਸ਼ਿਵ ਸੈਨਾ ਪਾਰਟੀ ਨੇ ਆਪਣੇ ਮੁੱਖ ਪੱਤਰ ਸਾਮਨਾ ਦੇ ਸੰਪਾਦਕੀ ਵਿੱਚ ਕਿਹਾ ਹੈ ਕਿ “ ਸਿਰਫ਼ ਮੁਸਲਮਾਨਾਂ ਦੇ ਸ਼ਰੀਅਤ ਕਾਨੂੰਨ ਦਾ ਵਿਰੋਧ ਕਰਨਾ ਹੀ ਯੂ. ਸੀ. ਸੀ. ਦਾ ਆਧਾਰ ਨਹੀਂ ਹੈ। ਕਾਨੂੰਨ ਅਤੇ ਨਿਆਂ ਵਿੱਚ ਸਮਾਨਤਾ ਹੋਣਾ ਵੀ ਯੂਨੀਫ਼ਰਮ ਸਿਵਲ ਕੋਡ ਹੈ। ”

ਜਨਤਾ ਦਲ (ਯੂ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੂ. ਸੀ. ਸੀ. ’ਤੇ ਦਿੱਤੇ ਬਿਆਨ ਨੂੰ ‘ਸਿਆਸੀ ਸਟੰਟ’ ਕਰਾਰ ਦਿੱਤਾ ਹੈ। ਪਾਰਟੀ ਦੇ ਮੁੱਖ ਬੁਲਾਰੇ ਕੇ.ਸੀ. ਤਿਆਗੀ ਨੇ ਕਿਹਾ, “ਸਾਡੀ ਪਾਰਟੀ ਇਸ ਨੂੰ ਆਉਣ ਵਾਲੀਆਂ ਆਮ ਚੋਣਾਂ ਲਈ ਸਿਆਸੀ ਸਟੰਟ ਵਜੋਂ ਦੇਖਦੀ ਹੈ ਅਤੇ ਮੋਦੀ ਦੇ ਤਾਜ਼ਾ ਬਿਆਨ ਦਾ ਘੱਟ ਗਿਣਤੀਆਂ ਦੀ ਭਲਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।”

ਤਾਮਿਲਨਾਡੂ ਵਿੱਚ ਸੱਤਾਧਾਰੀ ਡੀ.ਐਮ.ਕੇ. ਨੇ ਕਿਹਾ ਹੈ ਕਿ ਭਾਜਪਾ ਨੂੰ ਪਹਿਲਾਂ ਹਿੰਦੂਆਂ ਲਈ ਯੂਨੀਫਾਰਮ ਸਿਵਲ ਕੋਡ ਲਾਗੂ ਕਰਨਾ ਚਾਹੀਦਾ ਹੈ। ਪਾਰਟੀ ਦੇ ਬੁਲਾਰੇ ਟੀ.ਕੇ.ਐਸ. ਏਲਾਂਗੋਵਨ ਨੇ ਕਿਹਾ, “ਸਰਕਾਰ ਨੂੰ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਜੇਕਰ ਉਹ ਯੂ.ਸੀ.ਸੀ. ਲਿਆਉਣਾ ਚਾਹੁੰਦਾ ਹੈ, ਤਾਂ ਪਹਿਲਾਂ ਹਿੰਦੂ ਧਰਮ ਤੋਂ ਸ਼ੁਰੂ ਕਰੋ, ਜਿੱਥੇ ਕੁਝ ਲੋਕਾਂ ਨੂੰ ਮੰਦਰ ਜਾਂ ਪੂਜਾ ਕਰਨ ਦੀ ਇਜਾਜ਼ਤ ਨਹੀਂ ਹੈ।”

ਗੋਆ ਵਿੱਚ ਲਾਗੂ ਹੈ ਯੂ. ਸੀ. ਸੀ.

ਗੋਆ ਭਾਰਤ ਦਾ ਇੱਕੋ ਇੱਕ ਰਾਜ ਹੈ ਜਿੱਥੇ ਯੂ. ਸੀ. ਸੀ. ਲਾਗੂ ਹੈ। ਗੋਆ ਨੂੰ ਸੰਵਿਧਾਨ ਵਿੱਚ ਵਿਸ਼ੇਸ਼ ਰਾਜ ਦਾ ਦਰਜਾ ਦਿੱਤਾ ਗਿਆ ਹੈ। ਇਸ ਨੂੰ ਗੋਆ ਸਿਵਲ ਕੋਡ ਵੀ ਕਿਹਾ ਜਾਂਦਾ ਹੈ। ਹਿੰਦੂ, ਮੁਸਲਿਮ ਅਤੇ ਈਸਾਈ ਸਮੇਤ ਸਾਰੇ ਧਰਮਾਂ ਅਤੇ ਜਾਤਾਂ ਲਈ ਇੱਕ ਹੀ ਪਰਿਵਾਰਕ ਕਾਨੂੰਨ ਹੈ। ਇਸ ਕਾਨੂੰਨ ਤਹਿਤ ਗੋਆ ਵਿੱਚ ਕੋਈ ਵੀ ਤਿੰਨ ਤਲਾਕ ਨਹੀਂ ਦੇ ਸਕਦਾ। ਰਜਿਸਟਰੇਸ਼ਨ ਤੋਂ ਬਿਨਾਂ ਵਿਆਹ ਕਾਨੂੰਨੀ ਤੌਰ ’ਤੇ ਜਾਇਜ਼ ਨਹੀਂ ਹੋਵੇਗਾ। ਵਿਆਹ ਦੀ ਰਜਿਸਟ੍ਰੇਸ਼ਨ ਤੋਂ ਬਾਅਦ ਅਦਾਲਤ ਰਾਹੀਂ ਹੀ ਤਲਾਕ ਹੋ ਸਕਦਾ ਹੈ। ਜਾਇਦਾਦ ’ਤੇ ਪਤੀ-ਪਤਨੀ ਦਾ ਬਰਾਬਰ ਦਾ ਹੱਕ ਹੈ। ਇਸ ਤੋਂ ਇਲਾਵਾ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਘੱਟੋ-ਘੱਟ ਅੱਧੀ ਜਾਇਦਾਦ ਦਾ ਮਾਲਕ ਬਣਾਉਣਾ ਹੋਵੇਗਾ, ਜਿਸ ਵਿੱਚ ਧੀਆਂ ਵੀ ਸ਼ਾਮਲ ਹਨ। ਗੋਆ ’ਚ ਮੁਸਲਮਾਨਾਂ ਨੂੰ 4 ਵਿਆਹ ਕਰਨ ਦਾ ਅਧਿਕਾਰ ਨਹੀਂ ਹੈ, ਜਦਕਿ ਹਿੰਦੂਆਂ ਨੂੰ ਕੁਝ ਸ਼ਰਤਾਂ ਨਾਲ ਦੋ ਵਿਆਹ ਕਰਨ ਦੀ ਇਜਾਜ਼ਤ ਹੈ।

ਯੂ.ਸੀ.ਸੀ. ਨੂੰ ਭਾਰਤ ਵਿੱਚ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ?

ਯੂਨੀਫਾਰਮ ਸਿਵਲ ਕੋਡ ਦਾ ਜ਼ਿਕਰ ਪਹਿਲੀ ਵਾਰ ਬ੍ਰਿਟਿਸ਼ ਕਾਲ ਦੌਰਾਨ 1835 ਵਿੱਚ ਹੋਇਆ ਸੀ। ਉਸ ਸਮੇਂ ਬ੍ਰਿਟਿਸ਼ ਸਰਕਾਰ ਦੀ ਇਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਅਪਰਾਧਾਂ, ਸਬੂਤਾਂ ਅਤੇ ਇਕਰਾਰਨਾਮੇ ਵਰਗੇ ਮੁੱਦਿਆਂ ’ਤੇ ਇਕਸਾਰ ਕਾਨੂੰਨ ਲਾਗੂ ਕਰਨ ਦੀ ਲੋੜ ਹੈ। ਸੰਵਿਧਾਨ ਦੀ ਧਾਰਾ-44 ਵਿੱਚ ਸਾਰੇ ਨਾਗਰਿਕਾਂ ਲਈ ਬਰਾਬਰ ਕਾਨੂੰਨ ਲਾਗੂ ਕਰਨ ਦੀ ਗੱਲ ਕਹੀ ਗਈ ਹੈ। ਪਰ ਅਜੇ ਤੱਕ ਭਾਰਤ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ। ਇਸ ਦਾ ਕਾਰਨ ਭਾਰਤੀ ਸੰਸਕ੍ਰਿਤੀ ਦੀ ਵਿਭਿੰਨਤਾ ਹੈ। ਇੱਥੇ ਵੀ ਇੱਕ ਹੀ ਘਰ ਦੇ ਮੈਂਬਰ ਕਈ ਵਾਰ ਵੱਖ-ਵੱਖ ਰੀਤੀ-ਰਿਵਾਜਾਂ ਦਾ ਪਾਲਣ ਕਰਦੇ ਹਨ। ਹਿੰਦੂ ਆਬਾਦੀ ਦੇ ਆਧਾਰ ’ਤੇ ਬਹੁਗਿਣਤੀ ਹਨ, ਪਰ ਫਿਰ ਵੀ ਵੱਖ-ਵੱਖ ਰਾਜਾਂ ਵਿੱਚ ਉਨ੍ਹਾਂ ਦੇ ਰੀਤੀ-ਰਿਵਾਜਾਂ ਵਿੱਚ ਬਹੁਤ ਅੰਤਰ ਹੋਵੇਗਾ। ਸਿੱਖ, ਜੈਨ, ਬੋਧੀ, ਈਸਾਈ ਅਤੇ ਮੁਸਲਮਾਨ ਆਦਿ ਸਾਰੇ ਧਰਮਾਂ ਦੇ ਲੋਕਾਂ ਦੇ ਆਪਣੇ ਵੱਖਰੇ ਕਾਨੂੰਨ ਹਨ। ਅਜਿਹੀ ਸਥਿਤੀ ਵਿੱਚ ਜੇਕਰ ਯੂਨੀਫਾਰਮ ਸਿਵਲ ਕੋਡ ਲਾਗੂ ਹੋ ਜਾਵੇ ਤਾਂ ਸਾਰੇ ਧਰਮਾਂ ਦੇ ਕਾਨੂੰਨ ਆਪਣੇ ਆਪ ਖਤਮ ਹੋ ਜਾਣਗੇ।

ਦੇਸ਼ ਵਿੱਚ ਇਕਸਾਰ ਸਿਵਲ ਕੋਡ ਨੂੰ ਲਾਗੂ ਕਰਨ ਬਾਰੇ ਪਹਿਲਾਂ ਹੀ ਰਾਏ ਮੰਗੀ ਜਾ ਚੁੱਕੀ ਹੈ। ਸਾਲ 2016 ਵਿੱਚ ਲਾਅ ਕਮਿਸ਼ਨ ਨੇ ਯੂ.ਸੀ.ਸੀ. ਬਾਰੇ ਲੋਕਾਂ ਦੀ ਰਾਏ ਮੰਗੀ ਸੀ। ਇਸ ਤੋਂ ਬਾਅਦ ਕਮਿਸ਼ਨ ਨੇ 2018 ਵਿੱਚ ਆਪਣੀ ਰਿਪੋਰਟ ਤਿਆਰ ਕੀਤੀ ਅਤੇ ਕਿਹਾ ਕਿ ਭਾਰਤ ਵਿੱਚ ਯੂਨੀਫਾਰਮ ਸਿਵਲ ਕੋਡ ਦੀ ਕੋਈ ਲੋੜ ਨਹੀਂ ਹੈ।

***

## ਕੀ ਹੈ ਯੂਨੀਫ਼ਾਰਮ ਸਿਵਲ ਕੋਡ ?

ਕੰਟਰੋਲ ਕੀਤਾ ਜਾਂਦਾ ਹੈ। ਇਸੇ ਕਾਰਨ ਵੱਖ- ਵੱਖ ਧਰਮਾਂ ਨਾਲ ਸੰਬਧਿਤ ਵਿਅਕਤੀਆਂ ਦੇ ਵਿਆਹ, ਤਲਾਕ, ਵਿਰਾਸਤ ਨੂੰ ਕੰਟਰੋਲ ਕਰਨ ਲਈ ਵੱਖ-ਵੱਖ ਕਾਨੂੰਨ ਹਨ। ਯੂ ਸੀ ਸੀ ਆਉਣ ਨਾਲ ਇਹ ਐਕਟ ਰੱਦ ਹੋ ਜਾਣਗੇ।

***

## ਯੂਨੀਫ਼ਾਰਮ ਸਿਵਲ ਕੋਡ ਦਾ ਸਿੱਖ ਧਰਮ ’ਤੇ ਕੀ ਹੋਵੇਗਾ ਅਸਰ

ਸ਼ਖਸੀਅਤ ਸੁਤੰਤਰ ਅਤੇ ਵਿਲੱਖਣ ਹੈ। ਇਸ ’ਤੇ ਕੋਈ ਕੋਡ ਲਾਗੂ ਨਹੀਂ ਹੁੰਦਾ। ਵੈਸੇ ਵੀ ਇਸ ਕੋਡ ਦੇ ਲਾਗੂ ਹੋਣ ਨਾਲ ਸਾਡਾ ਸੱਭਿਆਚਾਰ ਖਤਮ ਹੋ ਜਾਵੇਗਾ। ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚੇਗੀ। ਇਸੇ ਲਈ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਤੋਂ ਹੀ ਇਸ ਜ਼ਾਬਤੇ ਦਾ ਵਿਰੋਧ ਕੀਤਾ ਹੈ ਅਤੇ ਅੱਗੇ ਵੀ ਕਰਦੀ ਰਹੇਗੀ।

ਵਿਆਹ : ਯੂ.ਸੀ.ਸੀ. ਦਾ ਵਿਆਹ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮਾਂ ’ਤੇ ਸਿੱਧਾ ਅਸਰ ਪਵੇਗਾ। ਆਨੰਦ ਮੈਰਿਜ ਐਕਟ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਕਿਉਂਕਿ ਵਿਆਹ ਦੇ ਸਬੰਧ ਵਿੱਚ ਉਹੀ ਨਿਯਮ ਲਾਗੂ ਹੋਣਗੇ ਜੋ ਸਾਰੇ ਧਰਮਾਂ ਲਈ ਇੱਕੋ ਜਿਹੇ ਹਨ। ਇਹੀ ਕਾਰਨ ਹੈ ਕਿ ਸਿੱਖਾਂ ਵਿੱਚ ਵਿਆਹ ਦੇ ਨਿਯਮਾਂ ਨੂੰ ਬਦਲਣ ਅਤੇ ਆਨੰਦ ਮੈਰਿਜ ਐਕਟ ਨੂੰ ਖਤਮ ਕਰਨ ਦੀ ਚਰਚਾ ਚੱਲ ਰਹੀ ਹੈ।

ਤਲਾਕ: ਸਿੱਖਾਂ ਵਿੱਚ ਤਲਾਕ ਲਈ ਹਿੰਦੂ ਮੈਰਿਜ ਐਕਟ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ, ਪਰ ਇਸ ਐਕਟ ਵਿੱਚ ਵੀ ਤਲਾਕ ਉਦੋਂ ਹੀ ਲਿਆ ਜਾ ਸਕਦਾ ਹੈ ਜਦੋਂ ਵਿਆਹ ਵਿੱਚ ਕਿਸੇ ਕਿਸਮ ਦੀ ਸਮੱਸਿਆ ਹੋਵੇ।

ਜਾਇਦਾਦ ਦੀ ਵੰਡ: ਮੌਜੂਦਾ ਸਮੇਂ ਵਿੱਚ ਸਿੱਖਾਂ ਵਿੱਚ ਜਾਇਦਾਦ ਦੀ ਵੰਡ ਅਤੇ ਵਾਰਸਾਂ ਨੂੰ ਦਿੱਤੇ ਜਾਣ ਵਾਲੇ ਲਾਭ ਉਹਨਾਂ ਦੇ ਨਿੱਜੀ ਕਾਨੂੰਨ ’ਤੇ ਆਧਾਰਿਤ ਹਨ। ਇਹ ਨਿਯਮ ਬਦਲਣ ਦੇ ਅਧੀਨ ਹਨ। ਹਾਲਾਂ ਕਿ ਨਿਯਮਾਂ ’ਚ ਕਿੰਨਾ ਬਦਲਾਅ ਹੋਵੇਗਾ, ਇਸ ਦਾ ਖੁਲਾਸਾ ਯੂ.ਸੀ.ਸੀ. ਤੋਂ ਬਾਅਦ ਹੋਵੇਗਾ।

ਧਾਰਮਿਕ ਪ੍ਰਥਾਵਾਂ: ਸਿੱਖ ਧਰਮ ਦੀਆਂ ਖਾਸ ਧਾਰਮਿਕ ਪ੍ਰਥਾਵਾਂ ਅਤੇ ਰੀਤੀ-ਰਿਵਾਜ ਹਨ ਜੋ ਯੂਨੀਫ਼ਾਰਮ ਸਿਵਲ ਕੋਡ ਵਿੱਚ ਸਿੱਧੇ ਤੌਰ ’ਤੇ ਹੱਲ ਕਰਨ ਲਈ ਗੁੰਝਲਦਾਰ ਹੋਣਗੇ। ਅਜਿਹੀ ਸਥਿਤੀ ਵਿੱਚ, ਇਹ ਦੇਖਣਾ ਹੋਵੇਗਾ ਕਿ ਯੂਸੀਸੀ ਸਿੱਖਾਂ ਸਮੇਤ ਸਾਰੇ ਭਾਈਚਾਰਿਆਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਅਭਿਆਸਾਂ ਨੂੰ ਕਿਵੇਂ ਵੇਖਦੀ ਹੈ ਤਾਂ ਜੋ ਉਨ੍ਹਾਂ ਦੇ ਸੱਭਿਆਚਾਰਕ ਅਤੇ ਧਾਰਮਿਕ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਜਾ ਸਕੇ।

ਆਜ਼ਾਦੀ: ਯੂਨੀਫ਼ਾਰਮ ਸਿਵਲ ਕੋਡ ਦੇ ਪਹਿਲੇ ਉਦੇਸ਼ਾਂ ਵਿੱਚੋਂ ਇੱਕ ਹੈ ਸਾਰੇ ਨਾਗਰਿਕਾਂ ਲਈ ਬਰਾਬਰੀ ਅਤੇ ਆਜ਼ਾਦੀ ਨੂੰ ਯਕੀਨੀ ਬਣਾਉਣਾ, ਭਾਵੇਂ ਉਹਨਾਂ ਦੇ ਧਾਰਮਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ। ਹਾਲਾਂ ਕਿ, ਯੂ.ਸੀ.ਸੀ. ਲਈ ਸਿੱਖਾਂ ਦੀ ਵਿਲੱਖਣ ਪਛਾਣ ਅਤੇ ਸੱਭਿਆਚਾਰਕ ਰਵਾਇਤਾਂ ਦਾ ਧਿਆਨ ਰੱਖਣਾ ਵੀ ਮਹੱਤਵਪੂਰਨ ਹੋਵੇਗਾ।

***

## ਸ਼੍ਰੋਮਣੀ ਕਮੇਟੀ ਵੱਲੋਂ 51 ਮੁਲਾਜ਼ਮ ਮੁਅੱਤਲ

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀ ਗਈ ਸੀ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਮੁਤਾਬਕ ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਜਮ੍ਹਾਂ ਨਾ ਕਰਾਉਣ ਦਾ ਇਹ ਮਾਮਲਾ ਕਰੋਨਾ ਕਾਲ ਵੇਲੇ ਦੇ 2019 ਤੋਂ ਲੈ ਕੇ 2021 ਤਕ ਤਿੰਨ ਸਾਲ ਦੇ ਸਮੇਂ ਦਾ ਹੈ। ਇਸ ਸਮੇਂ ਦੌਰਾਨ ਲੰਗਰ ਘਰ ਦੇ ਸੁੱਕੇ ਅਤੇ ਬਚੇ ਹੋਏ ਪ੍ਰਸ਼ਾਦੇ ਵੇਚੇ ਗਏ ਸਨ ਪਰ ਉਸ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਇਹ ਘਪਲਾ ਲਗਭਗ ਇਕ ਕਰੋੜ ਰੁਪਏ ਦਾ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਫਲਾਇੰਗ ਵਿਭਾਗ ਦੀ ਪੜਤਾਲ ਦੇ ਆਧਾਰ ’ਤੇ ਕੀਤੀ ਗਈ ਹੈ। ਦੂਜੇ ਪਾਸੇ ਸ੍ਰੀ ਧਾਮੀ ਨੇ ਕਿਹਾ ਹੈ ਕਿ ਗੁਰਦੁਆਰਾ ਪ੍ਰਬੰਧਾਂ ਅੰਦਰ ਕਿਸੇ ਤਰ੍ਹਾਂ ਦੀ ਅਣਗਹਿਲੀ ਅਤੇ ਬੇਨਿਯਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿਉਂਕਿ ਗੁਰੂ ਘਰਾਂ ਨਾਲ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਜਿਹੜਾ ਵੀ ਗੁਰਦੁਆਰਾ ਪ੍ਰਬੰਧਾਂ ਨੂੰ ਸੱਟ ਮਾਰੇਗਾ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਵਿੱਚ ਅਪਲੋਡ ਕੀਤੀ ਗਈ ਵੀਡੀਓ ਵਿੱਚ ਖੁਲਾਸਾ ਕੀਤਾ ਹੈ ਕਿ ਇਹ ਘਪਲਾ ਲਗਭਗ 93 ਲੱਖ ਰੁਪਏ ਦਾ ਹੈ ਤੇ ਮੁਅੱਤਲ ਕੀਤੇ ਮੁਲਾਜ਼ਮਾਂ ਤੋਂ ਇਹ ਰਕਮ ਵਸੂਲੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਉਹ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਇਸ ਬੇਨਿਯਮੀ ਲਈ ਜ਼ਿੰਮੇਵਾਰ ਹਨ। ਮੁਅੱਤਲ ਕੀਤੇ ਗਏ ਮੈਨੇਜਰਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਮੌਜੂਦਾ ਮੈਨੇਜਰ ਸਤਨਾਮ ਸਿੰਘ, ਸੁਖਰਾਜ ਸਿੰਘ, ਹਰਪ੍ਰੀਤ ਸਿੰਘ, ਬਲਦੇਵ ਸਿੰਘ, ਮਨਜਿੰਦਰ ਸਿੰਘ ਆਦਿ ਸ਼ਾਮਲ ਹਨ।

***

## ਸ਼੍ਰੋਮਣੀ ਕਮੇਟੀ ’ਤੇ ਪਹਿਲਾਂ ਵੀ ਕਈ

ਸਕਦਾ ਹੈ ਅਤੇ ਇਸ ਦੇ ਪਿੱਛੇ ਲੁਕੇ ਚਿਹਰੇ ਬੇਨਕਾਬ ਹੋ ਸਕਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਸੀ ਕਿ ਇਕ ਨਿੱਜੀ ਚੈਨਲ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਹੋਣ ਵਾਲੇ ਪ੍ਰਸਾਰਣ ਅਤੇ ਗੁਰਬਾਣੀ ਕੀਰਤਨ ਉੱਤੇ ਏਕਾਧਿਕਾਰ ਕਾਇਮ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਅਤੇ ਛਪਾਈ ਵਿੱਚ ਘਪਲੇਬਾਜ਼ੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਬਰਾਬਰ ਇੱਕ ਹੋਰ ਨਵਾਂ ਟਰੱਸਟ ਪ੍ਰਬੰਧ ਸਥਾਪਤ ਕਰਨਾ ਜਿਹੀਆਂ ਮੰਦਭਾਗੀਆਂ ਅਤੇ ਨਾ-ਸਹਿਣਯੋਗ ਘਟਨਾਵਾਂ ਤੇ ਕਾਰਨਾਮੇ ਹਨ। ਜਿਨ੍ਹਾਂ ਬਾਰੇ ਹੁਣ ਤੱਕ ਸਿੱਖ ਕੌਮ ਨੂੰ ਇਨਸਾਫ਼ ਨਹੀਂ ਮਿਲਿਆ। ਐਸਜੀਪੀਸੀ ਅਧੀਨ ਚੱਲ ਰਹੇ ਗੁਰਦੁਆਰਿਆਂ ਦਾ ਪ੍ਰਬੰਧ, ਵਿੱਦਿਅਕ ਅਦਾਰੇ ਅਤੇ ਪ੍ਰਿੰਟਿੰਗ ਪ੍ਰੈੱਸਾਂ ਅਤੇ ਹੋਰ ਅਦਾਰੇ ਕਰੋੜਾਂ ਰੁਪਏ ਦੇ ਘਾਟੇ ਵਿੱਚ ਚੱਲ ਰਹੇ ਹਨ।

ਮਾ. ਮਿੱਠੂ ਸਿੰਘ ਕਾਹਨੇਕੇ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਮਹਿੰਗੀਆਂ ਜ਼ਮੀਨਾਂ ’ਤੇ ਉਸਾਰੇ ਗਏ ਇੰਜੀਨਅਰ ਕਾਲਜ, ਮੈਡੀਕਲ ਕਾਲਜ, ਯੂਨੀਵਰਸਿਟੀ ਅਤੇ ਹੋਰ ਅਦਾਰਿਆਂ ’ਤੇ ਬਾਦਲਾਂ ਦੀ ਮਾਲਕੀ ਵਾਲੇ ਟਰੱਸਟ ਪ੍ਰਬੰਧਾਂ ਨੇ 99 ਸਾਲਾਂ ਦੀ ਲੀਜ਼ ਡੀਡ ਲਿਖਾਵਾ ਕੇ ਕਬਜ਼ਾ ਕਰ ਲਿਆ ਹੈ। ਇਹ ਟਰੱਸਟ ਪ੍ਰਬੰਧ ਵਾਲੇ ਵਿੱਦਿਅਕ ਅਦਾਰੇ ਸ਼੍ਰੋਮਣੀ ਕਮੇਟੀ ਵੱਲੋਂ ਅਰਬਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਹਨ ਪਰ ਹੁਣ ਇਨ੍ਹਾਂ ਦੇ ਅਸਲ ਮਾਲਕ ਪ੍ਰਾਈਵੇਟ ਵਿਅਕਤੀ ਬਣ ਗਏ ਹਨ। ਇਨ੍ਹਾਂ ਟਰੱਸਟ ਦੇ ਮੈਂਬਰਾਂ ਵਿੱਚ ਬਾਦਲ ਪਰਿਵਾਰ ਦੇ ਰਿਸ਼ਤੇਦਾਰ ਅਤੇ ਨੇੜਲੇ ਸਿਆਸੀ ਨੇਤਾ ਸ਼ਾਮਿਲ ਹਨ। ਪਤਿਤ ਗੈਰ ਅੰਮ੍ਰਿਤਧਾਰੀ ਵਿਅਕਤੀ ਵੀ ਟਰੱਸਟ ਪ੍ਰਬੰਧ ਦੇ ਮੈਂਬਰ ਬਣੇ ਹੋਂਏ ਹਨ। ਇਹ ਟਰੱਸਟ ਪ੍ਰਬੰਧ ਵਾਲੇ ਵਿੱਦਿਅਕ ਅਦਾਰੇ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਅਤੇ ਹੋਰ ਖਰਚਿਆਂ ਲਈ ਸ਼੍ਰੋਮਣੀ ਕਮੇਟੀ ਤੋਂ ਹਰ ਸਾਲ ਕਰੋੜਾਂ ਰੁਪਏ ਸਹਾਇਤਾ ਲੈਂਦੇ ਆ ਰਹੇ ਹਨ।

ਉਹਨਾਂ ਦੋਸ਼ ਲਗਾਇਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੁਆਲੇ ਕਾਇਮ ਕੀਤੇ ਗਲਿਆਰਾ ਯੋਜਨਾ ਸਕੀਮ ’ਚ ਕਰੋੜਾਂ ਰੁਪਏ ਦਾ ਘਪਾਲਾ ਹੋਇਆ ਪ੍ਰਤੀਤ ਹੁੰਦਾ ਹੈ। ਉਹਨਾਂ ਇਹ ਵੀ ਦੋਸ਼ ਲਗਾਇਆ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਗਰ ਦੀਆਂ ਖਰੀਦ ਵਸਤਾਂ (ਘਿਓ, ਦਾਲਾਂ, ਖੰਡਾਂ ਆਦਿ) ਵਿੱਚ ਵੀ ਭ੍ਰਿਸ਼ਟਾਚਾਰ ਚਲ ਰਿਹਾ ਹੈ। ਉਹਨਾਂ ਦੋਸ਼ ਲਗਾਇਆ ਸੀ ਕਿ ਗੁਰਦੁਆਰਾ ਸਾਹਿਬਾਨ ਵਿੱਚ ਇੰਸਪੈਕਟਰ ਅਤੇ ਅਧਿਕਾਰੀਆਂ ਦੀ ਮਿਲੀ ਭੁਗਤੀ ਨਾਲ ਕਰੋੜਾਂ ਰੁਪਇਆਂ ਦਾ ਭ੍ਰਿਸ਼ਟਾਚਾਰ ਵੱਖਰਾ ਚਲ ਰਿਹਾ ਹੈ।

***

## ਅਮਰੀਕਾ ’ਚ ਪਾਸਪੋਰਟ ਬਣਵਾਉਣ ਲਈ

ਕਈ ਮੈਂਬਰਾਂ ਨੂੰ ਇਸ ਸਾਲ ਸਭ ਤੋਂ ਵੱਧ ਸ਼ਿਕਾਇਤਾਂ ਸਮੇਂ ਸਿਰ ਪਾਸਪੋਰਟ ਨਾ ਬਣਾਏ ਜਾਣ ਦੀਆਂ ਪ੍ਰਾਪਤ ਹੋਈਆਂ ਹਨ।

ਸਟਾਫ ਦੀ ਕਟੌਤੀ ਕਈ ਦੇਸ਼ਾਂ ਵਿੱਚ ਅਮਰੀਕੀ ਦੂਤਘਰਾਂ ਵਿੱਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਜੂਨ ਵਿੱਚ ਦਿੱਲੀ ਵਿੱਚ ਲੋਕਾਂ ਨੂੰ ਵੀਜ਼ਾ ਇੰਟਰਵਿਊ ਲਈ 451 ਦਿਨ ਉਡੀਕ ਕਰਨ ਲਈ ਕਿਹਾ ਜਾ ਰਿਹਾ ਸੀ। ਇਹ ਸਮਾਂ ਸਾਓ ਪੌਲੋ ਵਿੱਚ 600 ਦਿਨ, ਮੈਕਸੀਕੋ ਸਿਟੀ ਵਿੱਚ 750 ਦਿਨ, ਬੋਗੋਟਾ, ਕੋਲੰਬੀਆ ਵਿੱਚ 801 ਦਿਨ ਰਿਹਾ ਹੈ। ਇਜ਼ਰਾਈਲ ਵਿੱਚ ਇਹ ਮਿਆਦ 8 ਜੂਨ ਨੂੰ 360 ਦਿਨ ਸੀ, ਜੋ 2 ਜੁਲਾਈ ਨੂੰ ਘਟ ਕੇ 90 ਦਿਨ ਰਹਿ ਗਈ।

***

## ਫਰਾਂਸ ਵਿੱਚ ਦੰਗਿਆਂ ਬਾਅਦ ਮੁਸਲਮਾਨ ਨਿਸ਼ਾਨੇ ’ਤੇ

ਮੈਗਜ਼ੀਨ ਦੇ ਦਫਤਰ ’ਤੇ ਹਮਲਾ ਕਰਕੇ 12 ਲੋਕਾਂ ਨੂੰ ਮਾਰ ਦਿੱਤਾ ਸੀ। ਉਸੇ ਸਾਲ ਇਸਲਾਮਿਕ ਸਟੇਟ ਆਫ ਇਰਾਕ ਦੇ ਅੱਤਵਾਦੀਆਂ ਨੇ ਪੂਰੇ ਪੈਰਿਸ ’ਤੇ ਹਮਲਾ ਕੀਤਾ ਸੀ। ਇਸ ਵਿੱਚ 130 ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖਮੀ ਹੋ ਗਏ ਸਨ। ਇਸ ਤੋਂ ਪਹਿਲਾਂ, ਇਸਲਾਮਿਕ ਸਟੇਟ ਦੇ ਇੱਕ ਅੱਤਵਾਦੀ ਨੇ ਭੀੜ ਉੱਤੇ ਇੱਕ ਵਿਸ਼ਾਲ ਲਾਰੀ ਚੜ੍ਹਾ ਦਿੱਤੀ ਸੀ, ਜਿਸ ਵਿੱਚ 86 ਲੋਕਾਂ ਦੀ ਮੌਤ ਹੋ ਗਈ ਸੀ।

### ਯੂਰਪ ਵਿੱਚ ਪ੍ਰਵਾਸੀਆਂ ਦਾ ਮੁੱਦਾ

ਪਿਛਲੇ ਦੋ ਦਹਾਕਿਆਂ ਦੌਰਾਨ ਯੂਰਪ ਵਿੱਚ ਇਸਲਾਮ ਦੇ ਨਾਂ ’ਤੇ ਹੋਈ ਹਿੰਸਾ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਕਈਆਂ ਦਾ ਦਾਅਵਾ ਹੈ ਕਿ ਇਸ ਦਾ ਕਾਰਨ ਇਸਲਾਮੀ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਦਾ ਯੂਰਪ ਵਿੱਚ ਆਉਣਾ ਹੈ। ਇਸ ਕਾਰਨ ਪੂਰੇ ਯੂਰਪ ਦੀ ਰਾਜਨੀਤੀ ਵਿੱਚ ਭੂਚਾਲ ਆ ਗਿਆ ਹੈ। ਯੂਰਪੀ ਦੇਸ਼ਾਂ ਵਿੱਚ ਇਸਲਾਮਿਕ ਪ੍ਰਵਾਸੀਆਂ ਦਾ ਮੁੱਦਾ ਗਰਮ ਹੈ। ਬ੍ਰਿਟੇਨ ਇਨ੍ਹਾਂ ਪ੍ਰਵਾਸੀਆਂ ਨੂੰ ਅਫਰੀਕਾ ਭੇਜਣ ਦੀ ਯੋਜਨਾ ’ਤੇ ਕੰਮ ਕਰ ਰਿਹਾ ਹੈ। ਦੂਜੇ ਪਾਸੇ, ਪੋਲੈਂਡ ਆਪਣੇ ਦਰਵਾਜ਼ੇ ਬੰਦ ਕਰ ਰਿਹਾ ਹੈ।

### ਯੂਰਪ ਵਿਖੇ ਫਰਾਂਸ ਵਿੱਚ ਸਭ ਤੋਂ ਵੱਧ ਮੁਸਲਮਾਨ

ਸਾਲ 2021 ਵਿੱਚ, ਯੂਰਪ ਦੀ ਕੁੱਲ ਆਬਾਦੀ ਦਾ 5 ਪ੍ਰਤੀਸ਼ਤ ਮੁਸਲਮਾਨ ਸਨ, ਜੋ ਲਗਭਗ 26 ਮਿਲੀਅਨ ਤੱਕ ਪਹੁੰਚ ਗਿਆ ਹੈ। ਪਿਛਲੇ 3 ਸਾਲਾਂ ’ਚ ਇਹ ਗਿਣਤੀ ਹੋਰ ਵਧੀ ਹੈ। ਫਰਾਂਸ ਵਿਖੇ ਯੂਰਪ ਵਿੱਚ ਸਭ ਤੋਂ ਵੱਧ 9 ਫੀਸਦੀ ਮੁਸਲਮਾਨ ਹਨ। ਇਹ ਮੌਜੂਦਾ ਆਬਾਦੀ ਦਾ ਲਗਭਗ 3 ਗੁਣਾ ਹੋਵੇਗਾ ਪਰ ਈਸਾਈਆਂ ਅਤੇ ਨਾਸਤਿਕਾਂ ਦੀ ਗਿਣਤੀ ਨਾਲੋਂ ਬਹੁਤ ਘੱਟ ਹੋਵੇਗਾ। ਇਸ ਦੇ ਨਾਲ ਹੀ, ਤਾਜ਼ਾ ਹਿੰਸਾ ਇੱਕ ਵਾਰ ਫਿਰ ਸਾਬਤ ਕਰ ਰਹੀ ਹੈ ਕਿ ਯੂਰਪ ਵਿੱਚ ਗੋਰੀ ਆਬਾਦੀ ਅਤੇ ਅਰਬ ਮੂਲ ਦੇ ਲੋਕਾਂ ਵਿਚਕਾਰ ਟਕਰਾਅ ਵਧਦਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਅਰਬ ਮੂਲ ਦੇ ਮੁਸਲਮਾਨ ਦਾਅਵਾ ਕਰਦੇ ਹਨ ਕਿ ਯੂਰਪ ਦੇ ਦੇਸ਼ ਉਨ੍ਹਾਂ ਨਾਲ ਯੂਰਪੀਅਨਾਂ ਦੇ ਮੁਕਾਬਲੇ ਕਦਮ-ਦਰ-ਕਦਮ ਘਟੀਆ ਤੇ ਨਸਲੀ ਵਿਵਹਾਰ ਕਰਦੇ ਹਨ। ਇੱਥੋਂ ਤੱਕ ਕਿ ਨੇਹਲ ਐਮ ਦੇ ਕਤਲ ਦੇ ਮਾਮਲੇ ਵਿੱਚ, ਉਹ ਕਹਿੰਦੇ ਹਨ ਕਿ ਜੇਕਰ ਉਹ ਇੱਕ ਗੋਰਾ ਬੱਚਾ ਹੁੰਦਾ, ਤਾਂ ਫਰਾਂਸੀਸੀ ਪੁਲਿਸ ਉਸਨੂੰ ਨਾ ਮਾਰਦੀ ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਸਰਬਤ ਦੇ ਭਲੇ ਲਈ ਸਮਰਪਿਤ ਸਿੱਖ

ਕੀਤੀਆਂ ਹਨ। ਵਿਦੇਸ਼ੀ ਦਖ਼ਲ-ਅੰਦਾਜ਼ੀ ਦੀਆਂ ਖੋਜਾਂ ਦੇ ਸਬੰਧ ਵਿੱਚ ਭਾਰੀ ਸੋਧ ਕੀਤੇ ਜਾਣ ਦੇ ਬਾਵਜੂਦ, ਇੱਕ ਰਿਪੋਰਟ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤੀ ਏਜੰਸੀਆਂ ਨੇ ਇੱਕ ਖਾਸ ਬਿਰਤਾਂਤ ਨੂੰ ਵਧਾਉਣ ਲਈ ਚੱਲ ਰਹੀ ਮੁਹਿੰਮ ਦਾ ਆਯੋਜਨ ਕੀਤਾ, ਜਿਸ ਵਿੱਚ ਕੈਨੇਡਾ ਦੇ ਸਿੱਖ ਭਾਈਚਾਰੇ ਨੂੰ ਕੱਟੜਪੰਥੀ ਗਰਦਾਨਦੇ ਹੋਏ, ਭਾਰਤੀ ਰਾਸ਼ਟਰੀ ਸੁਰੱਖਿਆ 'ਤੇ ਜ਼ੋਰ ਦਿੱਤਾ ਗਿਆ। ਕੈਨੇਡੀਅਨ ਰਾਸ਼ਟਰੀ ਸੁਰੱਖਿਆ ਅਤੇ ਖੁਫ਼ੀਆ ਸਲਾਹਕਾਰ, ਡੇਵਿਡ ਜੀਨ, ਨੇ ਵੀ ਰਿਕਾਰਡ ਵਿਚ ਸਪੱਸ਼ਟ ਤੌਰ 'ਤੇ ਦੱਸਿਆ ਸੀ ਕਿ ਵਿਦੇਸ਼ੀ ਖੁਫ਼ੀਆ ਆਪਰੇਟਿਵ, ਕੈਨੇਡੀਅਨ ਮੀਡੀਆ ਆਊਟਲੇਟਾਂ ਰਾਹੀਂ ਸਰਗਰਮੀ ਨਾਲ, ਝੂਠੇ ਬਿਰਤਾਂਤ ਘੜ ਰਹੇ ਸਨ ਅਤੇ ਪ੍ਰਚਾਰ ਰਹੇ ਸਨ। ਏ ਬੀ ਬਨਾਮ ਕੈਨੇਡਾ (ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ), 2020 ਐਫ ਸੀ 461 ਵਿੱਚ ਫੈਡਰਲ ਕੋਰਟ ਆਫ਼ ਕਨੇਡਾ ਦੀਆਂ ਖੋਜਾਂ ਦੁਆਰਾ, ਇਸ ਦੀ ਹੋਰ ਪੁਸ਼ਟੀ ਕੀਤੀ ਗਈ, ਜਿਸ ਵਿੱਚ ਇਹ ਸਥਾਪਿਤ ਕੀਤਾ ਗਿਆ ਹੈ ਕਿ 'ਭਾਰਤੀ ਖੁਫ਼ੀਆ ਤੰਤਰ ਸਿੱਧੇ ਤੌਰ 'ਤੇ ਕਿਸੇ ਵਿਅਕਤੀ ਨੂੰ ਕੰਮ ਸੌਂਪ ਕੇ, ਕੈਨੇਡੀਅਨ ਪ੍ਰਕਿਰਿਆਵਾਂ, ਸਰਕਾਰੀ ਨੀਤੀ ਅਤੇ ਮੀਡੀਆ ਦੀ ਆਜ਼ਾਦੀ ਵਿੱਚ ਦਖ਼ਲ-ਅੰਦਾਜ਼ੀ ਕਰਦਾ ਹੈ। ਇਹ ਗਤੀਵਿਧੀਆਂ, ਨਾ ਸਿਰਫ਼ ਕੈਨੇਡੀਅਨ ਸੰਸਥਾਵਾਂ ਨੂੰ ਕਮਜ਼ੋਰ ਕਰਦੀਆਂ ਹਨ, ਬਲਕਿ ਸਰਕਾਰਾਂ ਨੂੰ ਦਬਾਏ ਜਾ ਰਹੇ ਭਾਈਚਾਰਿਆਂ ਨੂੰ ਹੋਰ ਦਬਾਉਣ ਲਈ ਰਾਜ਼ੀ ਕਰਕੇ, ਪੀੜਤ ਕੌਮਾਂ ਨੂੰ ਨਸਲੀ ਸਮੂਹ ਵਜੋਂ ਪਰਿਭਾਸ਼ਿਤ ਕਰਦੀਆਂ ਹਨ। ਸਿੱਖਾਂ ਦੇ ਮਾਮਲੇ ਵਿਚ ਇਸ ਤੋਂ ਵੀ ਅੱਗੇ ਪੰਜਾਬ ਅਤੇ ਵਿਦੇਸ਼ਾਂ ਵਿੱਚ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਜਾਰੀ ਰੱਖਣ ਲਈ ਵੀ ਉਤਸ਼ਾਹਿਤ ਕਰਦੀਆਂ ਹਨ।

ਗਲੋਬਲ ਭਾਈਚਾਰਕ ਸਰਗਰਮੀ ਵਜੋਂ ਵਿਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਵਿਰੁੱਧ ਚੱਲ ਰਿਹਾ ਅਪਰਾਧੀਕਰਨ, ਭਾਰਤ ਦੇ ਘਰੇਲੂ ਤੌਰ 'ਤੇ ਅਸਹਿਮਤੀ ਵਾਲੇ ਅਪਰਾਧੀਕਰਨ ਦਾ ਅਤੇ ਵਿਦੇਸ਼ੀ ਦਖ਼ਲ-ਅੰਦਾਜ਼ੀ ਅਤੇ ਜਾਸੂਸੀ ਦਾ ਵਿਸਤਾਰ ਹੈ। ਇਹਨਾਂ ਗਤੀਵਿਧੀਆਂ ਦੀ ਪੂਰੀ ਪਾਰਦਰਸ਼ੀ ਢੰਗ ਨਾਲ ਗੌਰ ਕਰਨੀ ਜ਼ਰੂਰੀ ਹੈ। ਅਜਿਹੀ ਜਾਂਚ ਦੇ ਨਤੀਜਿਆਂ ਨੂੰ ਅੱਗੇ ਜਨਤਕ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਦੇ ਸਾਰੇ ਭਾਈਚਾਰਿਆਂ ਨੂੰ, ਕੈਨੇਡਾ ਦੀਆਂ ਸਿਆਸੀ ਸੰਸਥਾਵਾਂ ਅਤੇ ਪੱਤਰਕਾਰੀ ਦੀ ਆਜ਼ਾਦੀ ਨੂੰ, ਕਮਜ਼ੋਰ ਕਰਨ ਦੀਆਂ ਗੈਰ-ਕਾਨੂੰਨੀ ਕੋਸ਼ਿਸ਼ਾਂ ਤੋਂ ਸੁਰੱਖਿਅਤ ਰੱਖਿਆ ਗਿਆ ਹੈ।

ਪੀੜਤ ਨੂੰ ਦੋਸ਼ੀ ਸਾਬਿਤ ਕਰਨਾ, ਇਸ ਵੇਲੇ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਅਤੇ ਏਜੰਸੀਆਂ ਦਾ ਮੂਲ ਬਿਰਤਾਂਤ ਦਿਖਾਈ ਦਿੰਦਾ ਹੈ। ਭਾਈ ਹਰਦੀਪ ਸਿੰਘ ਨਿੱਝਰ ਦੀ ਨਿਆਂ ਅਤੇ ਅਮਨ ਪਸੰਦ ਕੈਨੇਡੀਅਨ ਸ਼ਹਿਰੀ ਹੋਣ ਦੇ ਬਾਵਜੂਦ ਕਿਰਦਾਰਕੁਸ਼ੀ ਅਤੇ ਏਅਰ ਇੰਡਿਆ ਬੰਬ ਧਮਾਕੇ ਵਿੱਚ 329 ਮੁਸਾਫਰਾਂ ਦੇ ਸਮੂਹਿਕ ਕਤਲੇਆਮ ਲਈ ਸਿੱਖਾਂ ਬਾਰੇ ਗਲਤ ਬਿਰਤਾਂਤ ਸਿਰਜਣ ਦੀ ਸਾਜ਼ਿਸ਼ ਅਜਿਹੇ ਬਿਰਤਾਂਤ ਦਾ ਹੀ ਹਿੱਸਾ ਹਨ। ਦੂਜੇ ਪਾਸੇ ਖ਼ਾਲਸਾਈ ਬਿਰਤਾਂਤ ਸਿੱਖੀ ਦੇ ਸਰਬਤ ਦੇ ਭਲੇ ਦੇ ਸੰਕਲਪ ਅਤੇ ਜਬਰ ਖ਼ਿਲਾਫ਼ ਡਟਣ ਦੇ ਸਿਧਾਂਤ ਬਖ਼ਸ਼ਦੇ ਹਨ। ਸਰਬਤ ਦੇ ਹੱਕਾਂ ਲਈ ਲੜਨ ਵਾਲੇ ਇਹ ਸਿੱਖ ਐਕਟਿਵਿਸਟ ਉਹੀ ਵਿਅਕਤੀ ਹਨ, ਜਿਹੜੇ ਪਿਛਲੇ ਲੰਮੇ ਸਮੇਂ ਤੋਂ ਭਾਰਤੀ ਜੇਲ੍ਹਾਂ 'ਚ ਬੰਦ ਚਿੰਤਕਾਂ ਪ੍ਰੋਫੈਸਰ ਜੀ ਐਨ ਸਾਈ ਬਾਬਾ, ਪ੍ਰੋਫੈਸਰ ਵਾਰਵਰਾ ਰਾਓ, ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਤੀਸਤਾ ਸੀਤਲਵਾੜ ਆਦਿ ਦੀ ਰਿਹਾਈ ਦੀ ਲਗਾਤਾਰ ਮੰਗ ਕਰਨ ਲਈ ਰੋਸ ਪ੍ਰਗਟਾਵੇ ਕਰਦੇ ਰਹੇ ਹਨ। ਇਹ ਉਹੀ ਸਿੱਖ ਅਦਾਰੇ ਹਨ, ਜਿਨ੍ਹਾਂ ਗੌਰੀ ਲੰਕੇਸ਼ ਵਰਗੇ ਪੱਤਰਕਾਰ ਦੇ ਕਤਲ ਤੋਂ ਬਾਅਦ, ਕੈਨੇਡਾ ਦੀ ਧਰਤੀ ਤੋਂ ਉਸ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ, ਭਾਰਤ ਵਿਚ ਚੱਲ ਰਹੇ ਹਿੰਦੁਤਵੀ ਏਜੰਡੇ ਅਤੇ ਨਫ਼ਰਤੀ ਮਾਹੌਲ ਦਾ ਵਿਰੋਧ ਕਰ ਰਹੇ ਹਨ। ਇਹ ਉਹੀ ਸੰਸਥਾਵਾਂ ਹਨ, ਜਿਹੜੀਆਂ ਜੇਲ੍ਹਾਂ 'ਚ ਉਮਰ ਕੈਦ ਦੀਆਂ ਸਜ਼ਾਵਾਂ ਭੋਗ ਚੁੱਕੇ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਜੱਦੋ-ਜਹਿਦ ਕਰ ਰਹੀਆਂ ਹਨ। ਇਹ ਉਹੀ ਲੋਕ ਹਨ, ਜਿਨ੍ਹਾਂ ਵਿੱਚ ਭਾਰਤ ਦੇ ਪ੍ਰਧਾਨਮੰਤਰੀ ਮੋਦੀ ਦੀ 2015 ਵਿੱਚ ਕੈਨੇਡਾ ਫੇਰੀ ਸਮੇਂ ਸ਼ਾਂਤਮਈ ਵਿਰੋਧ ਕਰਦਿਆਂ, ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਨੂੰ ਰੋਕਣ ਦੀ ਮੰਗ ਕੀਤੀ ਸੀ। ਅੱਜ ਇਹ ਸਾਰੇ ਮਿਲ ਕੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਲਈ ਇਨਸਾਫ ਦੀ ਮੰਗ ਕਰ ਰਹੇ ਹਨ, ਜਿਨ੍ਹਾਂ ਦਾ ਕਸੂਰ ਸਿਰਫ਼ ਇਹ ਸੀ ਕਿ ਉਨ੍ਹਾਂ ਹੱਕ, ਸੱਚ ਤੇ ਇਨਸਾਫ ਲਈ ਫਾਸ਼ੀਵਾਦੀ ਅਤੇ ਮਨੂਵਾਦੀ ਤਾਕਤਾਂ ਖ਼ਿਲਾਫ਼ ਲੜਾਈ ਲੜੀ ਅਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਮੌਜੂਦਾ ਸਮੇਂ ਇੰਡੀਅਨ ਸਟੇਟ ਦਾ ਸਭ ਤੋਂ ਵੱਡਾ ਇਤਰਾਜ਼ ਹੈ ਕਿ ਵਿਦੇਸ਼ਾਂ ਦੀ ਧਰਤੀ ਤੋਂ ਐਕਟਿਵਿਸਟ ਮਨੁੱਖੀ ਹੱਕਾਂ ਦੀ ਆਵਾਜ਼ ਕਿਉਂ ਉਠਾ ਰਹੇ ਹਨ ;

ਕੁਛ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ
ਸਭ ਨੂੰ ਤੇਰੇ ਕਹਿਣ ਤੇ ਇਤਰਾਜ਼ ਹੈ
ਗੀਤ ਤੇਰੇ ਮੁਖ਼ਬਰੀ ਕਰ ਦੇਣਗੇ
ਤੇਰੀ ਹਿੱਕ ਵਿੱਚ ਰੌਸ਼ਨੀ ਦਾ ਰਾਜ਼ ਹੈ
ਜੋ ਜਗੇ ਉਸ ਦਾ ਨਿਸ਼ਾਨਾ ਬੰਨ੍ਹਦਾ
ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ
ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ 'ਚ ਹੈ
ਉਸ ਨੂੰ ਸਾਡੇ ਜਗਣ ਤੇ ਇਤਰਾਜ਼ ਹੈ
ਤਗਮਿਆਂ ਦੀ ਥਾਂ ਤੇ ਹਿੱਕ ਵਿੱਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ
(ਡਾ. ਸੁਰਜੀਤ ਪਾਤਰ)

***

## ਪੰਜਾਬ 'ਚ ਬੇਰੁਜ਼ਗਾਰੀ ਦੂਰ ਕਰਨ

ਅਰਥ ਹੈ ਕਿ ਵੱਡੇ ਪੈਮਾਨੇ ਦੀਆਂ ਇਕਾਈਆਂ ਵਿਚ ਚਾਰ ਗੁਣਾਂ ਨਿਵੇਸ਼ ਨੇ ਵੀ ਛੋਟੇ ਪੈਮਾਨੇ ਦੇ ਨਿਵੇਸ਼ ਤੋਂ 6 ਗੁਣਾਂ ਘੱਟ ਰੁਜ਼ਗਾਰ ਪੈਦਾ ਕੀਤਾ। ਖੇਤੀ ਆਧਾਰਿਤ ਉਦੋਯਗ ਛੋਟੇ ਪੈਮਾਨੇ 'ਤੇ ਹੀ ਲੱਗ ਸਕਦੇ ਹਨ। ਬੇਰੁਜ਼ਗਾਰੀ ਨੂੰ ਸਭ ਤੋਂ ਵੱਡੀ ਚੁਣੌਤੀ ਸਮਝਦਿਆਂ ਹੋਇਆਂ ਪੰਜਾਬ ਨੂੰ ਆਪਣੀ ਰੁਜ਼ਗਾਰ ਨੀਤੀ ਵਿੱਚ ਖੇਤੀ ਅਤੇ ਉਦਯੋਗ ਦੋਵਾਂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਪ੍ਰੋਗਰਾਮ ਬਣਾਏ ਜਾਣੇ ਚਾਹੀਦੇ ਹਨ। ਮੁਫ਼ਤ ਤੋਹਫ਼ੇ ਦੇਣ ਦੀ ਥਾਂ ਰੁਜ਼ਗਾਰ ਲਈ ਨਿਵੇਸ਼ ਹੋਣਾ ਚਾਹੀਦਾ ਹੈ। ਸਰਕਾਰ ਦੇ ਉਸਾਰੀ ਕੰਮਾਂ ਨੂੰ 'ਮਨਰੇਗਾ' ਸਕੀਮ ਨਾਲ ਜੋੜ ਕੇ ਕਿਰਤੀਆਂ ਨੂੰ ਪੰਚਾਇਤਾਂ, ਪੇਂਡੂ ਕਿਰਤੀਆਂ ਨਾਲ ਜੋੜ ਕੇ ਵੀ ਬਹੁਤਾ ਰੁਜ਼ਗਾਰ ਪੈਦਾ ਹੀ ਨਹੀਂ ਕੀਤਾ ਜਾ ਸਕਦਾ। ਵੱਡੇ ਸ਼ਹਿਰਾਂ ਦੇ ਚੌਂਕਾਂ ਵਿੱਚ ਜਿਹੜੀਆਂ ਕਿਰਤ ਮੰਡੀਆਂ ਲਗਦੀਆਂ ਹਨ, ਜਿਨਾਂ ਥਾਵਾਂ 'ਤੇ ਪੇਂਡੂ ਅਤੇ ਸ਼ਹਿਰੀ ਕਿਰਤੀ ਸਵੇਰੇ ਆ ਕੇ ਖੜ੍ਹੇ ਹੋ ਜਾਂਦੇ ਹਨ ਪਰ ਉਥੇ ਉਨ੍ਹਾਂ ਦੇ ਬੈਠਣ ਦੀ ਵੀ ਕੋਈ ਜਗ੍ਹਾ ਨਹੀਂ, ਕਈ-ਕਈ ਘੰਟੇ ਉਨ੍ਹਾਂ ਚੌਂਕਾਂ ਵਿੱਚ ਖੜ੍ਹੇ ਰਹਿ ਕੇ ਆਪਣੇ ਉਸ ਗਾਹਕ ਨੂੰ ਉਡੀਕਦੇ ਹਨ ਜਿਹੜਾ ਉਨ੍ਹਾਂ ਨੂੰ ਦਿਹਾੜੀ 'ਤੇ ਲੈਣਾ ਚਾਹੁੰਦਾ ਹੈ ਪਰ ਉਨ੍ਹਾਂ ਵਿਚੋਂ ਵੀ ਕਈਆਂ ਨੂੰ ਨਿਰਾਸ਼ ਵਾਪਿਸ ਮੁੜਨਾ ਪੈਂਦਾ ਹੈ। ਸਰਕਾਰ ਸਾਹਮਣੇ ਇਹ ਚੁਣੌਤੀ ਹੈ ਕਿ, ਕੀ ਇਨ੍ਹਾਂ ਕਿਰਤ ਮੰਡੀਆਂ ਦੀ ਜਗ੍ਹਾ ਇਨ੍ਹਾਂ ਦੀ ਰਜਿਸਟਰੇਸ਼ਨ ਅਤੇ ਇਨ੍ਹਾਂ ਦੀ ਮੰਗ ਦਾ ਕੋਈ ਹੋਰ ਪ੍ਰਬੰਧ ਨਹੀਂ ਹੋ ਸਕਦਾ? ਪੰਜਾਬ ਦੀ ਬੇਰੁਜ਼ਗਾਰੀ ਹੀ ਪੰਜਾਬ ਵਿਚੋਂ ਨੌਜਵਾਨਾਂ ਦੇ ਪ੍ਰਵਾਸ ਦਾ ਕਾਰਨ ਹੈ। ਕੇਰਲਾ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ ਜਿੱਥੋਂ ਸਭ ਤੋਂ ਵੱਧ ਪ੍ਰਵਾਸੀ ਬਾਹਰਲੇ ਦੇਸ਼ਾਂ ਵਿੱਚ ਗਏ ਹਨ, ਇਸ ਤਰ੍ਹਾਂ ਦੀ ਬੇਰੁਜ਼ਗਾਰੀ ਦਾ ਹੱਲ ਖੇਤੀ ਰਾਹੀਂ ਨਹੀਂ ਕੀਤਾ ਜਾ ਸਕਦਾ, ਇਸ ਦਾ ਹੱਲ ਉਦਯੋਗਿਕ ਰੁਜ਼ਗਾਰ ਨਾਲ ਹੀ ਹੋ ਸਕਦਾ ਹੈ, ਜਿਸ ਲਈ ਉਹ ਢੁਕਵੀਂ ਨੀਤੀ ਬਣਾਓ ਜਿਹੜੀ ਪ੍ਰਾਂਤ ਦੇ ਉਦਯੋਗਪਤੀਆਂ ਨੂੰ ਸੰਸਾਰੀ ਮੰਡੀਕਰਨ ਵਾਲੀਆਂ ਵਸਤੂਆਂ ਬਣਾਉਣ ਵਿਚ ਮਦਦ ਕਰੇ। ਉਹ ਹੀ ਇਸ ਸਮੱਸਿਆ ਦਾ ਹੱਲ ਕਰ ਸਕਦੀ ਹੈ।

***

## ਟੇਬਲ ਟੈਨਿਸ ਦੀ ਖਿਡਾਰਨ

ਫੈਮਿਨਾ (ਜੁਲਾਈ 2018) ਤੇ ਵੋਗ ਮੈਗਜ਼ੀਨ (ਨਵੰਬਰ 2018) ਨੇ ਉਨ੍ਹਾਂ ਨੂੰ ਆਪਣੇ ਕਵਰ ਪੇਜ 'ਤੇ ਥਾਂ ਦਿੱਤੀ, ਪਰ ਉਹ ਵਿਵਾਦਾਂ ਵਿੱਚ ਵੀ ਘਿਰੀ ਰਹੀ ਹੈ, ਜਿਵੇਂ ਸਤੰਬਰ 2021 'ਚ ਮਨਿਕਾ ਬੱਤਰਾ ਨੇ ਭਾਰਤ ਦੇ ਰਾਸ਼ਟਰੀ ਕੋਚ ਸੌਮਿਆਦੀਪ ਰਾਏ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਉਲੰਪਿਕ ਕੁਆਲੀਫਾਇਰਸ (ਮਾਰਚ 2021) 'ਚ ਉਨ੍ਹਾਂ 'ਤੇ ਦਬਾਅ ਬਣਾਇਆ ਸੀ ਕਿ ਉਹ ਰਾਏ ਦੀ 'ਵਿਅਕਤੀਗਤ ਵਿਦਿਆਰਥਣ' ਤੋਂ ਮੈਚ ਹਾਰ ਜਾਵੇ।

ਖੇਡਾਂ 'ਚ ਰੋਲ ਮਾਡਲ ਦਾ ਬਹੁਤ ਮਹੱਤਵ ਹੈ। ਇਸ ਲਈ ਜਦੋਂ ਸਾਨੀਆ ਮਿਰਜ਼ਾ ਅੰਤਰਰਾਸ਼ਟਰੀ ਮੰਚਾਂ 'ਤੇ ਸਫਲ ਹੋਈ ਤਾਂ ਨਾ ਸਿਰਫ਼ ਭਾਰਤੀ ਦਰਸ਼ਕਾਂ ਦੀ ਟੈਨਿਸ 'ਚ ਦਿਲਚਸਪੀ ਵਧੀ, ਸਗੋਂ ਵੱਡੀ ਗਿਣਤੀ 'ਚ ਨੌਜਵਾਨ ਲੜਕੇ ਤੇ ਲੜਕੀਆਂ ਇਹ ਖੇਡ ਖੇਡਣ ਲੱਗੇ। ਇਹੀ ਗੱਲ ਬੈਡਮਿੰਟਨ ਦੇ ਸੰਦਰਭ 'ਚ ਸਾਇਨਾ ਨੇਹਵਾਲ ਤੇ ਪੀ.ਵੀ. ਸਿੰਧੂ ਦੇ ਬਾਰੇ 'ਚ ਕਹੀ ਜਾ ਸਕਦੀ ਹੈ। ਇਹ ਤਿੰਨੇ ਹੀ ਭਾਰਤੀ ਨੌਜਵਾਨ ਵਰਗ ਲਈ ਪ੍ਰੇਰਨਾ ਦੀਆਂ ਰਾਣੀਆਂ ਹਨ। ਇਨ੍ਹਾਂ ਲਈ ਲੋਕ ਟੀ.ਵੀ. 'ਤੇ ਟੈਨਿਸ ਤੇ ਬੈਡਮਿੰਟਨ ਦੇਖਣ ਲੱਗੇ ਹਨ, ਨਹੀਂ ਤਾਂ ਇਕ ਸਮਾਂ ਤਾਂ ਅਜਿਹਾ ਆਇਆ ਸੀ ਕਿ ਭਾਰਤ 'ਚ ਕੋਈ ਕ੍ਰਿਕਟ ਤੋਂ ਇਲਾਵਾ ਟੀ.ਵੀ. 'ਤੇ ਕੋਈ ਦੂਜੀ ਖੇਡ ਦੇਖਦਾ ਹੀ ਨਹੀਂ ਸੀ।

ਹੁਣ ਸਵਾਲ ਇਹ ਹੈ ਕਿ ਜੋ ਕੁਝ ਸਾਨੀਆ ਨੇ ਟੈਨਿਸ ਲਈ ਅਤੇ ਨੇਹਵਾਲ ਤੇ ਸਿੰਧੂ ਨੇ ਬੈਡਮਿੰਟਨ ਲਈ ਕੀਤਾ, ਕੀ ਉਹੀ ਮਨਿਕਾ ਬੱਤਰਾ ਟੇਬਲ ਟੈਨਿਸ (ਟੀ.ਟੀ.) ਲਈ ਕਰ ਰਹੀ ਹੈ? ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਬੱਤਰਾ ਭਾਰਤੀ ਟੇਬਲ ਟੈਨਿਸ ਦੀ ਨਵੀਂ ਰਾਣੀ ਹੈ ਅਤੇ ਉਹ ਜਿਸ ਪ੍ਰਤਿਭਾ ਤੇ ਸਫਲਤਾ ਦਾ ਪ੍ਰਦਰਸ਼ਨ ਕਰ ਰਹੀ ਹੈ, ਉਸ ਤੋਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਉਹ ਦੇਸ਼ 'ਚ ਟੇਬਲ ਟੈਨਿਸ ਨੂੰ ਹਰਮਨ-ਪਿਆਰਾ ਬਣਾ ਰਹੀ ਹੈ ਅਤੇ ਉਨ੍ਹਾਂ ਦੀ ਵਜ੍ਹਾ ਨਾਲ ਲੋਕ ਇਸ ਖੇਡ ਨੂੰ ਵੀ ਟੀ.ਵੀ. 'ਤੇ ਦੇਖਣ ਲੱਗੇ ਹਨ।

***

## ਹਿੰਦੂ ਰਾਸ਼ਟਰਵਾਦ ਅਤੇ ਅਖੰਡ ਭਾਰਤ

ਪ੍ਰਗਟਾਈ ਹੈ। ਵਰਨਣਯੋਗ ਹੈ ਕਿ ਅਖੰਡ ਭਾਰਤ ਦੇ ਦਮਗਜੇ ਮਾਰਨ ਵਾਲੇ ਭਾਰਤ ਦੇ ਆਗੂ ਚੀਨ ਵੱਲੋਂ ਭਾਰਤੀ ਜ਼ਮੀਨ ਦੇ ਵੱਡੇ ਹਿੱਸੇ 'ਤੇ ਕੀਤੇ ਗਏ ਕਬਜ਼ੇ 'ਤੇ ਚੁੱਪ ਹਨ।

ਅਖੰਡ ਭਾਰਤ ਦਾ ਪ੍ਰੋਜੈਕਟ ਸੰਘ ਦੇ ਦਿਮਾਗ ਦੀ ਉਪਜ ਹੈ। ਮਹਾਤਮਾ ਗਾਂਧੀ ਨੇ ਸਪੱਸ਼ਟ ਕੀਤਾ ਸੀ ਕਿ ਬਰਮਾ ਅਤੇ ਸ੍ਰੀਲੰਕਾ ਵਰਗੇ ਦੇਸ਼ਾਂ ਦੇ ਸਬੰਧ ਵਿੱਚ ਭਾਰਤ ਦੀਆਂ ਕੋਈ ਸਾਮਰਾਜਵਾਦੀ ਇੱਛਾਵਾਂ ਨਹੀਂ ਹਨ। ਭਾਰਤ ਨੇ ਆਪਣੀਆਂ ਸਰਹੱਦਾਂ ਨੂੰ ਸਵੀਕਾਰ ਕੀਤਾ ਅਤੇ ਆਪਣੇ ਗੁਆਂਢੀ ਦੇਸ਼ਾਂ ਨਾਲ ਕੂਟਨੀਤਕ ਸਬੰਧ ਸਥਾਪਿਤ ਕੀਤੇ ਹਨ। ਇਸ ਦਿਸ਼ਾ ਵਿੱਚ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ ਦੀ ਸਥਾਪਨਾ ਕੀਤੀ ਗਈ ਅਤੇ ਭਾਰਤ ਨੇ ਇਸ ਦੀਆਂ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਾਰਕ ਦੇ ਕਾਰਨ ਦੱਖਣੀ ਏਸ਼ੀਆਈ ਦੇਸ਼ਾਂ ਵਿੱਚ ਸੱਭਿਆਚਾਰ, ਸਿੱਖਿਆ ਅਤੇ ਸਿਹਤ ਵਰਗੇ ਖੇਤਰਾਂ ਵਿੱਚ ਆਪਸੀ ਸਹਿਯੋਗ ਵਧਿਆ ਅਤੇ ਅੰਦਰੂਨੀ ਸੈਰ-ਸਪਾਟਾ ਵੀ ਵਧਿਆ। ਸਾਰਕ ਦੀਆਂ ਗਤੀਵਿਧੀਆਂ ਪਿਛਲੇ ਕੁਝ ਸਾਲਾਂ ਤੋਂ ਠੱਪ ਹਨ।

ਕੀ ਅਖੰਡ ਭਾਰਤ ਦਾ ਮਤਲਬ ਇਹ ਹੈ ਕਿ ਭਾਰਤ ਇਨ੍ਹਾਂ ਦੇਸ਼ਾਂ ਉਪਰ ਕਬਜ਼ਾ ਕਰ ਲਵੇਗਾ ਅਤੇ ਫਿਰ ਦਿੱਲੀ ਵਿੱਚ ਬੈਠਾ ਬਾਦਸ਼ਾਹ ਮੋਦੀ (ਜੋ ਪਹਿਲਾਂ ਹੀ ਬਾਦਸ਼ਾਹ ਵਾਂਗ ਵਿਵਹਾਰ ਕਰ ਰਿਹਾ ਹੈ) ਇਨ੍ਹਾਂ 'ਤੇ ਰਾਜ ਕਰੇਗਾ? ਇਸ ਤਰ੍ਹਾਂ ਦਾ ਵਿਸਤਾਰਵਾਦ ਸਿਰਫ਼ ਫਾਸ਼ੀਵਾਦੀ ਰਾਸ਼ਟਰਵਾਦ 'ਤੇ ਆਧਾਰਿਤ ਦੇਸ਼ਾਂ ਨੂੰ ਹੀ ਸ਼ੋਭਾ ਦਿੰਦਾ ਹੈ। ਹਿਟਲਰ ਦੇ ਅਧੀਨ ਜਰਮਨੀ ਇਸ ਦੀ ਇੱਕ ਉਦਾਹਰਣ ਹੈ। ਰਾਮ ਮਨੋਹਰ ਲੋਹੀਆ ਅਤੇ ਹੋਰਨਾਂ ਨੇ ਭਾਰਤ ਅਤੇ ਪਾਕਿਸਤਾਨ ਦੀ ਫੈਡਰੇਸ਼ਨ ਬਣਾਉਣ ਦੀ ਗੱਲ ਕਹੀ। ਇਸ ਸੰਦਰਭ ਵਿੱਚ ਸਾਰਕ ਦਾ ਤਜਰਬਾ ਬਹੁਤ ਸਕਾਰਾਤਮਕ ਰਿਹਾ, ਪਰ ਭਾਰਤ ਵਿੱਚ ਵਧਦੀ ਫਿਰਕਾਪ੍ਰਸਤੀ ਅਤੇ ਪਾਕਿਸਤਾਨ, ਸ੍ਰੀਲੰਕਾ ਅਤੇ ਮਿਆਂਮਾਰ ਵਰਗੇ ਦੇਸ਼ਾਂ ਵਿੱਚ ਕੱਟੜਪੰਥੀ ਤਾਕਤਾਂ ਦੇ ਵਧਦੇ ਪ੍ਰਭਾਵ ਕਾਰਨ ਸਾਰਕ ਠੱਪ ਹੋ ਗਈ ਹੈ।

ਜੇਕਰ ਅਸੀਂ ਇਕਜੁੱਟ ਹੋਣਾ ਹੈ ਤਾਂ ਖੇਤਰੀ ਸਹਿਯੋਗ ਹੀ ਇੱਕੋ ਇੱਕ ਰਸਤਾ ਹੈ। ਸਾਨੂੰ ਸਰਹੱਦਾਂ ਨੂੰ ਪੁਲ ਬਣਾਉਣਾ ਹੋਵੇਗਾ। ਇਹ ਇੱਕ ਸੁਪਨੇ ਵਰਗਾ ਲੱਗ ਸਕਦਾ ਹੈ, ਪਰ ਯੂਰਪੀਅਨ ਯੂਨੀਅਨ ਇਸ ਗੱਲ ਦੀ ਇੱਕ ਉਦਾਹਰਣ ਹੈ ਕਿ ਲੰਬੇ ਸਮੇਂ ਤੋਂ ਇੱਕ ਦੂਜੇ ਨਾਲ ਲੜ ਰਹੇ ਦੇਸ਼ ਕਿਵੇਂ ਇੱਕਜੁੱਟ ਹੋ ਸਕਦੇ ਹਨ। ਅੱਜ ਸਾਰੇ ਯੂਰਪ ਵਿੱਚ ਇੱਕ ਮੁਦਰਾ ਅਤੇ ਇੱਕ ਵੀਜ਼ਾ ਹੈ। ਦੇਸ਼ਾਂ ਦੀਆਂ ਸਰਹੱਦਾਂ ਖੁੱਲ੍ਹੀਆਂ ਹਨ ਅਤੇ ਸਿੱਖਿਆ, ਸਿਹਤ, ਸੈਰ-ਸਪਾਟਾ ਅਤੇ ਲਗਭਗ ਹਰ ਹੋਰ ਖੇਤਰ ਵਿੱਚ ਯੂਰਪ ਦੇ ਦੇਸ਼ ਮਿਲ ਕੇ ਕੰਮ ਕਰ ਰਹੇ ਹਨ ਅਤੇ ਇੱਕ ਬਿਹਤਰ ਯੂਰਪ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਂ, ਪਿਛਲੇ ਕੁਝ ਸਮੇਂ ਤੋਂ ਕੁਝ ਮਹਾਂਸ਼ਕਤੀਆਂ ਦੀਆਂ ਖਾਹਿਸ਼ਾਂ ਕਾਰਨ ਸੰਸਾਰ ਵਿੱਚ ਉਥਲ-ਪੁਥਲ ਜ਼ਰੂਰ ਮਚੀ ਹੋਈ ਹੈ।

ਸਾਨੂੰ ਅਖੰਡ ਭਾਰਤ ਦੀ ਲੋੜ ਨਹੀਂ। ਸਾਨੂੰ ਖੇਤਰੀ ਸਹਿਯੋਗ ਦੀ ਲੋੜ ਹੈ ਤਾਂ ਜੋ ਦੱਖਣੀ ਏਸ਼ੀਆ ਦੇ ਦੇਸ਼ ਆਪੋ-ਆਪਣੀਆਂ ਸਰਕਾਰਾਂ ਨੂੰ ਏਕਾਧਿਕਾਰਵਾਦੀ ਰੁਝਾਨਾਂ ਤੋਂ ਮੁਕਤ ਕਰਵਾ ਕੇ ਆਮ ਆਦਮੀ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੰਮ ਕਰ ਸਕਣ। ਪਾਰਲੀਮੈਂਟ ਵਿੱਚ ਲਗੇ ਨਕਸ਼ੇ ਨੂੰ ਅਸ਼ੋਕ ਦੇ ਸਾਮਰਾਜ ਦੀਆਂ ਉੱਚੀਆਂ ਕਦਰਾਂ-ਕੀਮਤਾਂ ਦਾ ਪ੍ਰਤੀਨਿਧ ਮੰਨਿਆ ਜਾਣਾ ਚਾਹੀਦਾ ਹੈ। ਅਸ਼ੋਕ ਦਾ ਸਾਮਰਾਜ ਲੋਕ ਭਲਾਈ ਵਾਲਾ ਸੀ, ਵਿਸਤਾਰਵਾਦੀ ਨਹੀਂ ਸੀ। ਪਸਾਰਵਾਦੀ ਫਿਰਕੂ ਤਾਨਾਸ਼ਾਹਾਂ ਨੇ ਆਪਣੇ ਆਪ ਨੂੰ ਅਤੇ ਆਪਣੇ ਆਲੇ-ਦੁਆਲੇ ਦੇ ਦੇਸ਼ਾਂ ਨੂੰ ਬਰਬਾਦ ਕਰਨ ਅਤੇ ਲੱਖਾਂ ਲੋਕਾਂ ਦਾ ਖੂਨ ਵਹਾਉਣ ਤੋਂ ਇਲਾਵਾ ਕੁਝ ਵੀ ਹਾਸਲ ਨਹੀਂ ਕੀਤਾ।

***

## ਭਾਰਤ ਨਾਲ ਵਪਾਰ ਸਮਝੌਤਾ

ਯੋਧਿਆਂ ਦੀ ਸਹਾਇਤਾ ਲਈ ਬਣੀ 'ਅਨਡਿਵਾਈਡਿਡ ਇੰਡੀਅਨ ਐਕਸ-ਸਰਵਿਸਮੈੱਨਸ ਐਸੋਸੀਏਸ਼ਨ' ਚਲਾਉਣ ਤੇ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਲਈ ਸ੍ਰੀ ਢੱਟ ਦਾ ਸਨਮਾਨ ਕੀਤਾ ਗਿਆ ਹੈ। ਸ੍ਰੀ ਢੱਟ 1963 ਤੋਂ ਦੱਖਣ-ਪੱਛਮੀ ਲੰਡਨ ਦੇ ਹੰਸਲੋਅ ਵਿੱਚ ਰਹਿ ਰਹੇ ਹਨ ਤੇ ਉਹ 1921 ਵਿੱਚ ਭਾਰਤ ਵਿੱਚ ਪੈਦਾ ਹੋਏ ਸਨ। ਉਨ੍ਹਾਂ ਅੰਗਰੇਜ਼ਾਂ ਦੇ ਰਾਜ ਦੌਰਾਨ ਸਾਂਝੀਆਂ ਫ਼ੌਜਾਂ ਨਾਲ ਰਲ ਕੇ ਜੰਗ ਲੜੀ ਸੀ। ਸ੍ਰੀ ਢੱਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੋਂ ਸਨਮਾਨ ਮਿਲਣਾ ਵੱਡੇ ਮਾਣ ਵਾਲੀ ਗੱਲ ਹੈ। ਸ੍ਰੀ ਢੱਟ ਨੂੰ 1943 'ਚ ਹਵਲਦਾਰ ਮੇਜਰ ਦੇ ਅਹੁਦੇ 'ਤੇ ਤਰੱਕੀ ਮਿਲੀ ਸੀ। ਉਹ ਕੋਹਿਮਾ 'ਚ ਜਪਾਨੀ ਸੈਨਾਵਾਂ ਖ਼ਿਲਾਫ਼ ਲੜਨ ਲਈ ਸਾਂਝੀ ਫ਼ੌਜ ਦਾ ਹਿੱਸਾ ਸਨ। ਜੰਗ ਮਗਰੋਂ ਉਹ ਭਾਰਤ ਪਰਤ ਆਏ ਸਨ ਪਰ ਬਾਅਦ 'ਚ ਉਹ ਪਰਿਵਾਰ ਨਾਲ ਲੰਡਨ ਵਸ ਗਏ ਸਨ।

***

## ਕੈਲੀਫੋਰਨੀਆ 'ਚ ਯਾਤਰੀ ਰੇਲ ਗੱਡੀ

ਸੱਟਾਂ ਵੱਜੀਆਂ ਹਨ। ਵਿਭਾਗ ਨੇ ਕਿਹਾ ਹੈ ਕਿ ਕੋਸਟ ਸਟਾਰਲਾਈਟ ਟਰੇਨ ਦੇ ਬਾਕੀ ਯਾਤਰੀ ਸੁਰੱਖਿਅਤ ਹਨ। ਰੇਲ ਸੇਵਾਵਾਂ ਦੇ ਆਪਰੇਟਰ ਐਮਟਰੈਕ ਨੇ ਕਿਹਾ ਹੈ ਕਿ ਟਰੇਨ ਨੰਬਰ 14 ਲਾਸ ਏਂਜਲਸ ਤੋਂ ਸੀਆਟਲ ਜਾ ਰਹੀ ਜਦੋਂ ਸਵੇਰੇ 11.15 ਵਜੇ ਮੂਰਪਾਰਕ, ਕੈਲੀਫੋਰਨੀਆ ਵਿਖੇ ਪੱਟੜੀ ਉਪਰ ਖੜੇ ਟਰੱਕ ਨਾਲ ਟਕਰਾ ਗਈ। ਐਮਟਰੈਕ ਅਨੁਸਾਰ ਰੇਲ ਗੱਡੀ ਅੰਸ਼ਕ ਰੂਪ ਵਿਚ ਪੱਟੜੀ ਤੋਂ ਲੱਥੀ ਹੈ ਤੇ ਉਹ ਸਿੱਧੀ ਖੜੀ ਹੈ। ਐਮਟਰੈਕ ਅਨੁਸਾਰ ਰੇਲ ਗੱਡੀ ਵਿੱਚ ਕੁਲ 198 ਯਾਤਰੀ ਤੇ 13 ਅਮਲੇ ਦੇ ਮੈਂਬਰ ਸਵਾਰ ਸਨ।

***

## ਕੈਨੇਡਾ ਦੇ ਪਹਿਲੇ ਅੰਮ੍ਰਿਤਧਾਰੀ ਪੁਲਿਸ ਅਧਿਕਾਰੀ ਬਲਜੀਤ ਸਿੰਘ ਢਿੱਲੋਂ

ਮਲੇਸ਼ੀਆ ਵਿੱਚ ਵੱਡੇ ਹੋਏ ਢਿੱਲੋਂ 1983 ਵਿੱਚ 16 ਸਾਲ ਦੀ ਉਮਰ ਵਿੱਚ ਬ੍ਰਿਟਿਸ਼ ਕੋਲੰਬੀਆ ਆ ਗਏ ਸਨ। ਢਿੱਲੋਂ ਨੇ ਅਪਰਾਧ ਵਿਗਿਆਨ ਦੀ ਪੜ੍ਹਾਈ ਕੀਤੀ ਅਤੇ 1988 ਵਿੱਚ ਆਰਸੀਐਮਪੀ ਵਿੱਚ ਅਰਜ਼ੀ ਦਿੱਤੀ, ਜਿੱਥੇ ਉਸਨੇ ਉਸ ਸਮੇਂ ਦੇ ਪਹਿਰਾਵੇ ਦੇ ਕੋਡ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਦਸਤਾਰ 'ਤੇ ਪਾਬੰਦੀ ਸੀ ਅਤੇ ਕਲੀਨ ਸ਼ੇਵ ਦੀ ਲੋੜ ਸੀ। ਮਾਰਚ 1990 ਵਿੱਚ ਮਹੀਨਿਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪ੍ਰਧਾਨ ਮੰਤਰੀ ਬ੍ਰਾਇਨ ਮੁਲਰੋਨੀ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਆਰਸੀਐਮਪੀ ਡਰੈਸ ਕੋਡ ਵਿੱਚ ਕਈ ਤਬਦੀਲੀਆਂ ਦਾ ਐਲਾਨ ਕੀਤਾ, ਜਿਸ ਵਿੱਚ ਸਿੱਖਾਂ ਲਈ ਦਾੜ੍ਹੀ ਰੱਖਣ ਅਤੇ ਪੱਗ ਬੰਨ੍ਹਣ ਦੀ ਆਜ਼ਾਦੀ ਸ਼ਾਮਲ ਸੀ।

***

## ਆਰ. ਨੇਤ, ਜੱਸ ਬਾਜਵਾ, ਸ਼ਿਪਰਾ ਗੋਇਲ

ਦਰਸ਼ਕਾਂ ਦਾ ਮਨੋਰੰਜਨ ਕੀਤਾ, ਉਥੇ ਆਰ ਨੇਤ ਨੇ ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਨੇ, ਪਰ ਦੱਬਦਾ ਕਿੱਥੇ ਆ ਆਦਿ ਗੀਤ ਗਾਏ। ਅਖੀਰ ਜੱਸ ਬਾਜਵਾ ਨੇ ਆਪਣੀ ਦਿਲਕਸ਼ ਆਵਾਜ਼ ਨਾਲ ਪ੍ਰੋਗਰਾਮ ਨੂੰ ਚਰਮ ਸੀਮਾ ਤੱਕ ਪਹੁੰਚਾਇਆ। ਇਹ ਸ਼ੋਅ ਪੂਰੇ ਅਮਰੀਕਾ ਵਿੱਚ ਹਾਈਪ ਇੰਟਰਟੇਨਮੈਂਟ ਅਤੇ ਪੂਨੀਆ ਪ੍ਰੋਡਕਸ਼ਨ ਵੱਲੋਂ ਲਿਆਂਦਾ ਗਿਆ ਹੈ। ਲੱਖੀ ਪ੍ਰਮੋਟਰ ਵੀ ਪੂਰੇ ਜਾਹੋ ਜਲਾਲ ਵਿੱਚ ਨਜ਼ਰ ਆਏ।

***

## ਐਲਨ ਮਸਕ ਨੇ ਫਿਰ ਬਦਲਿਆ

ਕਰਨ ਲਈ ਗਾਹਕੀ ਦੇ ਤਹਿਤ ਭੁਗਤਾਨ ਕਰਨਾ ਹੋਵੇਗਾ। ਟਵਿੱਟਰ ਇਸ ਸਮੇਂ ਖਾਤੇ ਦੀ ਪੁਸ਼ਟੀ ਕਰਨ ਲਈ 650 ਰੁਪਏ ਮਹੀਨਾ ਜਾਂ 6,800 ਰੁਪਏ ਸਾਲਾਨਾ ਚਾਰਜ ਕਰਦਾ ਹੈ।

ਟਵੀਟਡੈੱਕ ਐਕਸੈੱਸ ਦੇ ਜ਼ਰੀਏ ਸਮੱਗਰੀ ਜਾਂ ਕੰਟੈਂਟ ਦੀ ਆਸਾਨੀ ਨਾਲ ਨਿਗਰਾਨੀ ਦੀ ਸਹੂਲਤ ਮਿਲਦੀ ਹੈ ਤੇ ਕੰਪਨੀਆਂ ਅਤੇ ਨਿਊਜ਼ ਸੰਸਥਾਵਾਂ ਦੁਆਰਾ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ। ਟਵੀਟਡੈੱਕ ਐਕਸੈੱਸ ਦੇ ਵੈਰੀਫਿਕੇਸ਼ਨ ਅਕਾਊਂਟ ਦੇ ਜ਼ਰੂਰੀ ਕਰਨਾ ਨਾਲ ਟਵਿੱਟਰ ਦੀ ਆਮਦਨ ਵਧਣ ਦੀ ਸੰਭਾਵਨਾ ਹੈ। ਇਹ ਕਦਮ ਮਸਕ ਦੇ ਬਿਆਨ ਤੋਂ ਕੁਝ ਦਿਨਾਂ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਵੈਰੀਫਾਈ ਅਤੇ ਅਨਵੈਰੀਫਾਈ ਯੂਜ਼ਰਸ ਕੋਲ ਡੇਟਾ ਸਕ੍ਰੈਪਿੰਗ ਅਤੇ ਸਿਸਟਮ 'ਚ ਹੇਰਾਫੇਰੀ ਤੋਂ ਬਚਣ ਲਈ ਪ੍ਰਤੀ ਦਿਨ ਪੜ੍ਹੇ ਜਾਣ ਵਾਲੇ ਟਵੀਟਜ਼ ਦੀ ਗਿਣਤੀ ਨੂੰ ਸੀਮਤ ਕਰਨ ਦਾ ਫ਼ੈਸਲਾ ਲਿਆ ਗਿਆ ਸੀ।

## ਅਮਰੀਕਾ ਦੇ ਫਿਲਾਡੇਲਫੀਆ 'ਚ ਗੋਲੀਬਾਰੀ

ਪਾਰਟੀ ਦੌਰਾਨ ਹਮਲਾਵਰ ਨੇ ਅੰਨ੍ਹੇਵਾਹ ਗੋਲੀਬਾਰੀ ਕੀਤੀ। ਇਸ ਘਟਨਾ 'ਚ ਇਕ ਔਰਤ ਸਮੇਤ 5 ਲੋਕਾਂ ਨੂੰ ਗੋਲੀਆਂ ਲੱਗੀਆਂ, ਜਿਨ੍ਹਾਂ 'ਚੋਂ 3 ਦੀ ਮੌਤ ਹੋ ਗਈ।

3. 4 ਜੁਲਾਈ 2022 ਨੂੰ ਅਮਰੀਕਾ ਵਿੱਚ 246ਵਾਂ ਸੁਤੰਤਰਤਾ ਦਿਵਸ ਮਨਾਇਆ ਜਾ ਰਿਹਾ ਸੀ। ਇਸ ਦੌਰਾਨ ਸ਼ਿਕਾਗੋ, ਇਲੀਨੋਇਸ ਦੇ ਹਾਈਲੈਂਡ ਪਾਰਕ ਵਿਖੇ ਪਰੇਡ ਦਾ ਆਯੋਜਨ ਕੀਤਾ ਗਿਆ। ਇੱਥੇ ਅਚਾਨਕ ਗੋਲੀਬਾਰੀ ਸ਼ੁਰੂ ਹੋ ਗਈ, ਜਿਸ ਵਿੱਚ 6 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਅਗਲੇ ਹੀ ਦਿਨ 5 ਜੁਲਾਈ ਨੂੰ ਇੰਡੀਆਨਾ ਦੇ ਬਰੋਡੀਆਨਾ ਦੇ ਗੈਰੀ ਇਲਾਕੇ 'ਚ ਗੋਲੀਬਾਰੀ ਕਾਰਨ 3 ਲੋਕਾਂ ਦੀ ਜਾਨ ਚਲੀ ਗਈ ਸੀ।

4. 1 ਜੂਨ, 2022 ਨੂੰ ਤੁਲਸਾ, ਓਕਲਾਹੋਮਾ ਵਿੱਚ, ਇੱਕ ਵਿਅਕਤੀ ਹਸਪਤਾਲ ਦੀ ਇਮਾਰਤ ਵਿੱਚ ਦਾਖਲ ਹੋਇਆ ਅਤੇ ਤੇਜ਼ੀ ਨਾਲ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਘਟਨਾ 'ਚ 4 ਲੋਕਾਂ ਦੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਨੇ ਖ਼ੁਦਕੁਸ਼ੀ ਵੀ ਕਰ ਲਈ।

5. ਸਭ ਤੋਂ ਖ਼ਤਰਨਾਕ ਘਟਨਾ 15 ਮਈ 2022 ਨੂੰ ਅਮਰੀਕਾ ਦੇ ਟੈਕਸਾਸ ਵਿੱਚ ਸਾਹਮਣੇ ਆਈ ਸੀ। ਜਦੋਂ ਇੱਕ 18 ਸਾਲ ਦੇ ਲੜਕੇ ਨੇ ਉਵਾਲਡੇ ਸ਼ਹਿਰ ਵਿੱਚ ਸਕੂਲ ਵਿੱਚ ਦਾਖਲ ਹੋ ਕੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ 19 ਵਿਦਿਆਰਥੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ। ਇਸ ਹਮਲੇ ਵਿੱਚ 3 ਅਧਿਆਪਕਾਂ ਦੀ ਵੀ ਮੌਤ ਹੋ ਗਈ ਸੀ।

## ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨ

ਇਤਿਹਾਸਿਕ ਘਟਨਾ ਹੈ। ਜੇ ਸਾਡੇ ਆਗੂ ਵੀ ਇਸ ਪਾਸੇ ਧਿਆਨ ਦੇਣ ਤਾਂ ਆਉਣ ਵਾਲੇ ਸਮੇਂ 'ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪ੍ਰਚਾਰਕਾਂ, ਆਗੂਆਂ ਅਤੇ ਵਿਸ਼ੇਸ਼ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ।

## ਕੀ ਮੁੜ ਸ਼ੁਰੂ ਹੋਵੇਗਾ ਹਾਕੀ ਦਾ

ਪੱਧਰ 'ਤੇ ਫੈਲਿਆ ਅਤੇ ਵਿਸ਼ਵ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ। ਖੇਡ ਨੂੰ ਨਿਯੰਤਰਿਤ ਕਰਨ ਅਤੇ ਇਸਦੇ ਨਿਯਮਾਂ ਨੂੰ ਮਿਆਰੀ ਬਣਾਉਣ ਲਈ, ਲੰਡਨ ਹਾਕੀ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ ਸੀ। ਬਾਅਦ ਵਿੱਚ, ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ (1924 ਵਿੱਚ) ਅਤੇ ਅੰਤਰਰਾਸ਼ਟਰੀ ਮਹਿਲਾ ਹਾਕੀ ਫੈਡਰੇਸ਼ਨ ਦਾ ਗਠਨ ਕੀਤਾ ਗਿਆ।

ਭਾਰਤ ਵਿੱਚ ਪਹਿਲਾ ਹਾਕੀ ਕਲੱਬ ਕਲਕੱਤਾ (1885-86) ਵਿੱਚ ਬਣਾਇਆ ਗਿਆ ਸੀ। ਭਾਰਤੀ ਖਿਡਾਰੀਆਂ ਨੇ 1928 ਵਿੱਚ ਐਮਸਟਰਡਮ ਵਿੱਚ ਆਪਣੀ ਸਫਲ ਉਲੰਪਿਕ ਸ਼ੁਰੂਆਤ ਕੀਤੀ, ਜਿੱਥੇ ਉਨ੍ਹਾਂ ਨੇ ਹਾਕੀ ਵਿੱਚ ਸੋਨ ਤਮਗਾ ਜਿੱਤਿਆ। ਅਜਿਹਾ ਧਿਆਨ ਚੰਦ ਨਾਮਕ ਭਾਰਤੀ ਹਾਕੀ ਖਿਡਾਰੀ ਦੇ ਕਾਰਨ ਹੋਇਆ। ਉਸਨੇ ਅਸਲ ਵਿੱਚ ਐਮਸਟਰਡਮ ਦੀ ਭੀੜ ਦੇ ਸਾਹਮਣੇ ਸਾਰੇ ਭਾਰਤੀਆਂ ਨੂੰ ਮਨਮੋਹਕ ਕਰ ਦਿੱਤਾ। ਭਾਰਤ ਨੇ ਹਾਕੀ ਦੇ ਆਪਣੇ ਸੁਨਹਿਰੀ ਦੌਰ ਦੌਰਾਨ ਛੇ ਉਲੰਪਿਕ ਸੋਨ ਤਗਮੇ ਅਤੇ ਲਗਾਤਾਰ 24 ਹਾਕੀ ਮੈਚ ਜਿੱਤੇ। ਧਿਆਨ ਚੰਦ, ਬਲਬੀਰ ਸਿੰਘ, ਅਜੀਤਪਾਲ ਸਿੰਘ, ਅਸ਼ੋਕ ਕੁਮਾਰ, ਊਧਮ ਸਿੰਘ, ਧਨਰਾਜ ਪਿੱਲੈ, ਬਾਬੂ ਨਿਮਲ, ਮੁਹੰਮਦ ਸ਼ਾਹਿਦ, ਗਗਨ ਅਜੀਤ ਸਿੰਘ, ਲੈਸਲੀ ਕਲੌਡੀਅਸ ਆਦਿ ਹਾਕੀ ਦੇ ਸੁਨਹਿਰੀ ਯੁੱਗ ਦੇ ਕੁਝ ਉੱਘੇ ਖਿਡਾਰੀ ਸਨ।

ਹਾਕੀ ਭਾਰਤ ਦੀ ਰਾਸ਼ਟਰੀ ਖੇਡ ਮੰਨੀ ਜਾਂਦੀ ਹੈ। ਹਾਲਾਂਕਿ ਇਸ ਦਾ ਅਜੇ ਕੋਈ ਅਧਿਕਾਰਤ ਐਲਾਨ ਨਹੀਂ ਹੋਇਆ ਹੈ। ਹੁਣ ਹਾਕੀ ਦੇ ਸੁਨਹਿਰੀ ਯੁੱਗ ਨੂੰ ਵਾਪਸ ਲਿਆਉਣਾ ਅਤੇ ਇਸ ਨੂੰ ਅਧਿਕਾਰਤ ਤੌਰ 'ਤੇ ਰਾਸ਼ਟਰੀ ਖੇਡ ਘੋਸ਼ਿਤ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਸ ਲਈ ਅਧਿਆਪਕਾਂ, ਮਾਪਿਆਂ ਅਤੇ ਸਰਕਾਰ ਵੱਲੋਂ ਬੱਚਿਆਂ ਨੂੰ ਸਕੂਲ ਸਮੇਂ ਤੋਂ ਹੀ ਸਾਰੀਆਂ ਸਹੂਲਤਾਂ ਦੇ ਕੇ ਉੱਚ ਪੱਧਰ 'ਤੇ ਤਰੱਕੀ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

***

## ਸਿਹਤ, ਦੌਲਤ ਅਤੇ ਰਾਸ਼ਟਰ

ਖੇਡਾਂ ਉੱਜਵਲ ਪੇਸ਼ੇਵਰ ਕਰੀਅਰ ਰੱਖਦੀਆਂ ਹਨ। ਇਸ ਲਈ, ਇਸ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਉਨ੍ਹਾਂ ਨੂੰ ਇਸ ਰੁਚੀ ਨੂੰ ਪੂਰੀ ਲਗਨ ਨਾਲ ਨਿਯਮਤ ਰੱਖਣ ਦੀ ਲੋੜ ਹੈ। ਇਹ ਹਰੇਕ ਨੂੰ ਟੀਮ ਦੇ ਸਹਿਯੋਗ ਅਤੇ ਟੀਮ ਨਿਰਮਾਣ ਦੀ ਭਾਵਨਾ ਨੂੰ ਵਿਕਸਿਤ ਕਰਕੇ ਇੱਕ ਟੀਮ ਵਿੱਚ ਕੰਮ ਕਰਨਾ ਸਿਖਾਉਂਦਾਹੈ। ਖੇਡਾਂ ਵੱਲ ਵਧੇਰੇ ਝੁਕਾਅ ਇੱਕ ਵਿਅਕਤੀ ਅਤੇ ਇੱਕ ਰਾਸ਼ਟਰ ਦੋਵਾਂ ਨੂੰ ਆਰਥਿਕ ਤੌਰ 'ਤੇ ਸਿਹਤਮੰਦ ਅਤੇ ਮਜ਼ਬੂਤ ਬਣਾਉਂਦਾਹੈ। ਇਸ ਲਈ ਮਾਤਾ-ਪਿਤਾ, ਅਧਿਆਪਕਾਂ ਅਤੇ ਦੇਸ਼ ਦੀ ਸਰਕਾਰ ਨੂੰ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।ਇੱਕ ਰਾਸ਼ਟਰ, ਜਿਸ ਵਿੱਚ ਵਧੇਰੇ ਪ੍ਰਸਿੱਧ ਖੇਡ ਸ਼ਖਸੀਅਤਾਂ ਹੋਣ ਉਹ ਬਹੁਤ ਹੀ ਆਸਾਨੀ ਨਾਲ ਥੋੜ੍ਹੇ ਸਮੇਂ ਵਿੱਚ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਵਾਧੂ ਯਤਨ ਦੀ ਲੋੜ ਨਹੀਂ ਹੈ। ਉਹ ਪਹਿਲਾਂ ਤੋਂ ਹੀ ਮਸ਼ਹੂਰ ਖੇਡ ਹਸਤੀਆਂ ਨੂੰ ਦੇਖ ਕੇ ਬਹੁਤ ਆਸਾਨੀ ਨਾਲ ਪ੍ਰੇਰਿਤ ਹੋ ਜਾਂਦੇ ਹਨ। ਅਜਿਹੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਕਰੀਅਰ ਬਣਾਉਣ ਦੇ ਵਧੇਰੇ ਮੌਕੇ ਮਿਲਦੇ ਹਨ। ਨਾਮੀ ਖਿਡਾਰੀ ਵੀ ਆਪਣੇ ਦੇਸ਼ ਦੇ ਆਉਣ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ।

***

## ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ

ਹੋਏ ਪ੍ਰਾਹੁਣੇ ਦੀ ਚਾਲ ਖੁਸ਼ੀ ਵਿੱਚ ਆਵਾਂਗਾ। ਹਰਜਾਪ ਟਿਵਾਣਾ ਵੀ ਦੀਦਾਰ ਸੰਧੂ ਦਾ ਬਹੁਤ ਵਧੀਆ ਮਿੱਤਰ ਅਤੇ ਗੀਤਕਾਰ ਹੋਇਆ ਹੈ। ਇਕ ਦਿਨ ਮੇਰੇ ਮਨ ਵਿੱਚ ਖਿਆਲ ਆਇਆ ਉਸ ਨੂੰ ਮਿਲਿਆ ਜਾਵੇ ਮੈਂ ਉਸ ਨੂੰ ਮਿਲਣ ਵਾਸਤੇ ਨਾਭੇ ਕੋਲ ਜਿੰਦਲਪੁਰ ਪਿੰਡ ਚਲਿਆ ਗਿਆ। ਉਸ ਨੇ ਦੱਸਿਆ ਦੀਦਾਰ ਸੰਧੂ ਕਿਹਾ ਕਰਦਾ ਸੀ ਗੀਤ ਦੀਆਂ ਲਾਈਨਾਂ ਛੋਟੀਆਂ ਹੋਣ ਅਰਥ ਜਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਜਿਸ ਤਰਾਂ ਹਰਜਾਪ ਟਿਵਾਣੇ ਦਾ ਲਿਖਿਆ ਗੀਤ-

ਥੋੜੇ ਪਿੰਡ ਕਿਹੋ ਜਿਹੀਆਂ ਬੁੜੀਆਂ
ਜੰਮਣ ਮੁੰਡੇ ਛੱਡ ਕੇ ਕੁੜੀਆਂ

ਦੀਦਾਰ ਸੰਧੂ ਨੇ ਹਰਜਾਪ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ। ਇਕ ਗੀਤ ਹਰਜਾਪ ਟਿਵਾਣੇ ਦਾ ਲਿਖਿਆ ਅਤੇ ਦੀਦਾਰ ਸੰਧੂ ਦਾ ਗਾਇਆ-

ਹਾਰੀ ਮੈਂ ਕਹਿ ਕਹਿ ਹਾਰੀ
ਵਿੱਚ ਇਕ ਅੰਤਰਾ ਹੈ
o--ਮਰ ਗਿਆ ਉਹ ਕੁੜਮ ਕਬੀਲਾ
ਜੀਨੇ ਤੇਰੇ ਅਨੰਦ ਭੜਾਏ
ਤੇਰੀ ਹਰ ਗੱਲ ਟਪਾਉਂਦੇ
ਮਰ ਗਏ ਤੇਰੇ ਚਾਚੇ ਤਾਏ
ਕੱਢਿਆ ਨਿਚੋੜ ਮੇਰੇ ਵੱਡੇ ਵੀਰ ਨੇ
ਤੁਰੀ ਜਦੋਂ ਗੱਡੀ ਖੱੜੇ ਪਾਉਣ ਕੀਰਨੇ

ਇਸ ਗੀਤ ਵਿੱਚ ਹਰਜਾਪ ਟਿਵਾਣਾ ਦੱਸਦਾ ਹੈ ਵਿਆਹ ਵੇਲੇ ਜਦੋਂ ਲੜਕੀ ਨੂੰ ਵਿਦਾ ਕਰਦੇ ਹਨ ਉਸ ਵੇਲੇ ਲੜਕੇ ਦਾ ਵੱਡਾ ਭਰਾ ਬਿਲਕੁਲ ਵਿਹਲਾ ਖੜ੍ਹਾ ਆਲੇ ਦੁਆਲੇ ਵੇਖਦਾ ਰਹਿੰਦਾ ਹੈ। ਉਹ ਤੈਨੂੰ ਵਿਦਾ ਹੁੰਦੀ ਨੂੰ ਵੀ ਵੇਖ ਰਿਹਾ ਸੀ ਤੇਰੇ ਮਾਂ ਪਿਓ ਉੱਚੀ ਉੱਚੀ ਰੋ ਰੋ ਕੀਰਨੇ ਪਾ ਰਹੇ ਸਨ। ਇਥੇ ਆ ਕੇ ਵੀ ਤੇਰੀ ਹਰ ਗੱਲ ਟਪਾਉਂਦੇ ਰਹੇ ਹਨ ਇਹ ਸਾਰੀਆ ਗੱਲਾ ਦਾ ਨਿਚੋੜ ਮੇਰੇ ਵੱਡੇ ਵੀਰ ਨੇ ਕੱਢਿਆ ਹੈ।

ਦੀਦਾਰ ਸੰਧੂ ਦੇ ਲਿਖੇ ਗੀਤ ਮਹੁੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸੰਦੇਸ਼ ਕਪੂਰ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ, ਬੀਰ ਚੰਦ ਗੋਪੀ, ਨਰਿੰਦਰ ਬੀਬਾ,ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ।

ਦੀਦਾਰ ਸੰਧੂ ਨੇ ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸ਼ੁਸ਼ਮਾ ਆਦਿ ਨਾਲ ਗਾਇਆ।

ਦੀਦਾਰ ਸੰਧੂ ਬਿੰਬਾ ਵਿਚ ਲਿਖਦਾ ਸੀ ਲਿਖਣ ਵੇਲੇ ਇਸ ਤਰਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ ਸੁਣਨ ਵਾਲੇ ਨੂੰ ਇਸ ਤਰਾਂ ਲਗਦਾ ਜੋ ਹੋ ਰਿਹਾ ਹੈ ਸਾਹਮਣੇ ਹੀ ਹੋ ਰਿਹਾ ਹੈ। ਜਿਸ ਤਰਾਂ-

o ਮੇਰਾ ਉਡੇ ਡੋਰੀਆ ਮਹਿਲਾਂ ਵਾਲੇ ਘਰ ਵੇ
o ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ
o ਚੰਨ ਹੋ ਬੱਦਲਾਂ ਦੇ ਉਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ ਅੰਬਰ ਤੇ ਸੁਟ ਸਕਾਵੇ
o ਮੂੰਹ ਨ੍ਹੇਰੇ ਵਿੱਚ ਫਿਰਦੀ ਦੀ ਏਦਾ ਰੁਸ਼ਨਾਈ ਹੁੰਦੀ ਏ
ਜਿਵੇਂ ਕਿਸੇ ਨੇ ਆਲੇ ਦੇ ਵਿੱਚ ਜੋਤ ਜਗਾਈ ਹੁੰਦੀ ਏ

ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ ਇਸ ਨੇ 'ਗਭਰੂ ਪੰਜਾਬ ਦਾ' ਫ਼ਿਲਮ ਵਿੱਚ ਅਮਰਨੂਰੀ ਨਾਲ ਬੋਲੀਆਂ ਪਾਈਆਂ ਸਨ। ਦੀਦਾਰ ਸੰਧੂ 16 ਫ਼ਰਵਰੀ 1991 ਨੂੰ ਇਸ ਦੁਨੀਆਂ ਤੇ ਗੀਤਕਾਰੀ ਅਤੇ ਗਾਇਕੀ ਦੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ।

***

## ਭਾਰਤ 'ਚ ਰਸਾਇਣਕ ਖਾਦਾਂ ਦੀ

**ਅਸਾਮ ਸਰਕਾਰ ਦੀਆਂ ਪਹਿਲਕਦਮੀਆਂ** : ਹੁਣ ਅਸਾਮ ਸਰਕਾਰ ਨੇ ਖਤਰਨਾਕ ਰਸਾਇਣਕ ਖਾਦਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੀ ਪਹਿਲ ਕੀਤੀ ਹੈ। ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਨੇ ਕਿਹਾ ਹੈ ਕਿ ਉਹ ਖਾਦ ਦੀ ਜ਼ਿਆਦਾ ਵਰਤੋਂ ਨੂੰ ਖਤਮ ਕਰਨਗੇ। ਜੈਵਿਕ ਖੇਤੀ ਦੇ ਫਾਇਦੇ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਪਰ ਇੰਨੀ ਨਹੀਂ ਕਿ ਹਰ ਚੀਜ਼ ਜ਼ਹਿਰੀਲੀ ਹੋ ਜਾਵੇ।

ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਨੇ ਭਾਜਪਾ ਦੇ ਉਨ੍ਹਾਂ ਚੋਣ ਵਾਅਦਿਆਂ ਨੂੰ ਵੀ ਯਾਦ ਕਰਵਾਇਆ, ਜਿਨ੍ਹਾਂ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਨੂੰ ਖਤਮ ਕਰਨ ਦੀ ਗੱਲ ਕਹੀ ਗਈ ਸੀ। ਉਨ੍ਹਾਂ ਦਾ ਤਰਕ ਹੈ ਕਿ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਦਿਲ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਵਰਗੀਆਂ ਕਈ ਘਾਤਕ ਬਿਮਾਰੀਆਂ ਵੱਧ ਜਾਂਦੀਆਂ ਹਨ। ਉਨ੍ਹਾਂ ਨੇ ਰਾਜਧਾਨੀ ਗੁਹਾਟੀ ਵਿੱਚ ਇੱਕ ਪ੍ਰੋਗਰਾਮ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਅਸਾਮ ਵਿੱਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਸੁਝਾਅ ਦਿੱਤਾ ਸੀ। ਪਰ ਖਾਦ ਜੇਹਾਦ ਦਾ ਨਾਂ ਦੇਣ ਕਾਰਨ ਹਿਮੰਤ ਬਿਸਵਾ ਦੇ ਫੈਸਲੇ 'ਤੇ ਵੀ ਵਿਵਾਦ ਹੋ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਦਰੰਗ ਸਮੇਤ ਸੂਬੇ ਦੇ ਉਹ ਖੇਤਰ ਜਿੱਥੇ ਵੱਡੀ ਪੱਧਰ 'ਤੇ ਸਾਗ ਅਤੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਉਥੇ ਮੁਸਲਿਮ ਬਹੁਗਿਣਤੀ ਵਿੱਚ ਰਹਿੰਦੇ ਹਨ।

ਅਖਿਲ ਅਸਾਮ ਘੱਟ ਗਿਣਤੀ ਵਿਦਿਆਰਥੀ ਸੰਘ ਦੇ ਪ੍ਰਧਾਨ ਰਜ਼ੌਲ ਕਰੀਮ ਸਰਕਾਰ ਨੇ ਮੁੱਖ ਮੰਤਰੀ ਦੇ ਬਿਆਨ ਨੂੰ ਸਿਆਸੀ ਕਰਾਰ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁੱਖ ਮੰਤਰੀ ਦੀ ਸਿਆਸੀ ਖੇਡ ਹੈ। ਉਹ ਜਾਣਦੇ ਹਨ ਕਿ ਮੁਸਲਿਮ ਵਰਗ ਨੂੰ ਨਿਸ਼ਾਨਾ ਬਣਾਉਣ ਕਾਰਣ ਸਿਆਸਤ ਵਿੱਚ ਉਨ੍ਹਾਂ ਦਾ ਆਧਾਰ ਮਜ਼ਬੂਤ ਹੋ ਸਕਦਾ ਹੈ।

***

## ਫ਼ਿਲਮਾਂ ਦਾ ਸਮਾਜ 'ਤੇ ਪੈ ਰਿਹੈ ਗੂੜਾ ਪ੍ਰਭਾਵ

ਪੇਸ਼ ਕੀਤਾ। ਪਹਿਲਾ ਸਿਨੇਮਾ ਲੰਡਨ ਵਿੱਚ ਕੁਮਾਰ ਨਾਮ ਦੇ ਇੱਕ ਵਿਗਿਆਨੀ ਦੁਆਰਾ ਦਿਖਾਇਆ ਗਿਆ ਸੀ। ਦਾਦਾ ਸਾਹਿਬ ਫਾਲਕੇ ਦੁਆਰਾ 1913 ਵਿੱਚ ਭਾਰਤ ਵਿੱਚ ਫ਼ਿਲਮ ਨੂੰ ਬਣਾਇਆ ਗਿਆ ਸੀ, ਜਿਸਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਸੀ। ਫਿਰ ਇਸ ਤੋਂ ਬਾਅਦ ਕਈ ਫਿਲਮਾਂ ਬਣੀਆਂ ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਿਨੇਮਾ ਦੀ ਮਹੱਤਤਾ ਦੇ ਮਾਮਲੇ ਵਿੱਚ ਭਾਰਤ ਦਾ ਸਥਾਨ ਦੁਨੀਆ ਵਿੱਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ।

ਅੱਜ ਦੇ ਸਮੇਂ ਵਿੱਚ ਮਨੁੱਖ ਆਪਣੀ ਜ਼ਿੰਦਗੀ ਵਿੱਚ ਇੰਨਾ ਵਿਅਸਤ ਹੋ ਗਿਆ ਹੈ ਕਿ ਉਸ ਦੀਆਂ ਲੋੜਾਂ ਵੀ ਬਹੁਤ ਵਧ ਗਈਆਂ ਹਨ। ਰੁਝੇਵਿਆਂ ਕਾਰਨ ਮਨੁੱਖ ਕੋਲ ਮਨੋਰੰਜਨ ਲਈ ਬਿਲਕੁਲ ਵੀ ਸਮਾਂ ਨਹੀਂ ਹੈ। ਹਰ ਕੋਈ ਜਾਣਦਾ ਹੈ ਕਿ ਮਨੁੱਖ ਬਿਨਾਂ ਭੋਜਨ ਦੇ ਕੁਝ ਸਮੇਂ ਲਈ ਸਿਹਤਮੰਦ ਰਹਿ ਸਕਦਾ ਹੈ। ਪਰ ਮਨੋਰੰਜਨ ਤੋਂ ਬਿਨਾਂ ਵਿਅਕਤੀ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਿਲਕੁਲ ਵੀ ਤੰਦਰੁਸਤ ਨਹੀਂ ਰੱਖ ਸਕਦਾ। ਸਿਨੇਮਾ ਮਨੁੱਖ ਦੀ ਬਹੁਤ ਜ਼ਰੂਰੀ ਲੋੜ ਨੂੰ ਪੂਰਾ ਕਰਦਾ ਹੈ। ਮਨੁੱਖੀ ਜੀਵਨ ਦੀ ਉਦਾਸੀਨਤਾ ਅਤੇ ਤਨਾਅ ਨੂੰ ਦੂਰ ਕਰਕੇ ਉਸ ਦੇ ਅੰਦਰਲੀ ਤਾਜ਼ਗੀ ਅਤੇ ਦਿਨ ਭਰ ਦੀ ਥਕਾਵਟ ਨੂੰ ਵੀ ਦੂਰ ਕਰਦਾ ਹੈ।

ਭਾਰਤ ਵਿੱਚ, ਫਿਲਮ ਜਗਤ ਨੂੰ ਵੀ ਇੱਕ ਉਦਯੋਗ ਦਾ ਦਰਜਾ ਪ੍ਰਾਪਤ ਹੈ। ਸਿਨੇਮਾ ਇੱਕ ਵਿਅਕਤੀ ਲਈ ਪੈਸਾ ਕਮਾਉਣ ਦਾ ਇੱਕ ਬਹੁਤ ਵਧੀਆ ਸਾਧਨ ਹੈ। ਸਿਨੇਮਾ ਦੇ ਨਿਰਮਾਣ ਤੋਂ ਲੈ ਕੇ ਇਸ ਦੇ ਵਰਣਨ ਅਤੇ ਪ੍ਰਦਰਸ਼ਨ ਤੱਕ ਹਰ ਪਾਸੇ ਵਪਾਰਕਤਾ ਦਾ ਨਾਮ ਦੇਖਣ ਨੂੰ ਮਿਲਿਆ ਹੈ। ਸਿਨੇਮਾ ਹਾਲਾਂ ਵਿੱਚ ਵਪਾਰਕ ਇਸ਼ਤਿਹਾਰ ਵੀ ਬਹੁਤ ਦਿਖਾਏ ਜਾਂਦੇ ਹਨ ਕਿਉਂਕਿ ਜਦੋਂ ਵੱਡੀ ਗਿਣਤੀ ਵਿੱਚ ਲੋਕ ਫਿਲਮਾਂ ਦੇਖਣ ਲਈ ਸਿਨੇਮਾ ਘਰਾਂ ਵਿੱਚ ਪਹੁੰਚਦੇ ਹਨ। ਇਸ ਕਾਰਨ ਸਾਰੇ ਲੋਕਾਂ ਨੂੰ ਦਿਖਾਏ ਜਾਣ ਵਾਲੇ ਵਪਾਰਕ ਇਸ਼ਤਿਹਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਵਪਾਰੀ ਆਪਣੇ ਇਸ਼ਤਿਹਾਰ ਦੇ ਕੇ ਆਪਣਾ ਕਾਰੋਬਾਰ ਵਧਾਉਣ ਵਿਚ ਕਾਮਯਾਬ ਹੋ ਰਹੇ ਹਨ।ਜਿੱਥੇ ਸਿਨੇਮਾ ਰਾਹੀਂ ਲੋਕਾਂ ਨੂੰ ਲਾਭ ਮਿਲਦਾ ਹੈ, ਉੱਥੇ ਹੀ ਸਿਨੇਮਾ ਰਾਹੀਂ ਕਈ ਨੁਕਸਾਨ ਵੀ ਦੇਖਣ ਨੂੰ ਮਿਲਦੇ ਹਨ। ਜਦੋਂ ਅਸੀਂ ਸਿਨੇਮਾ ਦੇਖਦੇ ਹਾਂ ਤਾਂ ਇਹ ਸਿਹਤ ਦੇ ਲਿਹਾਜ਼ ਨਾਲ ਅੱਖਾਂ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸ ਕਾਰਨ ਵਿਅਕਤੀ ਦੀਆਂ ਅੱਖਾਂ ਦੀ ਰੋਸ਼ਨੀ ਖਰਾਬ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਪੈਸਾ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਹਨ। ਇਸ ਤੋਂ ਇਲਾਵਾ ਸਿਨੇਮਾ ਵਿੱਚ ਅਸ਼ਲੀਲ ਅਤੇ ਸਸਤੀਆਂ ਸਨਸਨੀਖੇਜ਼ ਤਸਵੀਰਾਂ ਦੇਖਣ ਨਾਲ ਵੀ ਆਪਣੇ ਹੀ ਕਿਰਦਾਰ ਨੂੰ ਨੁਕਸਾਨ ਪਹੁੰਚਦਾ ਹੈ।

ਬਦਕਿਸਮਤੀ ਨਾਲ ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਹੈ ਕਿ ਅੱਜ ਸਿਨੇਮਾ ਦਾ ਪ੍ਰਭਾਵ ਮਨੁੱਖੀ ਜੀਵਨ ਵਿੱਚ ਬਹੁਤ ਗਲਤ ਹੋ ਗਿਆ ਹੈ। ਇਸ ਕਰਕੇ ਬਹੁਤ ਹੀ ਗਲਤ ਗੱਲਾਂ ਜਿਵੇਂ ਅਸ਼ਲੀਲ ਤਸਵੀਰਾਂ, ਡਾਇਲਾਗ ਅਤੇ ਗੰਦੇ ਗੀਤ ਆਦਿ, ਜੋ ਮਨੁੱਖ ਦੇ ਅੰਦਰ ਸੰਵੇਦਨਾ ਪੈਦਾ ਕਰਦੇ ਹਨ ਅਤੇ ਜੋ ਵੀ ਸਮਾਜ ਵਿਰੋਧੀ ਦ੍ਰਿਸ਼ ਜਿਵੇਂ ਕਿ ਧੋਖਾਧੜੀ, ਫੈਸ਼ਨ, ਸ਼ਰਾਬ, ਜੂਆ, ਲੜਾਈ, ਹਿੰਸਾ, ਅਗਵਾ, ਬਲਾਤਕਾਰ, ਤਸਕਰੀ, ਲੁੱਟ ਆਦਿ ਭਾਰਤੀ ਸਿਨੇਮਾ ਰਾਹੀਂ ਕੀਤੀ ਜਾਂਦੀ ਹੈ, ਇਸ ਵਿੱਚ ਦਿਖਾਇਆ ਗਿਆ ਹੈ। ਜਵਾਨੀ, ਬੱਚੇ ਸਭ ਇਨ੍ਹਾਂ ਸਾਰਿਆਂ ਤੋਂ ਅਨੁਸ਼ਾਸਨਹੀਣ ਹੋ ਗਏ ਹਨ।

ਅੱਜ ਦੇ ਨੌਜਵਾਨਾਂ ਦੀ ਮੰਗ ਹੈ ਕਿ ਉਹ ਆਪਣੇ ਦੇਸ਼ ਦੀ ਸੱਭਿਅਤਾ ਅਤੇ ਸ਼ਾਨਦਾਰ ਪਰੰਪਰਾ ਨੂੰ ਸਿਨੇਮਾ ਰਾਹੀਂ ਦਰਸ਼ਕਾਂ ਨੂੰ ਦਿਖਾਉਣ। ਚੰਗੀਆਂ ਤਸਵੀਰਾਂ ਬਣਾ ਕੇ ਉਨ੍ਹਾਂ ਵਿਚ ਭਾਰਤੀ ਸੰਸਕ੍ਰਿਤੀ, ਸਮਾਜਵਾਦ ਅਤੇ ਨੈਤਿਕ ਪਰੰਪਰਾਵਾਂ ਨੂੰ ਦਰਸਾਇਆ ਜਾਣਾ ਚਾਹੀਦਾ ਹੈ। ਜਿਸ ਨਾਲ ਸਰੋਤਿਆਂ ਦੇ ਮਨ ਵਿੱਚ ਸਮਾਜ ਅਤੇ ਦੇਸ਼ ਪ੍ਰਤੀ ਚੰਗੀ ਭਾਵਨਾ ਆਵੇਗੀ। ਫਿਲਮ ਸੈਂਸਰ ਬੋਰਡ ਨੂੰ ਆਪਣਾ ਸਖਤ ਰੁਖ ਅਪਣਾਉਣਾ ਚਾਹੀਦਾ ਹੈ, ਤਾਂ ਜੋ ਵੀ ਫਿਲਮਾਂ ਅਸ਼ਲੀਲ ਅਤੇ ਕਾਮੁਕਤਾ ਅਤੇ ਐਸ਼ੋ-ਆਰਾਮ ਨਾਲ ਭਰਪੂਰ ਹੋਣ, ਉਹ ਸਮੁੱਚੀ ਜਨਤਾ ਵਿੱਚ ਅਸ਼ਲੀਲਤਾ, ਕਾਮੁਕਤਾ ਅਤੇ ਐਸ਼ੋ-ਆਰਾਮ ਦੀ ਭਾਵਨਾ ਨੂੰ ਪ੍ਰਫੁੱਲਤ ਨਾ ਕਰਨ ਅਤੇ ਇਸ ਨਾਲ ਸਿਨੇਮਾ ਨੂੰ ਇੱਕ ਵਰਦਾਨ ਸਾਬਤ ਕਰਨਾ ਚਾਹੀਦਾ ਹੈ।

***

## 'ਜੁਗਨੀ' ਦਾ ਕੱਚ- ਸੱਚ

ਵਲੋਂ ਗਾਈ ਜੁਗਨੀ ਲੋਕਾਂ ਵਲੋਂ ਅਜੇ ਵੀ ਪਸੰਦ ਕੀਤੀ ਜਾਂਦੀ ਹੈ। ਜੁਗਨੀ ਨੂੰ ਗਾਇਕ ਬਲਾਲ ਸਈਦ, ਆਲਮ ਲੁਹਾਰ, ਗੁਰਮੀਤ ਬਾਵਾ, ਰੱਬੀ ਸ਼ੇਰਗਿਲ, ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ, ਲਹਿੰਬਰ ਹਸਨਪੁਰੀ, ਬੱਬੂ ਮਾਨ, ਆਰਿਫ਼ ਲੋਹਾਰ, ਕੋਨਿਕਾ ਕਪੂਰ, ਜੈਜੀ ਬੀ, ਸਲੀਮ ਜਾਵੇਦ, ਆਜ਼ਾਦ ਗਰੁੱਪ ਯੂ ਕੇ ਨੇ ਵੀ ਗਾਇਆ ਹੈ ਅਤੇ ਇਹਨਾਂ ਸਾਰੇ ਗਾਇਕਾਂ ਨੇ ਆਪੋ ਆਪਣੇ ਅੰਦਾਜ ਵਿੱਚ ਜੁਗਨੀ ਗਾਈ ਹੈ, ਜੋ ਕਿ ਸਰੋਤਿਆਂ ਵੱਲੋਂ ਕਾਫੀ ਪਸੰਦ ਕੀਤੀ ਗਈ ਹੈ। ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਨੇ ਵੀ 'ਪੈਰਿਸ ਦੀ ਜੁਗਨੀ' ਗੀਤ ਗਾਇਆ ਹੈ, ਜਿਸ ਵਿੱਚ ਉਹਨਾਂ ਨੇ ਜੁਗਨੀ ਨੂੰ ਨਵੇਂ ਅੰਦਾਜ ਵਿੱਚ ਪੇਸ਼ ਕੀਤਾ ਹੈ।

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਗਾਇਕ ਤੇ ਗਾਇਕਾਵਾਂ ਜੁਗਨੀ ਦਾ ਗਾਇਨ ਕਰ ਚੁੱਕੇ ਹਨ ਅਤੇ ਅੱਜ ਵੀ ਵੱਡੀ ਗਿਣਤੀ ਪੰਜਾਬੀ ਗਾਇਕ ਜੁਗਨੀ ਦਾ ਗਾਇਨ ਕਰਕੇ ਲੋਕਾਂ ਵਿੱਚ ਹਰਮਨ ਪਿਆਰੇ ਹੋਣ ਦਾ ਯਤਨ ਕਰ ਰਹੇ ਹਨ। ਪੰਜਾਬ 'ਚ ਹੁਣ ਜੁਗਨੀ ਇੱਕ ਲੋਕ ਗੀਤ ਬਣ ਗਈ ਹੈ। ਲੋਕ ਗੀਤ ਇਕ ਮੂੰਹ ਤੋਂ ਦੂਜੇ ਮੂੰਹ ਤਕ ਮੌਖਿਕ ਰੂਪ ਵਿੱਚ ਪਹੁੰਚਦੇ ਹਨ ਅਤੇ ਇਹਨਾਂ ਲੋਕ ਗੀਤਾਂ ਦਾ ਰਚੇਤਾ ਕੋਈ ਇੱਕ ਵਿਅਕਤੀ ਨਹੀਂ ਸਗੋਂ ਪੂਰਾ ਸਮਾਜ ਹੀ ਹੁੰਦਾ ਹੈ ਅਤੇ ਲੋਕ ਗੀਤਾਂ ਦੀ ਕਦੇ ਮੌਤ ਨਹੀਂ ਹੁੰਦੀ, ਲੋਕ ਗੀਤ ਤਾਂ ਹਮੇਸ਼ਾ ਅਮਰ ਹੁੰਦੇ ਹਨ।

ਜੁਗਨੀ ਦੇ ਕੁਝ ਛੰਦ

* ਜੁਗਨੀ ਜਾ ਵੜੀ ਬਾਜ਼ਾਰ,
ਅੱਗੇ ਤਾਂਗਾ, ਪਿੱਛੇ ਕਾਰ,
ਜੁਗਨੀ ਫਸਗੀ ਅੱਧ ਵਿਚਕਾਰ
* ਜੁਗਨੀ ਜਾ ਵੜੀ ਜਲੰਧਰ,
* ਜੁਗਨੀ ਜਾ ਵੜੀ ਸਾਊਥ ਹਾਲ
ਉਥੇ ਵੇਖਦੀ ਪੰਜਾਬੀਆਂ ਦਾ ਹਾਲ
* ਜੁਗਨੀ ਜਾ ਵੜੀ ਬ੍ਰਮਿੰਘਮ,
ਸੋਹੋ ਰੋਡ ਤੇ ਖਾਂਧੀ ਚਿੰਗਮ
* ਜੁਗਨੀ ਜਾ ਵੜੀ ਮਜੀਠੇ,
ਕੋਈ ਰੰਨ ਨਾ ਚੱਕੀ ਪੀਠੇ,
ਪੁੱਤ ਗਭਰੂ ਮੁਲਕ ਵਿੱਚ ਮਾਰੇ,
ਰੋਵਣ ਅੱਖੀਆਂ ਪਰ ਬੁੱਲ ਸੀ ਸੀਤੇ,
ਵੀਰ ਮੇਰਿਆ ਉਏ ਜੁਗਨੀ ਆਈ ਆ,
ਇਹ ਕਿਹੜੀ ਜੋਤ ਜਗਾਈ ਆ.

***

## ਅਮਰੀਕੀ ਹਿੰਦੂਆਂ 'ਚ ਹਿੰਦੂਤਵੀ

ਅਤੇ ਦਲਿਤਾਂ ਦਾ ਸਹਿਯੋਗ ਕਰਦੇ ਹਨ, 'ਤੇ ਵੇਸਵਾ ਹੋਣ ਅਤੇ ਹਿੰਦੂ ਲੜਕੀਆਂ ਦੇ ਬਲਾਤਕਾਰ ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਹਰਿਤਾ ਈਸ਼ਵਾਰਾ ਦਾ ਕਹਿਣਾ ਹੈ ਕਿ ਜਦੋਂ ਕਿ ਪਿਛਲੀਆਂ ਪੀੜ੍ਹੀਆਂ ਦੇ ਲੋਕ ਹਿੰਦੂਤਵਵਾਦੀ ਨਫ਼ਰਤ ਵਾਲੇ ਸੰਦੇਸ਼ਾਂ ਪ੍ਰਤੀ ਸੰਵੇਦਨਸ਼ੀਲ ਹੋ ਸਕਦੇ ਹਨ, 21ਵੀਂ ਸਦੀ ਵਿੱਚ ਵੱਡੀਆਂ ਹੋ ਰਹੀਆਂ ਨੌਜਵਾਨ ਪੀੜ੍ਹੀਆਂ ਲਈ, ਉਨ੍ਹਾਂ ਨੂੰ ਵੱਖਰੇ ਢੰਗ ਨਾਲ ਗਲਤ ਜਾਣਕਾਰੀ ਦੇਕੇ ਗੁਮਰਾਹ ਕੀਤਾ ਜਾਂਦਾ ਹੈ। ਚਲਾਕੀ ਨਾਲ ਇਸਤੇਮਾਲ ਕੀਤੇ ਜਾਣ ਵਾਲੇ ਸ਼ਬਦਾਂ ਅਤੇ ਗ੍ਰਾਫਿਕ ਡਿਜ਼ਾਈਨ ਵਾਲੀਆਂ ਇੰਨਸਟਾਗਰਾਮ ਪੋਸਟ ਨਵੀਂ ਪੀੜ੍ਹੀ ਲਈ ਸੰਦੇਸ਼ ਹੁੰਦੇ ਹਨ। ਰੰਗੀਨ ਬੈਕਗਰਾਊਂਡ 'ਤੇ ਚਿਪਕਾਈਆਂ ਗਈਆਂ ਤਸਵੀਰਾਂ ਅਤੇ ਟੈਕਸਟ ਅਜਿਹੀਆਂ ਗੱਲਾਂ ਕਹਿੰਦੇ ਹਨ ਕਿ ਹਿੰਦੂ ਕਸ਼ਮੀਰ ਦੇ ਮੂਲ ਲੋਕ ਹਨ ਜਾਂ ਪਾਕਿਸਤਾਨ ਦੁਆਰਾ 1971 ਦੇ ਬੰਗਲਾਦੇਸ਼ੀਆਂ ਦੀ ਨਸਲਕੁਸ਼ੀ ਨੂੰ ਹਿੰਦੂ ਨਸਲਕੁਸ਼ੀ ਵਜੋਂ ਦਰਸਾਉਂਦੇ ਹਨ, ਜੋ ਕਿ ਗਲਤ ਹੈ।

ਪ੍ਰੋ. ਮਿਸ਼ਰਾ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ 'ਹਿੰਦੂਫੋਬੀਆ' ਸ਼ਬਦ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ। ਇਹ ਦਾਅਵਾ ਕਿ ਹਿੰਦੂ ਰਾਸ਼ਟਰਵਾਦ 'ਤੇ ਕੋਈ ਹਮਲਾ ਜਾਂ ਭਾਰਤ ਵਿੱਚ ਮੁਸਲਮਾਨਾਂ ਨਾਲ ਕੀਤੇ ਗਏ ਮਾੜੇ ਸਲੂਕ ਦੀ ਕੋਈ ਕੋਸ਼ਿਸ਼ ਦਾ ਸਮਰਥਨ ... ਹਿੰਦੂ ਧਰਮ 'ਤੇ ਹਮਲਾ ਹੈ। ਇਹੀ ਹਿੰਦੂ ਫੋਬੀਆ ਹੈ।

ਵ੍ਹਾਈਟ ਹਾਊਸ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਦੇ ਸਵਾਲ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਹਵਾ ਵਿੱਚ ਉਡਾਉਂਦੇ ਹੋਏ ਕਿਹਾ ਸੀ ਕਿ ਲੋਕਤੰਤਰ ਭਾਰਤ ਦੇ ਡੀਐਨਏ ਵਿੱਚ ਹੈ। ਪਰ ਇਹ ਵੀ ਸੱਚ ਹੈ ਕਿ ਅਮਰੀਕਾ ਦੀ ਆਪਣੀ ਸੰਸਥਾ ਫਰੀਡਮ ਹਾਊਸ ਨੇ ਹਾਲ ਹੀ ਵਿੱਚ ਭਾਰਤ ਨੂੰ ਸੁਤੰਤਰ ਜਮਹੂਰੀਅਤ ਦੀ ਸ਼੍ਰੇਣੀ ਵਿੱਚੋਂ ਕੱਢ ਕੇ ਅੰਸ਼ਿਕ ਤੌਰ 'ਤੇ ਆਜ਼ਾਦ ਜਮਹੂਰੀਅਤ ਵਾਲੇ ਮੁਲਕਾਂ ਦੀ ਸ਼੍ਰੇਣੀ ਵਿੱਚ ਪਾ ਦਿੱਤਾ ਸੀ। ਇਸ ਦੇ ਨਾਲ ਹੀ ਅਮਰੀਕਾ ਦੇ ਧਾਰਮਿਕ ਸੁਤੰਤਰਤਾ ਕਮਿਸ਼ਨ ਨੇ ਇਕ ਵਾਰ ਫਿਰ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਸੀ। ਉਨ੍ਹਾਂ ਨੇ ਲਗਾਤਾਰ ਚੌਥੀ ਵਾਰ ਅਜਿਹਾ ਕੀਤਾ। ਕਮਿਸ਼ਨ ਨੇ ਕਿਹਾ ਹੈ ਕਿ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਹਾਲਤ ਠੀਕ ਨਹੀਂ ਹੈ। ਦੂਜੇ ਪਾਸੇ ਧਰਮ, ਜਾਤ, ਨਸਲ ਆਦਿ ਦੇ ਆਧਾਰ 'ਤੇ ਕੀਤੇ ਜਾਂਦੇ ਸਮੂਹਿਕ ਕਤਲਾਂ ਜਾਂ ਨਸਲਕੁਸ਼ੀ ਦਾ ਅਧਿਐਨ ਕਰਨ ਵਾਲੀ ਸੰਸਥਾ ਜੈਨੋਸਾਈਡ ਵਾਚ ਦੇ ਸੰਸਥਾਪਕ ਪ੍ਰੋ. ਗ੍ਰੈਗਰੀ ਐਚ. ਸਟੈਂਟਨ ਨੇ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਹੈ ਜਿੱਥੇ ਨਸਲਕੁਸ਼ੀ ਹੋ ਸਕਦੀ ਹੈ। ਪਿਛਲੇ ਸਾਲ ਜਾਰੀ ਕੀਤੀ ਚਿਤਾਵਨੀ ਵਿੱਚ ਉਨ੍ਹਾਂ ਕਿਹਾ ਕਿ ਭਾਰਤ ਮੁਸਲਿਮ ਭਾਈਚਾਰੇ ਦੇ ਅਤਿਆਚਾਰਾਂ ਨਾਲ ਨਸਲਕੁਸ਼ੀ ਦੇ ਅੱਠਵੇਂ ਪੜਾਅ 'ਤੇ ਪਹੁੰਚ ਗਿਆ ਹੈ। ਉਸ ਨੇ ਇਸ ਸਬੰਧ ਵਿਚ ਕੁੱਲ ਦਸ ਕਦਮ ਰੱਖੇ ਹਨ। ਉਸ ਨੇ ਰਵਾਂਡਾ ਵਿੱਚ ਨਸਲਕੁਸ਼ੀ ਬਾਰੇ ਪਹਿਲਾਂ ਹੀ ਚੇਤਾਵਨੀ ਜਾਰੀ ਕੀਤੀ ਸੀ।

***

## ਮੂਨ ਦੀ ਅੱਖ

ਮੌਤ ਦੀ ਖ਼ਬਰ ਉਸੇ ਵੇਲੇ ਹੈਡਕੁਆਰਟਰ ਨੂੰ ਦੇ ਦਿੱਤੀ ਗਈ।

ਹੁਣ ਉਹ ਸਮਝਦੇ ਨੇ ਇਹ ਗੁਨਾਹ ਮੈਂ ਕੀਤਾ ਏ। ਮੈਨੂੰ ਪ੍ਰਵਾਹ ਨਹੀਂ ਕਿ ਉਹ ਮੈਨੂੰ ਸਜ਼ਾ ਦੇਣਗੇ ਕਿ ਬਰੀ ਕਰ ਦੇਣਗੇ। ਪਰ ਇੱਕ ਗੱਲ ਤੋਂ ਮੈਂ ਜਿਉਂਦੇ ਜੀਅ ਕਦੇ ਮੁਕਤ ਨਹੀਂ ਹੋਣਾ। ਆਪਣੇ ਧੁਰ ਅੰਦਰਲੇ ਗੁਨਾਹ ਦੇ ਅਹਿਸਾਸ ਤੋਂ। ਉਹ ਇਹ ਕਿ ਉਸ ਰਾਤ ਮੈਂ ਉਸ ਕੋਲ ਕਿਉਂ ਨਾ ਪਿਆ। ਜੇ ਇਉਂ ਕਰਦਾ ਤਾਂ ਸ਼ਾਇਦ ਉਹ ਬਚ ਜਾਂਦੀ।

***

## ਡੇਰਾ ਸਨਅਤ ਦੀ ਸੁਪਰ ਮੰਡੀ

ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਅਸੀਂ ਆਪਣੀਆਂ ਅੱਖਾਂ ਸਾਹਮਣੇ ਜੋ ਕੁਝ ਹੁੰਦਾ ਤੱਕ ਰਹੇ ਹਾਂ, ਉਹ ਇਸ ਧਾਰਮਿਕਤਾ ਦੀ ਮੌਤ ਹੈ। ਇਸ ਤਰ੍ਹਾਂ ਦੀ ਧਾਰਮਿਕਤਾ ਦੀ ਬਜਾਇ ਅਸੀਂ ਆਪਣੇ ਆਲੇ ਦੁਆਲੇ ਆਡੰਬਰ, ਪੁਜਾਰੀਪੁਣੇ ਅਤੇ ਇਸ ਨਾਲ ਜੁੜੀ ਸਮਾਜਿਕ ਰੂੜੀਵਾਦੀ, ਫਿਰਕੂ/ਵੰਡਪਾਊ ਸਿਆਸਤ ਵਲੋਂ ਸਪਾਂਸਰ ਕੀਤੇ ਗਏ ਆਪੂੰ ਬਣੇ ਸਾਧੂ ਅਤੇ ਫੈਂਸੀ ਮਸ਼ਕਾਂ ਕਰਵਾ ਕੇ ਝਟਪਟ ਨਿਰਵਾਣ ਕਰਾਉਣ ਦਾ ਵਾਅਦਾ ਕਰਨ ਵਾਲੀ ਨਵ-ਉਦਾਰਵਾਦੀ ਅਧਿਆਤਮ ਦੀ ਸਨਅਤ ਦਾ ਪਸਾਰਾ ਤੱਕਦੇ ਹਾਂ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com